30-MAY-PAGE-1.qxd 5/29/2025 10:51 PM Page 1

ਸ਼ੁੱਕਰਵਾਰ, 30 ਮਈ, 2025
17 ਜੇਠ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 359

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 30 MAY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਸੈਨਾ ਮੁਖੀ ਦਾ ਸਾਧ ਨੂੰ ਮਕਬੂਜ਼ਾ ਕਸ਼ਮੀਰ ਭੇਟ ਕਰਨ ਦਾ ਵਾਅਦਾ!



**ਨਵੀਂ ਦਿੱਲੀ :** ਭਾਰਤੀ ਥਲ ਸੈਨਾ ਦੇ ਮੁਖੀ ਜਨਰਲ ਉਪੇਂਦਰ ਦਿਵੇਦੀ ਤੇ ਉਨ੍ਹਾ ਦੀ ਪਤਨੀ ਸੁਨੀਤਾ ਦਿਵੇਦੀ ਨੇ ਬੁੱਧਵਾਰ ਪਦਮ ਵਿਭੂਸ਼ਣ ਜਗਦਗੁਰੂ ਸਵਾਮੀ ਰਾਮਭੱਦਰਾਚਾਰੀਆ ਤੋਂ ਚਿੱਤਰਕੂਟ 'ਚ ਉਨ੍ਹਾ ਦੇ ਆਸ਼ਰਮ ਪਹੁੰਚ ਕੇ ਅਸ਼ੀਰਵਾਦ ਲਿਆ। ਰਾਮਭੱਦਰਾਚਾਰੀਆ ਨੇ ਬਾਅਦ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, 'ਬਹੁਤ ਚੰਗੀ ਮੁਲਾਕਾਤ ਹੋਈ। ਉਨ੍ਹਾ ਮੇਰੇ ਤੋਂ ਉਸੇ ਮੰਤਰ ਦੀ ਦੀਕਸ਼ਾ ਲਈ, ਜਿਸ ਮੰਤਰ ਨੂੰ ਸੀਤਾ ਜੀ ਨੇ ਹਨੂੰਮਾਨ ਜੀ ਨੂੰ ਲੰਕਾ 'ਤੇ ਜਿੱਤ ਲਈ ਦਿੱਤਾ ਸੀ। ਮੈਂ ਗੁਰੂ ਦਕਸ਼ਿਣਾ ਵਿੱਚ ਪੀ ਓ ਕੇ (ਮਕਬੂਜ਼ਾ ਕਸ਼ਮੀਰ) ਮੰਗਿਆ ਤਾਂ ਉਪੇਂਦਰ ਨੇ ਕਿਹਾ ਕਿ ਯਕੀਨਨ ਤੁਹਾਨੂੰ ਤੁਹਾਡੀ ਗੁਰੂ ਦਕਸ਼ਿਣਾ ਮਿਲੇਗੀ।'

ਜਦੋਂ ਇੱਕ ਰਿਪੋਰਟਰ ਨੇ ਪੁੱਛਿਆ ਕਿ ਪਾਕਿਸਤਾਨ ਨੂੰ ਕੀ ਸੰਦੇਸ਼ ਦੇਣਾ ਚਾਹੋਗੇ ਤਾਂ ਜਗਦਗੁਰੂ ਨੇ ਕਿਹਾ, 'ਪਾਕਿਸਤਾਨ ਨੂੰ ਕੀ ਸੰਦੇਸ਼ ਦੇਣਾ। ਕੁੱਤੇ ਦੀ ਪੂਛ ਕਦੇ ਸਿੱਧੀ ਹੋ ਸਕਦੀ ਹੈ ਕੀ? ਜੇ ਪਾਕਿਸਤਾਨ ਨੇ ਦੁਬਾਰਾ ਹਮਲਾ ਕੀਤਾ ਤਾਂ ਹਸ਼ਰ ਬੁਰਾ ਹੋਵੇਗਾ। ਉਹ ਦੁਨੀਆ ਦੇ ਨਕਸ਼ੇ ਤੋਂ ਹੀ ਸਾਫ ਹੋ ਜਾਵੇਗਾ।' ਰਾਮਭੱਦਰਾਚਾਰੀਆ ਦਾ ਅਸਲੀ ਨਾਂਅ ਗਿਰਧਰ ਮਿਸ਼ਰਾ ਹੈ। ਉਹ ਰਾਮਾਨੰਦ ਸੰਪਰਦਾਇ ਦੇ ਚਾਰ ਜਗਦਗੁਰੂਆਂ ਵਿੱਚੋਂ ਇੱਕ ਹਨ ਤੇ ਇਸ ਅਹੁਦੇ 'ਤੇ 1988 ਤੋਂ ਬਿਰਾਜਮਾਨ ਹਨ। ਉਨ੍ਹਾ ਦੀ ਦੋ ਮਹੀਨਿਆਂ ਦੀ ਉਮਰ ਵਿੱਚ ਅੱਖਾਂ ਦੀ ਰੌਸ਼ਨੀ ਚਲੇ ਗਈ ਸੀ।

## ਮੋਦੀ ਖੁਦ ਨੂੰ ਸਾਰੀਆਂ ਦਾ ਪਤੀ ਸਮਝ ਰਹੇ : ਮਮਤਾ

**ਕੋਲਕਾਤਾ :** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੰਜ ਗੱਲਾਂ ਕਰ ਰਹੇ ਹਨ, ਜਿਵੇਂ ਹਰ ਮਹਿਲਾ ਦੇ ਪਤੀ ਹੋਣ। ਉਹ ਆਪਣੀ ਪਤਨੀ ਨੂੰ ਸਿੰਧੂਰ ਕਿਉਂ ਨਹੀਂ ਦਿੰਦੇ? ਹਾਲਾਂਕਿ ਉਹ ਗੱਲ ਨਹੀਂ ਕਰਨੀ ਚਾਹੁੰਦੀ ਸੀ, ਪਰ ਪ੍ਰਧਾਨ ਮੰਤਰੀ ਨੇ ਮਜਬੂਰ ਕੀਤਾ। ਉਨ੍ਹਾ ਕਿਹਾ, 'ਸਿੰਧੂਰ ਦਾ ਸੰਬੰਧ ਮਹਿਲਾ ਨਾਲ ਹੈ। ਸਿੰਧੂਰ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਮਹਿਲਾਵਾਂ ਇਸ ਨੂੰ ਆਪਣੇ ਪਤੀ ਲਈ ਲਾਉਂਦੀਆਂ ਹਨ। ਅਪ੍ਰੇਸ਼ਨ ਸਿੰਧੂਰ ਨੂੰ ਲੈ ਕੇ ਕੋਈ ਟਿੱਪਣੀ ਨਹੀਂ ਕਰਨੀ ਚਾਹੁੰਦੀ। ਹਰ ਮਹਿਲਾ ਦਾ ਸਨਮਾਨ ਹੁੰਦਾ ਹੈ।' ਭਾਜਪਾ 9 ਜੂਨ, ਜਿਸ ਦਿਨ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਤੀਜੀ ਵਾਰ ਸਹੁੰ ਚੁੱਕੀ ਸੀ, ਤੋਂ 'ਅਪ੍ਰੇਸ਼ਨ ਸਿੰਧੂਰ' ਦੀ ਸਫਲਤਾ ਨੂੰ ਘਰ-ਘਰ ਪਹੁੰਚਾਉਣਾ ਚਾਹੁੰਦੀ ਹੈ। ਇਸ ਦੌਰਾਨ ਮਹਿਲਾਵਾਂ ਨੂੰ ਸਿੰਧੂਰ ਵੀ ਵੰਡਿਆ ਜਾਵੇਗਾ।

## ਅਮਰਨਾਥ ਯਾਤਰਾ ਲਈ 42 ਹਜ਼ਾਰ ਜਵਾਨ ਤਾਇਨਾਤ ਕੀਤੇ ਜਾਣਗੇ

**ਨਵੀਂ ਦਿੱਲੀ :** ਕੇਂਦਰ ਸਰਕਾਰ ਨੇ ਜੰਮੂ ਤੇ ਕਸ਼ਮੀਰ ਵਿੱਚ ਸਾਲਾਨਾ ਅਮਰਨਾਥ ਯਾਤਰਾ ਲਈ ਕੇਂਦਰੀ ਹਥਿਆਰਬੰਦ ਪੁਲਸ ਬਲਾਂ ਦੀਆਂ 580 ਕੰਪਨੀਆਂ ਦੀ ਤਾਇਨਾਤੀ ਦਾ ਹੁਕਮ ਦਿੱਤਾ ਹੈ, ਜਿਨ੍ਹਾਂ ਵਿੱਚ ਲਗਭਗ 42,000 ਜ਼ਮੀਨੀ ਜਵਾਨ ਸ਼ਾਮਲ ਹਨ। ਇਸ ਫੈਸਲੇ ਤਹਿਤ ਜਿਥੇ 424 ਕੰਪਨੀਆਂ ਨੂੰ ਕੇਂਦਰ ਸ਼ਾਸਤ ਪ੍ਰਦੇਸ਼ (ਯੂ ਟੀ) ਜੰਮੂ-ਕਸ਼ਮੀਰ ਭੇਜਿਆ ਜਾ ਰਿਹਾ ਹੈ, ਉਥੇ ਬਾਕੀ ਕੰਪਨੀਆਂ ਪਹਿਲਾਂ ਹੀ ਜੰਮੂ-ਕਸ਼ਮੀਰ ਵਿੱਚ ਤਾਇਨਾਤ ਹਨ। ਇਨ੍ਹਾਂ ਪਹਿਲਾਂ ਤਾਇਨਾਤ ਕੰਪਨੀਆਂ ਵਿੱਚ ਕਰੀਬ 80 ਉਹ ਕੰਪਨੀਆਂ ਵੀ ਹਨ। ਅਧਿਕਾਰੀਆਂ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਨਿਰਦੇਸ਼ ਦਿੱਤਾ ਹੈ ਕਿ ਇਹ ਬਲ ਤੁਰੰਤ ਰਵਾਨਾ ਹੋ ਜਾਣ ਅਤੇ ਜੂਨ ਦੇ ਦੂਜੇ ਹਫਤੇ ਤੱਕ ਜੰਮੂ ਤੇ ਕਸ਼ਮੀਰ ਵਿੱਚ ਸਥਿਤੀ ਸੰਭਾਲ ਲੈਣ। ਅਮਰਨਾਥ ਯਾਤਰਾ 3 ਜੁਲਾਈ ਤੋਂ ਸ਼ੁਰੂ ਹੋਵੇਗੀ ਅਤੇ 9 ਅਗਸਤ ਨੂੰ ਸਮਾਪਤ ਹੋਵੇਗੀ। 22 ਅਪਰੈਲ ਨੂੰ ਹੋਏ ਪਹਿਲਗਾਮ ਅੱਤਵਾਦੀ ਹਮਲੇ ਤੋਂ ਪੈਦਾ ਹੋਈਆਂ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਯਾਤਰਾ ਲਈ ਸੁਰੱਖਿਆ ਤਾਇਨਾਤੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ।

## ਏ ਆਈ ਕੇ ਐੱਸ ਵੱਲੋਂ ਕਿਸਾਨਾਂ-ਮਜ਼ਦੂਰਾਂ ਨੂੰ 9 ਜੁਲਾਈ ਦੀ ਹੜਤਾਲ 'ਚ ਸ਼ਾਮਲ ਹੋਣ ਦਾ ਸੱਦਾ

### ਸਾਉਣੀ ਦੀਆਂ ਫਸਲਾਂ ਦੀ ਐੱਮ ਐੱਸ ਪੀ ਮਜ਼ਾਕ ਕਰਾਰ

**ਲੁਧਿਆਣਾ (ਐੱਮ ਐੱਸ ਭਾਟੀਆ)**

ਨਵੀਂ ਦਿੱਲੀ ਤੋਂ ਜਾਰੀ ਬਿਆਨ ਵਿੱਚ ਆਲ ਇੰਡੀਆ ਕਿਸਾਨ ਸਭਾ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਨੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 6-7 ਫੀਸਦੀ ਦੇ ਮਾਮੂਲੀ ਔਸਤ ਵਾਧੇ ਦਾ ਐਲਾਨ ਕਰਕੇ ਕਿਸਾਨਾਂ ਨਾਲ ਮਜ਼ਾਕ ਕੀਤਾ ਹੈ। ਭਾਜਪਾ ਸਰਕਾਰ ਸਵਾਮੀਨਾਥਨ ਫਾਰਮੂਲੇ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ 032+50% ਲਈ ਕਾਨੂੰਨੀ ਗਰੰਟੀ ਤੋਂ ਪਾਸਾ ਵੱਟਣਾ ਅਤੇ ਇਨਕਾਰ ਕਰਨਾ ਜਾਰੀ ਰੱਖ ਰਹੀ ਹੈ। 14 ਖਰੀਫ਼ ਫਸਲਾਂ ਲਈ ਐਲਾਨਿਆ ਐੱਮ ਐੱਸ ਪੀ ਕਿਸਾਨਾਂ ਨਾਲ ਬੇਰਹਿਮ ਮਜ਼ਾਕ ਹੈ, ਜਦੋਂ ਕਿ ਭਾਜਪਾ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ, ਇਹ ਹੁਣ ਕਾਰਪੋਰੇਟ ਮੁਨਾਫ਼ੇ ਨੂੰ ਦੁੱਗਣਾ ਕਰਨ 'ਤੇ ਕੇਂਦ੍ਰਿਤ ਹੈ, ਜਿਸ ਨਾਲ ਕਿਸਾਨ ਮੁਸੀਬਤ ਵਿੱਚ ਪੈ ਗਏ ਹਨ! ਨਤੀਜੇ ਵਜੋਂ 1,20,000 ਤੋਂ ਵੱਧ ਕਿਸਾਨ ਖੁਦਕੁਸ਼ੀਆਂ ਹੋਈਆਂ ਹਨ।

ਉਤਪਾਦਨ ਲਾਗਤ ਤੋਂ 50 ਫੀਸਦੀ ਵੱਧ ਮਾਰਜਨ ਪ੍ਰਦਾਨ ਕਰਨ ਦਾ ਸਰਕਾਰ ਦਾ ਦਾਅਵਾ ਝੂਠਾ ਅਤੇ ਬੇਬੁਨਿਆਦ ਹੈ। ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਨੇ ਲੁਕਵੇਂ ਏਜੰਡਿਆਂ ਰਾਹੀਂ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ (ਸੀ ਏ ਸੀ ਪੀ) ਨੂੰ ਬੇਮਾਅਨਾ ਬਣਾ ਦਿੱਤਾ ਹੈ। ਭਾਰਤੀ ਖੇਤੀਬਾੜੀ ਨੂੰ ਅਮਰੀਕੀ ਖੇਤੀਬਾੜੀ ਕਾਰੋਬਾਰੀ ਕਾਰਪੋਰੇਸ਼ਨਾਂ ਲਈ ਖੋਲ੍ਹਣ ਦੇ ਜ਼ਾਲਮ ਇਰਾਦਿਆਂ ਨਾਲ, ਭਾਜਪਾ ਸਰਕਾਰ ਨੇ ਸੀ ਏ ਸੀ ਪੀ ਨੂੰ ਗੈਰ-ਵਿਗਿਆਨਕ, ਝੂਠੀ ਐੱਮ ਐੱਸ ਪੀ ਦੀ ਸਿਫ਼ਾਰਸ਼ ਕਰਨ ਲਈ ਹੇਰਾਫੇਰੀ ਕੀਤੀ ਹੈ।

ਵਿਸ਼ੇਸ਼ ਤੌਰ 'ਤੇ ਸੀ ਏ ਸੀ ਪੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਅਧੀਨ ਕੰਮ ਕਰਦਾ ਹੈ, ਵਣਜ ਮੰਤਰਾਲੇ ਦੇ ਅਧੀਨ ਨਹੀਂ, ਪਰ ਜਾਣਬੁੱਝ ਕੇ ਵਿਗਿਆਨਕ ਵਿਆਪਕ ਲਾਗਤ (ਸੀ 2) ਵਿਧੀ ਨੂੰ ਦੱਬਦਾ ਹੈ। ਰਾਜ ਦੀਆਂ ਸਿਫ਼ਾਰਸ਼ਾਂ 'ਤੇ ਕੋਈ ਧਿਆਨ ਨਹੀਂ ਦਿੱਤਾ ਜਾਂਦਾ, ਜੋ ਭਾਰਤ ਦੇ ਸੰਘੀ ਚਰਿੱਤਰ ਦੀ ਉਲੰਘਣਾ ਕਰਦੀਆਂ ਹਨ ਅਤੇ ਸੰਵਿਧਾਨਕ ਸਿਧਾਂਤਾਂ ਨੂੰ ਕਮਜ਼ੋਰ ਕਰਦੀਆਂ ਹਨ। ਹੋਰ ਸਿਖਰਲੇ ਅਦਾਰਿਆਂ ਦੇ ਉਲਟ, ਭਾਜਪਾ ਸਰਕਾਰ ਨੇ ਤਰਕਸ਼ੀਲ ਖੇਤੀਬਾੜੀ ਨੀਤੀ ਨਿਰਮਾਣ ਨੂੰ ਬਰਬਾਦ ਕਰ ਦਿੱਤਾ ਹੈ।ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਇਸ ਬੇਚੈਨੀ ਨੂੰ ਖੁਦ ਦੇਖਿਆ ਜਦੋਂ ਪਿਛਲੇ ਸੀਜ਼ਨ ਵਿੱਚ ਸੋਇਆਬੀਨ ਦੀਆਂ ਕੀਮਤਾਂ ਡਿੱਗਣ ਕਾਰਨ ਐਮਰਜੈਂਸੀ ਖਰੀਦ ਘੋਸ਼ਣਾਵਾਂ ਕਰਨ ਲਈ ਮਜਬੂਰ ਹੋਣਾ ਪਿਆ। ਸੀ ਏ ਸੀ ਪੀ ਦੀਆਂ ਸਿਫ਼ਾਰਸ਼ਾਂ (ਹਵਾਲਾ: ਰਿਪੋਰਟ ਪੰਨਾ 163) ਖਾਦ ਦੀਆਂ ਕੀਮਤਾਂ ਵਿੱਚ ਭਾਰੀ ਵਾਧੇ, ਬਿਜਲੀ ਦੇ ਖਰਚਿਆਂ, ਖਾਦ ਸਬਸਿਡੀ ਕਢਵਾਉਣ, ਖੇਤੀਬਾੜੀ ਉਪਕਰਣਾਂ 'ਤੇ ਜੀ ਐੱਸ ਟੀ, ਅਤੇ ਕਿਸਾਨਾਂ ਦੇ ਕਰਜ਼ੇ ਨੂੰ ਡੂੰਘਾ ਕਰਨ ਵਾਲੇ ਅਲਾਟਮੈਂਟ ਵਿੱਚ 25,000 ਕਰੋੜ ਦੀ ਕਟੌਤੀ ਦੇ ਬਾਵਜੂਦ ਸਿਰਫ਼ 6-7% ਵਾਧਾ ਦਰਸਾਉਂਦੀਆਂ ਹਨ। ਸੀ ਏ ਸੀ ਪੀ ਦੇ ਡੇਟਾ ਹੇਰਾਫੇਰੀ ਦਾ ਪਰਦਾਫਾਸ਼ ਹੋਇਆ ਹੈ: 1. ਰਾਸ਼ਟਰੀ ਪੱਧਰ 'ਤੇ 12, 12+6, ਅਤੇ 32 ਲਾਗਤਾਂ ਨੂੰ ਪ੍ਰਕਾਸ਼ਿਤ ਕਰਦੇ ਸਮੇਂ ਇਸ ਨੇ 32-ਅਧਾਰਿਤ ਗਣਨਾਵਾਂ ਤੋਂ ਬਚਿਆ-ਇਹ ਦਰਸਾਉਂਦਾ ਹੈ ਕਿ ਐਲਾਨੇ ਗਏ ਐੱਮ ਐੱਸ ਪੀ ਲੋੜੀਂਦੇ ਪੱਧਰਾਂ ਤੋਂ 25-34% ਹੇਠਾਂ ਹਨ (ਸਾਰਣੀ ਨਾਲ ਜੁੜਿਆ ਹੋਇਆ ਹੈ)।2. ਪ੍ਰਮੁੱਖ ਉਤਪਾਦਕਾਂ (ਉਤਪਾਦਨ ਦਾ 60%+) ਲਈ ਰਾਜ-ਵਿਸ਼ੇਸ਼ ਲਾਗਤਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ :

ਝੋਨਾ: ਮਹਾਰਾਸ਼ਟਰ, ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਤੇਲੰਗਾਨਾ, ਤਾਮਿਲਨਾਡੂ, ਓਡੀਸ਼ਾ, ਕੇਰਲ, ਕਰਨਾਟਕ, ਝਾਰਖੰਡ, ਅਸਾਮ

ਕਪਾਹ/ਤੇਲ ਬੀਜ : ਮਹਾਰਾਸ਼ਟਰ, ਰਾਜਸਥਾਨ, ਕਰਨਾਟਕ (50%+ ਉਤਪਾਦਨ ਹਿੱਸਾ)

ਰਿਪੋਰਟ ਦੀਆਂ ਹੋਰ ਸਿਫ਼ਾਰਸ਼ਾਂ ਖਰੀਦ ਪ੍ਰਣਾਲੀਆਂ ਨੂੰ ਖਤਮ ਕਰਨ ਅਤੇ • ਬਾਕੀ ਸਫ਼ਾ 2 'ਤੇ

## ਮਾਨ ਦੀ ਕਿਸਾਨ ਆਗੂਆਂ ਨੂੰ ਸਿੱਧੀ ਬਹਿਸ ਦੀ ਚੁਣੌਤੀ



**ਬਠਿੰਡਾ (ਪਰਵਿੰਦਰਜੀਤ ਸਿੰਘ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਅਕਾਲੀ ਲੀਡਰਾਂ ਅਤੇ ਕਿਸਾਨ ਯੂਨੀਅਨਾਂ 'ਤੇ ਅਫਵਾਹਾਂ ਫੈਲਾ ਕੇ ਪੰਜਾਬ ਵਾਸੀਆਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਾਇਆ। ਕਿਸਾਨ ਯੂਨੀਅਨਾਂ 'ਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਅਤੇ ਯੂਨੀਅਨਾਂ ਦਾ ਵਜੂਦ ਵੱਖੋ-ਵੱਖਰਾ ਹੈ, ਕਿਉਂਕਿ ਯੂਨੀਅਨਾਂ ਦੇ ਲੀਡਰਾਂ ਨੇ ਕਿਸਾਨਾਂ ਦੇ ਹਿੱਤ ਬਚਾਉਣ ਦੇ ਨਾਂਅ 'ਤੇ ਆਪਣੀਆਂ ਦੁਕਾਨਾਂ ਖੋਲ੍ਹੀਆਂ ਹੋਈਆਂ ਹਨ। ਉਨ੍ਹਾ ਕਿਹਾ ਕਿ ਕਿਸਾਨ ਯੂਨੀਅਨ ਦੇ ਲੀਡਰ ਗੈਰ-ਕਾਨੂੰਨੀ ਢੰਗ ਨਾਲ ਸਰਮਾਇਆ ਇਕੱਠਾ ਕਰਕੇ ਵੱਡੀਆਂ ਜਾਇਦਾਦ ਦੇ ਮਾਲਕ ਬਣੇ ਹੋਏ ਹਨ ਅਤੇ ਇੱਥੋਂ ਤੱਕ ਕਿ ਇਨ੍ਹਾਂ ਦੀ ਸੂਬੇ ਦੇ ਕਈ ਹੋਟਲਾਂ ਤੇ ਹਸਪਤਾਲਾਂ ਵਿੱਚ ਵੀ ਹਿੱਸਾ-ਪੱਤੀ ਹੈ। ਮਾਨ ਨੇ ਕਿਸਾਨਾਂ ਯੂਨੀਅਨਾਂ ਨੂੰ ਖੇਤੀ ਸੰਕਟ ਨਾਲ ਜੁੜੇ ਮਸਲਿਆਂ 'ਤੇ ਉਨ੍ਹਾ ਨਾਲ ਲਾਈਵ ਬਹਿਸ ਕਰਨ ਦੀ ਚੁਣੌਤੀ ਦਿੱਤੀ।ਮੁੱਖ ਮੰਤਰੀ ਨੇ ਬੀ ਬੀ ਐੱਮ ਬੀ ਅਤੇ ਹਰਿਆਣਾ ਨਾਲ ਪਾਣੀਆਂ ਦੇ ਮੁੱਦੇ 'ਤੇ ਕਿਸਾਨ ਯੂਨੀਅਨਾਂ ਵੱਲੋਂ ਚੁੱਪ ਸਾਧਣ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਨ੍ਹਾਂ ਦੇ ਕਿਸੇ ਵੀ ਲੀਡਰ ਨੇ ਇਕ ਬਿਆਨ ਤੱਕ ਵੀ ਜਾਰੀ ਨਹੀਂ ਕੀਤਾ। ਉਨ੍ਹਾ ਕਿਹਾ ਕਿ ਕਿਸਾਨ ਯੂਨੀਅਨਾਂ ਬੇਤੁਕੇ ਮਸਲਿਆਂ 'ਤੇ ਸੜਕਾਂ ਅਤੇ ਰੇ ਲਾਂ • ਬਾਕੀ ਸਫ਼ਾ 2 'ਤੇ

## ਨਿਤਿਨ ਕੋਹਲੀ 'ਆਪ' 'ਚ ਸ਼ਾਮਲ ਹੁੰਦਿਆਂ ਹੀ ਹਲਕਾ ਇੰਚਾਰਜ ਬਣੇ



**ਜਲੰਧਰ :** ਸ਼ਹਿਰ ਦੇ ਪ੍ਰਸਿੱਧ ਉਦਯੋਗਪਤੀ ਨਿਤਿਨ ਕੋਹਲੀ ਵੀਰਵਾਰ 'ਆਪ' ਦੇ ਸੀਨੀਅਰ ਨੇਤਾ ਮਨੀਸ਼ ਸਿਸੋਦੀਆ ਤੇ ਪੰਜਾਬ ਪ੍ਰਧਾਨ ਅਮਨ ਅਰੋੜਾ ਦੀ ਮੌਜੂਦਗੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਤੋਂ ਬਾਅਦ ਉਨ੍ਹਾ ਨੂੰ ਵਿਧਾਇਕ ਰਮਨ ਅਰੋੜਾ ਦੀ ਥਾਂ ਜਲੰਧਰ ਕੇਂਦਰੀ ਅਸੈਂਬਲੀ ਹਲਕੇ ਦਾ ਇੰਚਾਰਜ ਐਲਾਨ ਦਿੱਤਾ ਗਿਆ। ਰਮਨ ਅਰੋੜਾ ਨੂੰ ਪਿਛਲੇ ਹਫਤੇ ਪੰਜਾਬ ਵਿਜੀਲੈਂਸ ਬਿਊਰੋ ਨੇ ਜਲੰਧਰ ਨਗਰ ਨਿਗਮ ਦੇ ਇੱਕ ਅਧਿਕਾਰੀ ਨਾਲ ਮਿਲੀਭੁਗਤ ਕਰਕੇ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਸੀ।

## ਫਾਇਰਿੰਗ 'ਚ 'ਆਪ' ਆਗੂ ਗੰਭੀਰ ਜ਼ਖਮੀ, ਸਾਥੀ ਦੀ ਮੌਤ

**ਮੋਗਾ/ਨਿਹਾਲ ਸਿੰਘ ਵਾਲਾ (ਇਕਬਾਲ ਖਹਿਰਾ/ਲਵਲੀ ਕੁਮਾਰ)**



ਦੋ ਅਣਪਛਾਤੇ ਬਾਈਕ ਸਵਾਰਾਂ ਨੇ ਵੀਰਵਾਰ ਬਿਲਾਸਪੁਰ ਦੀ ਸਰਪੰਚੀ ਦੀ ਚੋਣ ਲੜ ਰਹੇ 'ਆਪ' ਆਗੂ ਗੁਰਮੀਤ ਸਿੰਘ ਉਰਫ ਗੀਤਾ ਤੇ ਉਸ ਦੇ ਸਾਥੀ ਅਮਨਦੀਪ ਸਿੰਘ ਅਮਨਾ 'ਤੇ ਗੋਲੀਆਂ ਚਲਾ ਕੇ ਦੋਹਾਂ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਉਹ ਉਸ ਵੇਲੇ ਪਿੰਡ ਦੇ ਬੱਸ ਅੱਡੇ 'ਤੇ ਖੜ੍ਹੇ ਸਨ। ਮੋਗਾ ਦੇ ਨਿੱਜੀ ਹਸਪਤਾਲ ਵਿੱਚ ਅਮਨਾ ਨੂੰ ਡੈੱਡ ਐਲਾਨ ਦਿੱਤਾ ਗਿਆ, ਜਦਕਿ ਗੀਤਾ ਨੂੰ ਡੀ ਐੱਮ ਸੀ ਲੁਧਿਆਣਾ ਰੈਫਰ ਕਰ ਦਿੱਤਾ ਗਿਆ। ਅਮਨਾ ਦੇ ਪਰਵਾਰ ਨੇ ਕਿਹਾ ਹੈ ਕਿ ਕਾਤਲਾਂ ਦੇ ਫੜੇ ਜਾਣ ਤੱਕ ਉਹ ਉਸ ਦਾ ਸਸਕਾਰ ਨਹੀਂ ਕਰਨਗੇ। ਦੱਸਿਆ ਜਾਂਦਾ ਹੈ ਕਿ ਚੋਣਾਂ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਤਕਰਾਰ ਚੱਲ ਰਹੀ ਸੀ।

## ਮਸਕ ਦੀ ਟਰੰਪ ਨੂੰ ਸਤਿ ਸ੍ਰੀ ਅਕਾਲ



**ਵਾਸ਼ਿੰਗਟਨ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵਿੱਚ ਸਰਕਾਰੀ ਕੁਸ਼ਲਤਾ ਵਿਭਾਗ (ਡੀ ਓ ਜੀ ਈ) ਦੇ ਸਲਾਹਕਾਰ ਵਜੋਂ ਕੰਮ ਕਰ ਰਹੇ ਐਲਨ ਮਸਕ ਨੇ ਸੰਘੀ ਖਰਚਿਆਂ ਵਿੱਚ ਕਟੌਤੀ ਤੇ ਨੌਕਰਸ਼ਾਹੀ 'ਚ ਸੁਧਾਰ ਦੀਆਂ ਕੋਸ਼ਿਸ਼ਾਂ ਮਗਰੋਂ ਅਹੁਦਾ ਛੱਡ ਦਿੱਤਾ ਹੈ। ਐਲਨ ਮਸਕ ਨੇ ਬੁੱਧਵਾਰ ਸ਼ਾਮ ਸੋਸ਼ਲ ਮੀਡੀਆ ਮੰਚ 'ਐੱਕਸ' ਉੱਤੇ ਆਪਣੇ ਅਸਤੀਫੇ ਬਾਰੇ ਜਾਣਕਾਰੀ ਸਾਂਝੀ ਕੀਤੀ। ਦੁਨੀਆ ਦੇ ਸਭ ਤੋਂ ਅਮੀਰ ਬੰਦੇ ਮਸਕ ਨੇ ਹਾਲ ਹੀ ਵਿੱਚ ਇਸ਼ਾਰਾ ਕੀਤਾ ਸੀ ਕਿ ਉਹ ਆਪਣੀ ਕੰਪਨੀ ਟੈਸਲਾ ਤੇ ਸਪੇਸ ਐੱਕਸ ਦੇ ਕਾਰੋਬਾਰ ਵੱਲ ਧਿਆਨ ਦੇਣਗੇ। ਮਸਕ ਨੇ 'ਐੱਕਸ' 'ਤੇ ਲਿਖਿਆ, 'ਵਿਸ਼ੇਸ਼ ਸਰਕਾਰੀ ਕਰਮਚਾਰੀ ਵਜੋਂ ਮੇਰਾ ਨਿਰਧਾਰਤ ਸਮਾਂ ਪੂਰਾ ਹੋ ਰਿਹਾ ਹੈ। ਮੈਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਧੰਨਵਾਦ ਦੇਣਾ ਚਾਹੁੰਦਾ ਹਾਂ ਕਿ ਉਨ੍ਹਾ ਮੈਨੂੰ ਫਜ਼ੂਲਖਰਚੀ ਘਟਾਉਣ ਦਾ ਮੌਕਾ ਦਿੱਤਾ। ਡੀ ਓ ਜੀ ਈ ਮਿਸ਼ਨ ਸਮੇਂ ਦੇ ਨਾਲ ਹੋਰ ਮਜ਼ਬੂਤ ਹੋਵੇਗਾ, ਕਿਉਂਕਿ ਇਹ ਜੀਵਨ ਦਾ ਇਕ ਤਰੀਕਾ ਬਣ ਜਾਵੇਗਾ।'

ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿਚ ਟਰੰਪ ਦੀ ਜਿੱਤ ਮਗਰੋਂ ਮਸਕ ਨੂੰ 2025 ਵਿੱਚ ਨਵੇਂ ਬਣੇ ਸਰਕਾਰੀ ਕੁਸ਼ਲਤਾ ਵਿਭਾਗ (ਡੀ ਓ ਜੀ ਈ) ਦੀ ਅਗਵਾਈ ਸੌਂਪੀ ਗਈ ਸੀ। ਇਸ ਵਿਭਾਗ ਦਾ ਮੁੱਖ ਟੀਚਾ ਸਰਕਾਰੀ ਖਰਚ ਵਿੱਚ ਕਟੌਤੀ ਤੇ ਕੁਸ਼ਲਤਾ ਵਧਾਉਣਾ ਸੀ। ਮਸਕ ਨੇ ਸਰਕਾਰੀ ਖਰਚ ਵਿਚ ਵੱਡੀ ਕਟੌਤੀ ਦਾ ਟੀਚਾ ਰੱਖਿਆ ਸੀ, ਪਰ ਉਨ੍ਹਾ ਨੂੰ ਆਸ ਮੁਤਾਬਕ ਸਫਲਤਾ ਨਹੀਂ ਮਿਲੀ ਤੇ ਕਈ ਵਾਰ ਪ੍ਰਸ਼ਾਸਨ ਦੇ ਹੋਰਨਾਂ ਮੈਂਬਰਾਂ ਨਾਲ ਵਖਰੇਵੇਂ ਵੀ ਹੋਏ।

ਮਸਕ ਨੇ ਆਪਣੇ ਅਸਤੀਫੇ ਦਾ ਐਲਾਨ 'ਸੀ ਬੀ ਐੱਸ' ਵੱਲੋਂ ਉਨ੍ਹਾ ਨਾਲ ਇੱਕ ਇੰਟਰਵਿਊ ਦਾ ਅੰਸ਼ ਜਾਰੀ ਕੀਤੇ ਜਾਣ ਤੋਂ ਬਾਅਦ ਕੀਤਾ। ਇੰਟਰਵਿਊ ਦੌਰਾਨ ਮਸਕ ਨੇ ਟਰੰਪ ਦੇ ਵਿਧਾਨਕ ਏਜੰਡੇ ਦੀ ਨੁਕਤਾਚੀਨੀ ਕਰਦੇ ਹੋਏ ਕਿਹਾ ਸੀ ਕਿ ਉਹ ਰਾਸ਼ਟਰਪਤੀ ਦੇ ਇਸ 'ਬਿੱਲ' ਤੋਂ ਨਿਰਾਸ਼ ਹਨ। ਮਸਕ ਨੇ ਇਸ ਬਿੱਲ ਨੂੰ 'ਵਧੇਰੇ ਖਰਚੀਲਾ' ਦੱਸਿਆ ਸੀ, ਜੋ ਸੰਘੀ ਘਾਟੇ ਨੂੰ ਵਧਾਉਂਦਾ ਹੈ ਤੇ ਉਨ੍ਹਾ ਦੇ ਵਿਭਾਗ ਦੇ ਕੰਮ ਨੂੰ ਕਮਜ਼ੋਰ ਕਰਦਾ ਹੈ।

## ਟਰੰਪ ਦੇ ਟੈਕਸ ਹੁਕਮਾਂ 'ਤੇ ਅਦਾਲਤੀ ਰੋਕ

**ਵਾਸ਼ਿੰਗਟਨ :** ਅਮਰੀਕਾ ਦੀ ਇੱਕ ਸੰਘੀ ਅਦਾਲਤ ਨੇ ਐਮਰਜੈਂਸੀ ਪਾਵਰ ਐਕਟ ਅਧੀਨ ਦਰਮਾਦ 'ਤੇ ਭਾਰੀ ਟੈਕਸ ਲਗਾਉਣ ਸੰਬੰਧੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੁਕਮਾਂ 'ਤੇ ਬੁੱਧਵਾਰ ਰੋਕ ਲਾ ਦਿੱਤੀ। ਇਸ ਨਾਲ ਟਰੰਪ ਦੀਆਂ ਉਨ੍ਹਾਂ ਆਰਥਕ ਨੀਤੀਆਂ 'ਤੇ ਸਵਾਲ ਖੜ੍ਹੇ ਹੋ ਗਏ ਹਨ, ਜਿਨ੍ਹਾਂ ਆਲਮੀ ਵਿੱਤੀ ਮਾਰਕੀਟਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਹ ਨੀਤੀਆਂ ਵਪਾਰਕ ਭਾਈਚਾਰੇ ਲਈ ਨਿਰਾਸ਼ਾਜਨਕ ਸਾਬਤ ਹੋਈਆਂ ਹਨ ਅਤੇ ਇਸ ਨਾਲ ਮਹਿੰਗਾਈ ਵਧਣ ਤੇ ਅਰਥ ਵਿਵਸਥਾ ਵਿੱਚ ਮੰਦੀ ਆਉਣ ਦੇ ਭਾਰੀ ਖ਼ਦਸ਼ੇ ਪੈਦਾ ਹੋ ਗਏ ਹਨ।

ਨਿਊ ਯਾਰਕ ਵਿੱਚ ਸਥਿਤ ਅਮਰੀਕੀ ਅੰਤਰਰਾਸ਼ਟਰੀ ਵਪਾਰ ਅਦਾਲਤ ਦੀ ਤਿੰਨ ਜੱਜਾਂ ਦੀ ਬੈਂਚ ਨੇ ਇਹ ਫੈਸਲਾ ਦਿੱਤਾ ਹੈ। ਇਸ ਤੋਂ ਪਹਿਲਾਂ ਇਸ ਸੰਬੰਧ ਵਿੱਚ ਦਾਇਰ ਕੀਤੇ ਕਈ ਕੇਸਾਂ 'ਚ ਇਹ ਦਲੀਲ ਦਿੱਤੀ ਗਈ ਸੀ ਕਿ ਟਰੰਪ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦੇ ਹੋਏ ਆਪਣੀ ਮਰਜ਼ੀ ਨਾਲ ਦੇਸ਼ ਦੀ ਵਪਾਰ ਨੀਤੀ ਤੈਅ ਕਰ ਰਹੇ ਹਨ। ਉਧਰ, ਟਰੰਪ ਨੇ ਕਈ ਵਾਰ ਕਿਹਾ ਕਿ ਟੈਕਸ ਲਗਾਉਣ ਨਾਲ • ਬਾਕੀ ਸਫ਼ਾ 2 'ਤੇ

## ਅੱਜ-ਨਾਮਾ


ਫਿਰ ਤੋਂ ਪਾਕਿ ਦੇ ਮੁਖੀ ਇਹ ਚੁੱਪ ਤੋੜੀ,
ਲੜਨਾ ਛੱਡ ਦੇਈਏ, ਕਰੀਏ ਗੱਲ ਬੇਲੀ।
ਮਸਲੇ ਜੰਗਾਂ ਦੇ ਨਾਲ ਨਹੀਂ ਸਿਰੇ ਚੜ੍ਹਦੇ,
ਨਿਕਲਦੇ ਅੰਤ ਨੂੰ ਗੱਲ ਨਾਲ ਹੱਲ ਬੇਲੀ।
ਪਹਿਲੀ ਵਾਰ ਨਾ ਉਨ੍ਹਾਂ ਇਹ ਗੱਲ ਕੀਤੀ,
ਖੜਕਾਏ ਦੇਰ ਦੇ ਨਾਲ ਇਹ ਟੱਲ ਬੇਲੀ।
ਪਹਿਲ ਕਰਤੀ ਪਰ ਭੇਜਣੋਂ ਹਟਣ ਨਾਹੀਂ,
ਕਾਤਲ ਟੋਲੇ ਉਹ ਭਾਰਤ ਦੇ ਵੱਲ ਬੇਲੀ।
ਗੱਲ ਤਾਂ ਗੋਲੀ ਦੇ ਨਾਲ ਨਾ ਚੱਲ ਸਕਦੀ,
ਹਟਣਾ ਪਊ ਬੱਸ ਖੇਡਣ ਤੋਂ ਦਾਅ ਬੇਲੀ।
ਵਰਨਾ ਭਾਰਤ ਵੀ ਗੱਲ ਨੂੰ ਮੰਨਣਾ ਨਹੀਂ,
ਚੜ੍ਹਿਆ ਜਿਵੇਂ ਦਾ ਲੋਕਾਂ ਨੂੰ ਤਾਅ ਬੇਲੀ।

-ਤੀਸ ਮਾਰ ਖਾਂ

## ਸਰਕਾਰ ਉਪ ਰਾਸ਼ਟਰਪਤੀ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਲਵੇ : ਕਾਂਗਰਸ

**ਨਵੀਂ ਦਿੱਲੀ :** ਕਾਂਗਰਸ ਨੇ ਵੀਰਵਾਰ ਕਿਹਾ ਕਿ ਮੋਦੀ ਸਰਕਾਰ ਉਪ ਰਾਸ਼ਟਰਪਤੀ ਜਗਦੀਪ ਧਨਖੜ ਵੱਲੋਂ ਦੇਸ਼ ਦੇ ਆਰਥਕ ਵਿਕਾਸ ਵਿੱਚ ਕਿਸਾਨਾਂ ਦੀ ਵਧੇਰੇ ਸ਼ਮੂਲੀਅਤ ਯਕੀਨੀ ਬਣਾਉਣ ਦੇ ਦਿੱਤੇ ਗਏ ਸੱਦੇ ਨੂੰ ਨਜ਼ਰਅੰਦਾਜ਼ ਕਰਨ ਦੀ ਥਾਂ ਗੰਭੀਰਤਾ ਨਾਲ ਲਵੇ। ਪਾਰਟੀ ਨੇ ਕਿਹਾ ਸਰਕਾਰ ਨੂੰ ਨਾਅਰਿਆਂ ਅਤੇ ਫਿਲਮੀ ਸੰਵਾਦਾਂ ਦੇ ਨਾਟਕਾਂ ਰਾਹੀਂ ਸ਼ਾਸਨ ਦਾ ਅਭਿਆਸ ਕਰਨ ਦੀ ਬਜਾਏ ਗੰਭੀਰ ਮੁੱਦਿਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਜਦੋਂ ਧਨਖੜ ਕਿਸਾਨਾਂ ਦੀਆਂ ਚਿੰਤਾਵਾਂ ਤੇ ਮੁੱਦੇ ਉਠਾਉਂਦੇ ਹਨ ਤਾਂ ਉਨ੍ਹਾ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਰਮੇਸ਼ ਦੀ ਇਹ ਟਿੱਪਣੀ ਧਨਖੜ ਦੇ ਇਸ ਬਿਆਨ ਤੋਂ ਬਾਅਦ ਆਈ ਹੈ ਕਿ ਵਿਕਸਤ • ਬਾਕੀ ਸਫ਼ਾ 2 'ਤੇ




CMYK

30-MAY-PAGE-1.qxd 5/29/2025 10:51 PM Page 2



## ਸ਼ੇਰਪੁਰ ਬੇਟ ਸਕੂਲ ਦੇ ਵਿਦਿਆਰਥੀ ਮੈਰੀਟੋਰੀਅਸ ਦਾਖਲਾ ਪ੍ਰੀਖਿਆ 'ਚ ਛਾਏ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਰਕਾਰੀ ਹਾਈ ਸਕੂਲ ਸ਼ੇਰਪੁਰ ਬੇਟ ਦੇ ਵਿਦਿਆਰਥੀਆਂ ਨੇ ਸੈਸ਼ਨ 2025-26 ਦੀ ਮੈਰੀਟੋਰੀਅਸ ਦਾਖਲਾ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਤਹਿਤ 6 ਵਿਦਿਆਰਥੀਆਂ ਨੇ ਪ੍ਰੀਖਿਆ ਪਾਸ ਕਰ ਸੰਸਥਾ, ਅਧਿਆਪਕਾਂ ਦਾ ਮਾਣ ਵਧਾਇਆ ਹੈ। ਸਕੂਲ ਮੁਖੀ ਅਵਤਾਰ ਸਿੰਘ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਪਰਮਿੰਦਰ ਕੌਰ, ਗੁਰਲੀਨ ਕੌਰ, ਹਰਮਨਪ੍ਰੀਤ ਕੌਰ, ਖੁਸ਼ਪ੍ਰੀਤ ਕੌਰ, ਫਤਹਿ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਮੈਰੀਟੋਰੀਅਸ ਪ੍ਰੀਖਿਆ ਦੀ ਮੈਰਿਟ ਵਿੱਚ ਆਪਣੀ ਜਗ੍ਹਾ ਬਣਾਈ। ਇਸ ਮੌਕੇ ਸਮਸ਼ੇਰ ਸਿੰਘ, ਜਤਿੰਦਰ ਚੋਪੜਾ, ਹਰਿੰਦਰਪਾਲ ਸਿੰਘ, ਨੀਲਮ ਰਾਣੀ, ਮਨੀ ਭੱਟ, ਰੁਪਿੰਦਰ ਕੌਰ, ਸਿਮਰਨਜੀਤ ਕੌਰ ਤੇ ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਤੇ ਮੁਬਾਰਕਬਾਦ ਦਿੱਤੀ।

## ਸਿਰਜਣਾ ਤੇ ਸੰਵਾਦ ਸਾਹਿਤ ਸਭਾ ਵੱਲੋਂ ਸਾਹਿਤਕ ਵਰਕਸ਼ਾਪ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਦੇ ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਸਿਰਜਣਾ ਤੇ ਸੰਵਾਦ ਸਾਹਿਤ ਸਭਾ ਮੋਗਾ ਵੱਲੋਂ ਇਕ ਵਿਸ਼ੇਸ਼ ਸਾਹਿਤਕ ਵਰਕਸ਼ਾਪ ਕਰਵਾਈ ਗਈ, ਜਿਸ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਲਿਖਣੀ ਪ੍ਰਤੀ ਰੁਝਾਨ ਪੈਦਾ ਕਰਨਾ ਤੇ ਪੰਜਾਬੀ ਮਾਂ ਬੋਲੀ ਨਾਲ ਜੁੜਾਅ ਵਧਾਉਣਾ ਸੀ।ਇਸ ਵਰਕਸ਼ਾਪ ਵਿੱਚ ਅੱਠਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਲਗਭਗ 155 ਵਿਦਿਆਰਥੀਆਂ ਨੇ ਭਾਗ ਲਿਆ।ਉਨ੍ਹਾਂ ਨੂੰ ਕਵਿਤਾ ਲਿਖਣ, ਤੁੱਕਬੰਦੀ, ਖੁੱਲ੍ਹੀ ਕਵਿਤਾ, ਕਹਾਣੀ ਤੇ ਲੇਖ ਲਿਖਣ ਦੇ ਤਰੀਕਿਆਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ।ਸਭਾ ਦੇ ਪ੍ਰਧਾਨ ਡਾ. ਸਰਬਜੀਤ ਕੌਰ ਬਰਾੜ ਨੇ ਲਿਖਣੀ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਨਵੀਆਂ ਕਲਮਾਂ ਨੂੰ ਸਾਹਿਤ, ਪੁਸਤਕਾਂ ਤੇ ਮਾਂ ਬੋਲੀ ਨਾਲ ਜੋੜਨਾ ਹੀ ਸਭਾ ਦਾ ਮੁੱਖ ਮਨੋਰਥ ਹੈ।ਉਨ੍ਹਾਂ ਕਿਹਾ ਕਿ ਭਾਵੇਂ ਕਿੰਨੀਆਂ ਵੀ ਭਾਸ਼ਾਵਾਂ ਸਿੱਖੀਏ, ਪਰ ਆਪਣੀ ਮਾਂ ਬੋਲੀ ਨੂੰ ਕਦੇ ਵੀ ਨਾ ਵਿਸਾਰੀਏ।ਸਭਾ ਦੇ ਜਨਰਲ ਸਕੱਤਰ ਗੁਰਬਿੰਦਰ ਕੌਰ ਗਿੱਲ ਨੇ ਕਵਿਤਾ ਤੇ ਸ਼ੇਅਰੋ-ਸ਼ਾਇਰੀ ਨੂੰ ਆਸਾਨ ਅਤੇ ਰੁਚਿਕਰ ਢੰਗ ਨਾਲ ਲਿਖਣ ਦੇ ਤਰੀਕੇ ਬੱਚਿਆਂ ਨੂੰ ਸਮਝਾਏ।ਮੰਚ ਸੰਚਾਲਨ ਦੀ ਭੂਮਿਕਾ ਹਰਜਿੰਦਰਪਾਲ ਸਿੰਘ ਨੇ ਨਿਭਾਈ। ਇਸ ਮੌਕੇ ਸਿੱਖਿਆ ਵਿਭਾਗ ਦੇ ਕਈ ਵਿਅਕਤੀਆਂ ਤੇ ਸਾਹਿਤਕ ਰੁਚੀ ਰੱਖਣ ਵਾਲੇ ਅਧਿਕਾਰੀਆਂ ਨੇ ਵੀ ਆਪਣੀ ਹਾਜ਼ਰੀ ਲਗਵਾਈ।ਕੈਪਟਨ ਜਸਵੰਤ ਸਿੰਘ ਪੰਡੋਰੀ ਨੇ ਸਭਾ ਦੇ ਕੰਮਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸਭਾ ਵੱਲੋਂ ਸਮਾਜਿਕ ਬੁਰਾਈਆਂ ਵਿਰੁੱਧ ਵੱਖ-ਵੱਖ ਕੈਂਪ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਵਿਦਿਆਰਥੀਆਂ ਵੱਲੋਂ ਸਵੈ-ਰਚਿਤ ਰਚਨਾਵਾਂ ਵੀ ਪੇਸ਼ ਕੀਤੀਆਂ ਗਈਆਂ।ਸਕੂਲ ਦੇ ਪ੍ਰਿੰਸੀਪਲ ਗੁਰਦੇਵ ਸਿੰਘ ਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਬੱਚਿਆਂ ਨੂੰ ਸਮਝਾਇਆ ਕਿ ਕਿਤਾਬਾਂ ਤੇ ਸਾਹਿਤ ਹੀ ਉਹ ਸਾਧਨ ਹਨ, ਜੋ ਮਨ ਨੂੰ ਵਿਕਾਰਾਂ ਤੋਂ ਹਟਾ ਕੇ ਚੰਗੀ ਦਿਸ਼ਾ ਵੱਲ ਲੈ ਜਾਂਦੇ ਹਨ।ਅੰਤ ਵਿਚ ਡਾ. ਸਰਬਜੀਤ ਕੌਰ ਬਰਾੜ ਨੂੰ ਪ੍ਰਿੰਸੀਪਲ ਗੁਰਦੇਵ ਸਿੰਘ ਵੱਲੋਂ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਗੁਰਦੀਪ ਕੌਰ, ਮੁਕੇਸ਼ ਅਰੋੜਾ, ਬਲਰਾਜ ਸਿੰਘ, ਸਤਨਾਮ ਸਿੰਘ ਬੋਗੇਵਾਲਾ, ਹਰਦਿਆਲ ਸਿੰਘ ਤੇ ਹਰਪ੍ਰੀਤ ਸ਼ਾਇਰ ਹਾਜ਼ਰ ਰਹੇ।

## ਤਰਸੇਮ ਗੋਇਲ ਬਣੇ ਅਗਰਵਾਲ ਸਭਾ ਦੇ ਪ੍ਰਧਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਅਗਰਵਾਲ ਸਭਾ ਦੀ ਮੀਟਿੰਗ ਸਥਾਨਕ ਸਿਟੀ ਹੋਟਲ ਪੈਲੇਸ ਵਿਖੇ ਜ਼ਿਲ੍ਹਾ ਪ੍ਰਧਾਨ ਦਿਨੇਸ਼ ਸਿੰਗਲਾ ਬੌਬੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਉਚੇਚੇ ਤੌਰ 'ਤੇ ਪਵਨ ਸਿੰਗਲਾ ਸੈਕਟਰੀ ਪੰਜਾਬ ਤੇ ਸੁਰੇਸ਼ ਗੁਪਤਾ ਪ੍ਰਭਾਰੀ ਪੰਜਾਬ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਇਸ ਮੌਕੇ ਸਰਵਸੰਮਤੀ ਨਾਲ ਤਰਸੇਮ ਗੋਇਲ ਨੂੰ ਮੁਕਤਸਰ ਦੀ ਅਗਰਵਾਲ ਸਭਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ, ਜਦਕਿ ਜ਼ਿਲ੍ਹਾ ਅੱਗਰਵਾਲ ਸਭਾ ਦਾ ਵਿਸਥਾਰ ਕਰਦਿਆਂ ਐਡਵੋਕੇਟ ਕੁਲਦੀਪ ਜਿੰਦਲ ਨੂੰ ਜ਼ਿਲ੍ਹਾ ਸੈਕਟਰੀ, ਸ਼ਾਮ ਲਾਲ ਡੱਡੀ, ਪਦਮ ਸੈਨ ਤੇ ਸੰਜੀਵ ਬਾਂਸਲ ਰਿੰਪੀ ਨੂੰ ਜ਼ਿਲ੍ਹਾ ਵਾਈਸ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸੇ ਤਰ੍ਹਾਂ ਹੀ ਯੂਥ ਅਗਰਵਾਲ ਸਭਾ ਦਾ ਵਿਸਥਾਰ ਕਰਦਿਆਂ ਰਾਜਿੰਦਰ ਗਰਗ ਨੂੰ ਜ਼ਿਲ੍ਹਾ ਸੈਕਟਰੀ ਤੇ ਮਨੋਜ ਗੋਇਲ ਨੂੰ ਯੂਥ ਅੱਗਰਵਾਲ ਸਭਾ ਮਲੋਟ ਦਾ ਸੈਕਟਰੀ ਨਿਯੁਕਤ ਕੀਤਾ ਗਿਆ।ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਤਰਸੇਮ ਗੋਇਲ ਨੇ ਕਿਹਾ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਤੇ ਅਗਰਵਾਲ ਸਭਾ ਦੇ ਉਥਾਨ ਲਈ ਦਿਨ-ਰਾਤ ਇੱਕ ਕਰ ਦੇਣਗੇ।ਜ਼ਿਲ੍ਹਾ ਪ੍ਰਧਾਨ ਦਿਨੇਸ਼ ਸਿੰਗਲਾ ਬੌਬੀ ਨੇ ਸਮੂਹ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਅਗਰਵਾਲ ਸਭਾ ਵਿੱਚ ਚੱਲ ਰਹੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਮਿਲ ਕੇ ਕੰਮ ਕਰਨ।ਇਸ ਮੌਕੇ ਯੂਥ ਅਗਰਵਾਲ ਸਭਾ ਮਲੋਟ ਦੇ ਪ੍ਰਧਾਨ ਮਨੀਸ਼ ਬਾਂਸਲ ਤੋਂ ਇਲਾਵਾ ਪੱਪੂ ਸਿੰਗਲਾ, ਕੁਲਦੀਪ ਗੋਇਲ, ਬਿੰਦਰ ਗੋਇਲ, ਸਵਿਕੀ ਗਰਗ, ਭਗਵਾਨ ਦਾਸ ਬਾਂਸਲ, ਅਰੁਣ ਮਿੱਤਲ, ਹੈਪੀ ਬਾਂਸਲ, ਲੱਕੀ ਸਿੰਗਲਾ, ਮਨੋਜ ਗਰਗ, ਵਿਕਾਸ ਗੋਇਲ, ਪ੍ਰਵੀਨ ਗੋਇਲ ਆਦਿ ਮੌਜੂਦ ਸਨ।

## ਜਵਾਹਰ ਨਵੋਦਿਆ ਲਈ ਚੁਣੇ ਵਿਦਿਆਰਥੀਆਂ ਦਾ ਸਨਮਾਨ



**ਕੋਟ ਈਸੇ ਖਾਂ (ਅਰੋੜਾ)**-ਬਲਾਕ ਧਰਮਕੋਟ-2 ਦੇ ਬੀਪੀਈਓ ਕੰਚਨ ਬਾਲਾ ਨੇ ਦੱਸਿਆ ਕਿ ਬੀਤੇ ਵਿੱਦਿਅਕ ਸਾਲ ਦੌਰਾਨ ਪੰਜਵੀਂ ਜਮਾਤ ਦੀ ਬੋਰਡ ਦੀ ਪ੍ਰੀਖਿਆ ਵਿੱਚ ਪਹਿਲੇ ਸਥਾਨਾਂ ਉੱਤੇ ਰਹਿਣ ਵਾਲੇ ਤੇ ਜਵਾਹਰ ਨਵੋਦਿਆ ਵਿਦਿਆਲਿਆ ਪ੍ਰੀਖਿਆ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਗਾਈਡ ਅਧਿਆਪਕ ਅਤੇ ਸਕੂਲ ਮੁਖੀ ਸਾਹਿਬਾਨ ਦੀ ਹਾਜ਼ਰੀ ਵਿੱਚ ਸਨਮਾਨਤ ਕੀਤਾ ਗਿਆ। ਬੀਪੀਈਓ ਕੰਚਨ ਬਾਲਾ ਨੇ ਦੱਸਿਆ ਕਿ ਸਿੱਖਿਆ ਵਿਭਾਗ ਪੰਜਾਬ ਗੁਣਾਤਮਕ ਤੇ ਉੱਚ ਪੱਧਰੀ ਮੁਫ਼ਤ ਸਿੱਖਿਆ ਦੇਣ ਲਈ ਵਚਨਬੱਧ ਹੈ ਤੇ ਇਸ ਮਿਸ਼ਨ ਤਹਿਤ ਬਲਾਕ ਧਰਮਕੋਟ-2 ਆਪਣੇ ਸਿਰਤੋੜ ਯਤਨਾਂ ਰਾਹੀਂ ਭਰਪੂਰ ਨਤੀਜੇ ਪ੍ਰਾਪਤ ਕਰ ਰਿਹਾ ਹੈ। ਇਸ ਮੌਕੇ ਸੀਐੱਚਟੀ ਕਿਰਨ ਲਤਾ, ਰੁਬਿੰਦਰ ਕੌਰ ਕੜਿਆਲ, ਜਸਕੀਰਤ ਕੌਰ ਫਤਿਹਗੜ੍ਹ ਪੰਜਤੂਰ, ਸੰਜੀਵ ਕੁਮਾਰ ਫਤਿਹਗੜ੍ਹ ਕੋਰੋਟਾਨਾ, ਵੀਨਾ ਰਾਣੀ ਮੰਦਰ ਤੇ ਸਵਰਨਜੀਤ ਸਿੰਘ ਮਹਿਲ ਉੱਚੇਚੇ ਤੌਰ 'ਤੇ ਹਾਜ਼ਰ ਸਨ। ਬਲਾਕ ਦੇ ਬੀਆਰਸੀ ਗੌਰਵ ਸ਼ਰਮਾ ਤੇ ਕੁਲਦੀਪ ਸਿੰਘ ਦਾਤੇਵਾਲ ਨੇ ਦੱਸਿਆ ਕਿ ਭਵਿੱਖ ਵਿੱਚ ਵੀ ਨਤੀਜਿਆਂ ਵਿੱਚ ਮੋਹਰੀ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਦੇ ਉਪਰਾਲੇ ਜਾਰੀ ਰਹਿਣਗੇ।

## ਸੇਂਟ ਜੇਵੀਅਰਜ਼ ਸਕੂਲ ਅਤਾਲਾਂ ਨੇ ਛਬੀਲ ਲਾਈ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸੇਂਟ ਜੇਵਿਅਰਜ ਇੰਟਰਨੈਸ਼ਨਲ ਸਕੂਲ, ਅਤਾਲਾਂ ਵੱਲੋਂ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਠੰਡੇ-ਮਿੱਠੇ ਜਲ ਦੀ ਛਬੀਲ ਲਾਈ ਗਈ। ਇਸ ਮੌਕੇ ਤੇ ਵਿਦਿਆਰਥੀਆਂ, ਅਧਿਆਪਕਾਂ ਤੇ ਆਉਣ ਵਾਲੇ ਮਹਿਮਾਨਾਂ ਨੂੰ ਠੰਢਾ ਮਿੱਠਾ ਪਾਣੀ ਅਤੇ ਸ਼ਰਬਤ ਵੰਡਿਆ ਗਿਆ। ਛਬੀਲ ਦਾ ਉਦੇਸ਼ ਨਾ ਸਿਰਫ਼ ਗ਼ਰਮੀ ਵਿੱਚ ਰਾਹਤ ਮੁਹੱਈਆ ਕਰਾਉਣਾ ਸੀ, ਸਗੋਂ ਵਿਦਿਆਰਥੀਆਂ ਵਿੱਚ ਹਮਦਰਦੀ, ਸੇਵਾ ਤੇ ਏਕਤਾ ਵਰਗੇ ਮਨੁੱਖੀ ਮੁੱਲਾਂ ਦੀ ਸਿੱਖਿਆ ਦੇਣਾ ਵੀ ਸੀ। ਸਕੂਲ ਅਸੈਂਬਲੀ ਦੌਰਾਨ ਹਰਮੇਸ਼ ਕੁਮਾਰ, ਦਿਨੇਸ਼ ਮਿੱਤਲ ਤੇ ਜਵਿੰਦਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਉਨ੍ਹਾਂ ਦੀਆਂ ਅਦਮ ਸ਼ਕਤੀਮਾਨ ਕੁਰਬਾਨੀਆਂ ਤੇ ਮਨੁੱਖਤਾ ਦੀ ਭਲਾਈ ਲਈ ਕੀਤੇ ਯਤਨਾਂ ਬਾਰੇ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਸੇਵਾ ਭਾਵਨਾ ਨੂੰ ਜਗਾਉਣ ਤੇ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਵੀ ਚੰਗੇ ਕਰਮ ਅਤੇ ਚੰਗੇਰੇ ਭਵਿੱਖ ਲਈ ਪ੍ਰੇਰਿਤ ਕੀਤਾ।

## ਸਰਬਤ ਦੇ ਭਲੇ ਲਈ ਮਿੱਠੇ ਚੌਲਾਂ ਦੇ ਲੰਗਰ ਲਾਏ



**ਸ਼ੇਰਪੁਰ (ਰਵੀ ਟਿੱਬਾ)**-ਪੱਤੀ ਖਲੀਲ ਦੇ ਨਗਰ ਨਿਵਾਸੀ ਵੱਲੋਂ ਸਰਬੱਤ ਦੇ ਭਲੇ ਲਈ ਬਾਬਾ ਖਲੀਲ ਸ਼ਾਹ ਜੀ ਦੀ ਦਰਗਾਹ 'ਤੇ ਮਿੱਠੇ ਚੌਲਾਂ ਦਾ ਲੰਗਰ ਲਾਇਆ ਗਿਆ, ਜਿਸ ਵਿੱਚ ਨਗਰ ਨਿਵਾਸੀਆਂ ਵੱਲੋਂ ਵਧ-ਚੜ੍ਹ ਕੇ ਹਿੱਸਾ ਪਾਇਆ ਗਿਆ। ਬਾਬਾ ਖਲੀਲ ਸਾਹਿਬ ਜੀ ਦੇ ਮੌਲਵੀ ਸਾਹਿਬ ਨੂੰ ਬੁਲਾ ਕੇ ਖਤਮ ਦਵਾਇਆ ਗਿਆ ਤੇ ਪੱਤੀ ਖਲੀਲ ਦੇ ਨਗਰ ਨਿਵਾਸੀਆਂ ਵੱਲੋਂ ਬਾਬਾ ਖਲੀਲ ਸ਼ਾਹ ਤੋਂ ਦਬਾਅ ਮੰਗੀ। ਪੱਤੀ ਖਲੀਲ ਉੱਪਰ ਆਪਣਾ ਮਿਹਰ ਭਰਿਆ ਹੱਥ ਰੱਖਣ। ਇਹ ਲੰਗਰ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ ਦੇ 4 ਵਜੇ ਤੱਕ ਚੱਲਿਆ। ਬਾਬਾ ਖਲੀਲ ਸਾਹਿਬ ਦੀ ਦਰਗਾਹ ਚੌਲਾਂ ਦੇ ਲੰਗਰ ਸਮੇਂ ਸਾਬਕਾ ਐਮਐਲਏ ਬੀਬੀ ਹਰਚੰਦ ਕੌਰ ਵੱਲੋਂ ਵੀ ਹਾਜ਼ਰੀ ਲਵਾਈ ਗਈ। ਇਸ ਸਮੇਂ ਪੱਤੀ ਖਲੀਲ ਦੇ ਸਰਪੰਚ ਬੀਬੀ ਪਰਮਜੀਤ ਕੌਰ, ਰੌਸ਼ਨ ਖਾਂ, ਸੋਨੀ, ਤਲਵਿੰਦਰ ਸਿੰਘ, ਅਬਦੁਲ ਗਫਾਰ, ਫਾਫੀ ਖਾਂ, ਗੋਰਾ ਖਾਂ, ਕਾਇਮਦੀਨ ਬੀਬੀਆਂ, ਨਸੀਬ ਬੇਗਮ, ਸਫੀਆਂ ਬੇਗ਼ਮ, ਨਜਮਾ ਬੇਗਮ, ਸਾਈਦੋ ਬੇਗਮ, ਭੋਲੀ ਬੇਗਮ, ਆਸੀਆ ਬੇਗਮ ਆਦਿ ਹਾਜ਼ਰ ਸਨ।

# ਗੰਗਾ ਇੰਟਰਨੈਸ਼ਨਲ ਸਕੂਲ ਵਿਖੇ ਨੁੱਕੜ ਨਾਟਕ ਦਾ ਮੰਚਨ

**ਵਿਦਿਆਰਥੀਆਂ ਨੂੰ ਦਿੱਤਾ ਪਾਣੀ ਦੀ ਬੱਚਤ ਦਾ ਸੁਨੇਹਾ**



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੰਗਾ ਇੰਟਰਨੈਸ਼ਨਲ ਸਕੂਲ ਵਿੱਚ 'ਪੀਪਲਜ਼ ਆਰਟ ਪਟਿਆਲਾ' ਵੱਲੋਂ ਸਤਪਾਲ ਬੰਗਾ ਦੀ ਅਗਵਾਈ ਵਿੱਚ ਪਹੁੰਚੀ ਹੋਈ ਟੀਮ ਨੇ ਵਿਦਿਆਰਥੀਆਂ ਵਿੱਚ ਪਾਣੀ ਦੀ ਬਚਤ ਕਰਨ ਤੇ ਇਸ ਦੀ ਸਾਂਭ-ਸੰਭਾਲ ਸੰਬੰਧੀ ਇੱਕ ਨੁੱਕੜ ਨਾਟਕ ਪੇਸ਼ ਕੀਤਾ।ਨਾਟਕ ਤੋਂ ਪਹਿਲਾਂ ਉਨ੍ਹਾਂ ਨੇ ਨੌਜਵਾਨਾਂ ਵਿੱਚ ਨਸ਼ਿਆਂ ਦੀ ਵਧ ਰਹੀ ਵਰਤੋਂ ਪ੍ਰਤੀ ਜਾਗਰੂਕ ਕਰਨ ਲਈ ਕਾਮੇਡੀ ਰੰਗ ਵਿੱਚ ਰੰਗਿਆ ਇੱਕ ਭਾਵਪੂਰਣ ਗੀਤ ਪੇਸ਼ ਕੀਤਾ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਤਪਾਲ ਬੰਗਾ ਨੇ ਕਿਹਾ ਕਿ ਨਸ਼ਿਆਂ ਦੀ ਵਰਤੋਂ ਕਿਵੇਂ ਘੁਣ ਵਾਂਗ ਇਨਸਾਨ, ਉਸ ਦੇ ਪਰਿਵਾਰ ਤੇ ਸਮਾਜ ਲਈ ਘਾਤਕ ਸਾਬਿਤ ਹੋ ਰਹੀ ਹੈ।ਇਸ ਤੋਂ ਬਾਅਦ ਨੁੱਕੜ ਨਾਟਕ ਪੇਸ਼ ਕੀਤਾ ਗਿਆ, ਜਿਸ ਦਾ ਮੁੱਖ ਵਿਸ਼ਾ ਪੀਣ ਵਾਲੇ ਪਾਣੀ ਦੀ ਦੁਰਵਰਤੋਂ ਤੇ ਪਾਣੀ ਦੇ ਪੱਧਰ ਦੀ ਲਗਾਤਾਰ ਹੋ ਰਹੀ ਗਿਰਾਵਟ ਦੀ ਸਮੱਸਿਆ ਬਾਰੇ ਜਾਗਰੂਕਤਾ ਫੈਲਾਉਣਾ ਸੀ, ਜੋ ਕਿ ਬਾਖ਼ੂਬੀ ਨਿਭਾਇਆ ਗਿਆ।ਇਸ ਨਾਟਕ ਰਾਹੀਂ ਗਲੋਬਲ ਵਾਰਮਿੰਗ, ਫੈਕਟਰੀਆਂ ਵਿੱਚੋਂ ਨਿਕਲਦੇ ਗੰਦੇ ਪਾਣੀ ਦਾ ਢੰਗ ਨਾਲ ਨਿਵਾਰਨ ਨਾ ਹੋਣਾ, ਪਾਣੀ ਦੇ ਕੁਦਰਤੀ ਸਰੋਤਾਂ ਦਾ ਗੰਧਲਾ ਹੋਣਾ, ਖੇਤਾਂ ਦੀ ਸਿੰਚਾਈ ਲਈ ਨਹਿਰੀ ਪਾਣੀ ਦੀ ਘੱਟ ਵਰਤੋਂ ਆਦਿ ਗੰਭੀਰ ਸਮੱਸਿਆਵਾਂ ਨੂੰ ਬਹੁਤ ਹੀ ਰੁਚਿਕਰ ਤੇ ਸਪਸ਼ਟ ਢੰਗ ਨਾਲ ਪੇਸ਼ ਕੀਤਾ ਗਿਆ।

ਇਸ ਦੇ ਨਾਲ ਹੀ, ਟੀਮ ਨੇ ਵਿਦਿਆਰਥੀਆਂ ਨੂੰ ਮੋਬਾਇਲ ਫ਼ੋਨ ਦੀ ਵਧ ਰਹੀ ਵਰਤੋਂ ਦੇ ਨੁਕਸਾਨ ਬਾਰੇ ਵੀ ਜਾਗਰੂਕ ਕੀਤਾ।ਸਕੂਲ ਦੀ ਡਾਇਰੈਕਟਰ ਪ੍ਰਿੰਸੀਪਲ ਮੈਡਮ ਗੀਨਾ ਚੀਮਾ ਨੇ ਟੀਮ ਦੀ ਹੌਸਲਾ ਅਫ਼ਜ਼ਾਈ ਕੀਤੀ।ਉਨ੍ਹਾਂ ਨੇ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦਾ ਇਹ ਪ੍ਰੋਗਰਾਮ ਵਿਦਿਆਰਥੀਆਂ ਲਈ ਲਾਹੇਵੰਦ ਸਾਬਿਤ ਹੋਵੇਗਾ।ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਇਸ ਗੰਭੀਰ ਤੇ ਚਿੰਤਾਜਨਕ ਵਿਸ਼ੇ ਬਾਰੇ ਅੱਜ ਤੋਂ ਹੀ ਲਾਮਬੰਦ ਹੋਣ, ਪਾਣੀ ਦੀ ਘੱਟ ਤੋਂ ਘੱਟ ਵਰਤੋਂ ਕਰਨ ਤੇ ਆਪਣੇ ਪਰਵਾਰ ਤੇ ਆਸ-ਪਾਸ ਵੀ ਇਸ ਸੰਬੰਧੀ ਜਾਗਰੂਕਤਾ ਫੈਲਾਉਣ।ਉਨ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਤੇ ਹੋਰਨਾਂ ਨੂੰ ਵੀ ਇਸ ਲਈ ਪ੍ਰੇਰਿਤ ਕਰਨ ਦੀ ਸਲਾਹ ਦਿੱਤੀ, ਤਾਂ ਜੋ ਇਸ ਵਿਸ਼ਵ ਪੱਧਰੀ ਸਮੱਸਿਆ ਨੂੰ ਹੱਲ ਕਰਨ ਵਿੱਚ ਆਪਣਾ ਯੋਗਦਾਨ ਪਾ ਸਕਣ।ਇਸ ਮੌਕੇ ਸਕੂਲ ਦੇ ਵਾਈਸ-ਪ੍ਰਿੰਸੀਪਲ ਇਸ਼ਾਂਤ ਪਾਹਵਾ ਤੇ ਸਮੂਹ ਸਟਾਫ਼ ਮੈਂਬਰ ਮੌਜੂਦ ਸਨ।

# ਸਰੀਰਦਾਨੀ ਵੰਸ ਬਾਂਸਲ ਨੂੰ ਅੰਤਮ ਅਰਦਾਸ ਮੌਕੇ ਭਾਵਭਿੰਨੀ ਸ਼ਰਧਾਂਜਲੀ

**ਸਟੇਟ ਕਮੇਟੀ ਵੱਲੋਂ ਪਰਵਾਰ ਨੂੰ ਕੀਤਾ ਗਿਆ ਸਨਮਾਨਤ**



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-11 ਮਹੀਨਿਆਂ ਦੇ ਅੰਗਦਾਨੀ ਤੇ ਸਰੀਰਦਾਨੀ ਨੰਨ੍ਹੇ ਵੰਸ ਬਾਂਸਲ ਨਮਿੱਤ ਅੰਤਿਮ ਅਰਦਾਸ ਦੀ ਨਾਮ ਚਰਚਾ ਐੱਮ.ਐੱਸ.ਜੀ. ਡੇਰਾ ਸੱਚਾ ਸੌਦਾ ਤੇ ਮਾਨਵਤਾ ਭਲਾਈ ਕੇਂਦਰ ਲਹਿਰਾਗਾਗਾ ਵਿਖੇ ਹੋਈ, ਜਿਸ ਵਿੱਚ ਸਕੇ ਸੰਬੰਧੀ, ਰਿਸ਼ਤੇਦਾਰਾਂ, ਸਮਾਜ ਸੇਵੀ ਸੰਸਥਾਵਾਂ, ਸਿਆਸੀ ਪਾਰਟੀਆਂ ਦੇ ਆਗੂਆਂ ਤੇ ਬਲਾਕ ਲਹਿਰਾਗਾਗਾ, ਗੋਬਿੰਦਗੜ੍ਹ ਜੇਜੀਆ, ਸੁਨਾਮ, ਮੂਨਕ, ਧਰਮਗੜ੍ਹ, ਬਰੇਟਾ ਬਲਾਕ ਦੀ ਵੱਡੀ ਗਿਣਤੀ ਸਮੂਹ ਸਾਧ-ਸੰਗਤ ਨੇ ਸੱਚਖੰਡ ਵਾਸੀ ਵੰਸ਼ ਬਾਂਸਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ।ਸਟੇਜ ਦੀ ਕਾਰਵਾਈ ਬਲਾਕ ਪ੍ਰੇਮੀ ਸੇਵਕ ਗੁਰਪ੍ਰੀਤ ਸਿੰਘ ਇੰਸਾਂ ਨੇ ਪਵਿੱਤਰ ਨਾਅਰਾ ਲਾ ਕੇ ਨਾਮ ਚਰਚਾ ਦੀ ਕਾਰਵਾਈ ਸ਼ੁਰੂ ਕੀਤੀ।ਨਾਮ ਚਰਚਾ ਵਿੱਚ ਪੂਜਨੀਕ ਗੁਰੂ ਸੰਤ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਦੀ ਰਿਕਾਰਡਿਡ ਵੀਡੀਓ ਸੀਡੀ ਰਾਹੀਂ ਅਨਮੋਲ ਬਚਨ ਸੁਣਾਏ ਗਏ।ਨਾਮ ਚਰਚਾ ਵਿੱਚ ਹਜ਼ਾਰਾਂ ਦੀ ਤਾਦਾਦ ਸਾਧ-ਸੰਗਤ ਨੇ ਵੰਸ਼ ਬਾਂਸਲ ਨੂੰ ਨਮ ਅੱਖਾਂ ਨਾਲ ਸ਼ਰਧਾਂਜਲੀ ਦਿੱਤੀ।ਇਸ ਮੌਕੇ ਜਸ਼ ਪੇਂਟਰ ਲਹਿਰਾਗਾਗਾ ਨੇ ਵੰਸ਼ ਬਾਂਸਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਐਨੀ ਛੋਟੀ ਉਮਰ ਵਿਚ ਵੱਡੇ ਕਾਰਜ ਕਰਨੇ, ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ 5 ਬੱਚਿਆਂ ਨੂੰ ਨਵੀਂ ਜ਼ਿੰਦਗੀ ਬਖਸ਼ਣੀ ਇਹ ਵੰਸ਼ ਬਾਂਸਲ ਦੀ ਤੇ ਪਰਵਾਰ ਦੀ ਬਹੁਤ ਵੱਡੀ ਕੁਰਬਾਨੀ ਹੈ।ਇਸ ਮੌਕੇ ਮਹੇਸ਼ ਕੁਮਾਰ ਨੀਟੂ ਵਾਇਸ ਪ੍ਰਧਾਨ, 85 ਮੈਂਬਰ ਕਮੇਟੀ ਦੇ ਪਰਮਜੀਤ ਸਿੰਘ ਇੰਸਾਂ ਸਰਪੰਚ ਨੰਗਲ ਕਲਾਂ, ਰਾਮ ਕਰਨ ਇੰਸਾਂ ਭਵਾਨੀਗੜ੍ਹ, ਗੁਲਜਾਰੀ ਲਾਲ ਇੰਸਾਂ ਤੇ ਚੇਅਰਮੈਨ ਰਾਮ ਸਿੰਘ ਨੇ ਵੰਸ ਬਾਂਸਲ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਡੇਰਾ ਸੱਚਾ ਸੌਦਾ ਸਿਰਸਾ ਦਰਬਾਰ ਦੀ ਜ਼ਿੰਮੇਵਾਰ ਕਮੇਟੀ ਨੇ ਵੰਸ਼ ਬਾਂਸਲ ਦੇ ਪਰਵਾਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

# ਦੇਸ਼ ਭਗਤ ਗਲੋਬਲ ਸਕੂਲ ਨੂੰ ਮਿਲੀ ਸੀਨੀਅਰ ਸੈਕੰਡਰੀ ਸਕੂਲ ਦੀ ਮਾਨਤਾ : ਚੇਅਰਮੈਨ ਡਾ. ਜ਼ੋਰਾ ਸਿੰਘ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਦੇਸ਼ ਭਗਤ ਗਰੁੱਪ ਸ੍ਰੀ ਮੁਕਤਸਰ ਸਾਹਿਬ ਵੱਲੋਂ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਵੱਲੋਂ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਦੀ ਅਗਵਾਈ ਹੇਠ ਸ੍ਰੀ ਮੁਕਤਸਰ ਸਾਹਿਬ ਵਿਖੇ ਸੰਚਾਲਿਤ ਦੇਸ਼ ਭਗਤ ਗਲੋਬਲ ਸਕੂਲ ਨੂੰ ਸੀ ਬੀ ਐੱਸ ਈ ਬੋਰਡ ਨਵੀਂ ਦਿੱਲੀ ਵੱਲੋਂ 5 ਸਾਲ ਲਈ ਸੀਨੀਅਰ ਸੈਕੰਡਰੀ ਸਕੂਲ ਦੀ ਮਾਨਤਾ ਪ੍ਰਾਪਤ ਹੋ ਗਈ ਹੈ।ਹੁਣ ਬੱਚੇ ਇਸ ਸਕੂਲ ਵਿਖੇ ਗਿਆਰਵੀਂ ਤੇ ਬਾਰਵੀਂ ਕਲਾਸ ਵਿੱਚ ਵੀ ਦਾਖਲਾ ਲੈ ਸਕਣਗੇ।ਇਹ ਜਾਣਕਾਰੀ ਦੇਸ਼ ਭਗਤ ਗਲੋਬਲ ਸਕੂਲ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਵੱਲੋਂ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ ਗਈ। ਉਨ੍ਹਾਂ ਦੱਸਿਆ ਕਿ 2020 ਵਿੱਚ ਦੇਸ਼ ਭਗਤ ਗਲੋਬਲ ਸਕੂਲ ਨੂੰ ਰਾਇਟ ਟੂ ਐਜੂਕੇਸ਼ਨ ਐਕਟ ਦੇ ਅਧੀਨ ਪੰਜਾਬ ਸਰਕਾਰ ਵੱਲੋਂ ਰੈਕੋਗਨੀਸ਼ਨ ਪ੍ਰਾਪਤ ਹੋਈ ਸੀ, ਜਦਕਿ ਹੁਣ ਸੀ ਬੀ ਐੱਸ ਈ ਬੋਰਡ ਵੱਲੋਂ ਸੀਨੀਅਰ ਸੈਕੰਡਰੀ ਸਕੂਲ ਦੀ ਵੀ ਮਾਨਤਾ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਸੀ ਬੀ ਐੱਸ ਈ ਬੋਰਡ ਵੱਲੋਂ ਕਾਫੀ ਪੈਮਾਨੇ ਜਾਂਚਣ ਤੇ ਇੰਸਪੈਕਸ਼ਨ ਤੋਂ ਬਾਅਦ ਕਿਸੇ ਸਕੂਲ ਨੂੰ ਸੀਨੀਅਰ ਸੈਕੰਡਰੀ ਸਕੂਲ ਦੀ ਮਾਨਤਾ ਦਿੱਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਇਸ ਕਾਰਜ ਵਿੱਚ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਉਨ੍ਹਾਂ ਦੀ ਯੋਗ ਟੀਮ ਦਾ ਯੋਗਦਾਨ ਸ਼ਲਾਘਾਯੋਗ ਰਿਹਾ।ਉਧਰ, ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਦੱਸਿਆ ਕਿ ਪਿਛਲੇ ਸਾਲ ਸਕੂਲ ਨੂੰ ਦਸਵੀਂ ਕਲਾਸ ਦੀ ਮਾਨਤਾ ਪ੍ਰਾਪਤ ਹੋਈ ਸੀ, ਜਿਸ ਵਿੱਚ ਸਾਨੂੰ 4 ਸੈਕਸ਼ਨ ਪ੍ਰਾਪਤ ਹੋਏ ਸਨ, ਜਿਨ੍ਹਾਂ ਦੀ ਗਿਣਤੀ ਹੁਣ ਵਧ ਕੇ 06 ਹੋ ਗਈ ਹੈ।ਇਸ ਦੇ ਨਾਲ ਹੀ ਹੁਣ ਸਾਨੂੰ ਸੀਨੀਅਰ ਸੈਕੰਡਰੀ ਸਕੂਲ ਦੀ ਮਿਲੀ ਮਾਨਤਾ ਅਨੁਸਾਰ ਗਿਆਰਵੀਂ ਤੇ ਬਾਰਵੀਂ ਕਲਾਸ ਲਈ ਸਾਇੰਸ (ਮੈਡੀਕਲ, ਨਾਨ-ਮੈਡੀਕਲ), ਕਾਮਰਸ ਤੇ ਆਰਟਸ ਸਟਰੀਮ ਤਹਿਤ 4-4 ਸੈਕਸ਼ਨ ਪ੍ਰਾਪਤ ਹੋਏ ਹਨ, ਜਿਨ੍ਹਾਂ ਨੂੰ ਜ਼ਰੂਰਤ ਅਨੁਸਾਰ ਵਧਾਇਆ ਵੀ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਚੇਅਰਮੈਨ ਤੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਦੀ ਅਗਵਾਈ ਹੇਠ ਦੇਸ਼ ਭਗਤ ਗਲੋਬਲ ਸਕੂਲ ਪਿਛਲੇ 6 ਸਾਲਾਂ ਵਿੱਚ ਤਰੱਕੀ ਦੀਆਂ ਰਾਹਾਂ 'ਤੇ ਚਲਦਾ ਹੋਇਆ ਲੋਕਾਂ ਵਿੱਚ ਆਉਣ ਵਾਲੇ ਸਮੇਂ ਵਿੱਚ ਇੰਝ ਹੀ ਸਿੱਖਿਆ ਦਾ ਪ੍ਰਸਾਰ ਕਰਦਾ ਰਹੇਗਾ।

# ਪੀਰ ਬਾਬਾ ਬੇਦੀ ਸ਼ਾਹ ਦੇ ਸਾਲਾਨਾ ਮੇਲੇ 'ਚ ਕਾਂਸ਼ੀ ਨਾਥ ਨੇ ਦਰਸ਼ਕ ਕੀਲੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਮਾਛੀਵਾੜਾ-ਸਮਰਾਲਾ ਰੋਡ 'ਤੇ ਸਥਿਤ ਪੀਰ ਬਾਬਾ ਬੇਦੀ ਸ਼ਾਹ ਜੀ ਦਾ ਸਾਲਾਨਾ ਦੋ ਰੋਜ਼ਾ ਮੇਲਾ ਤੇ ਭੰਡਾਰਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਭਾਰੀ ਗਿਣਤੀ 'ਚ ਪੁੱਜੇ ਲੋਕਾਂ ਨੇ ਪੀਰ ਬਾਬਾ ਦੀ ਮਜ਼ਾਰ 'ਤੇ ਸਿਜਦਾ ਕੀਤਾ।

ਮੇਲੇ ਦੇ ਦੂਸਰੇ ਦਿਨ ਗਾਇਕ ਪ੍ਰਦੀਪ ਮਾਨ ਤੇ ਮਨਜੀਤ ਭੱਟੀ ਦੇ ਗੀਤਾਂ ਤੋਂ ਬਾਅਦ ਉਚੇਚੇ ਤੌਰ 'ਤੇ ਪੁੱਜੇ ਪ੍ਰਸਿੱਧ ਗਾਇਕ ਕਾਂਸ਼ੀ ਨਾਥ ਨੇ 'ਨਾਲ ਨਾਲ ਮੇਰੇ ਰਹਿੰਦਾ ਕੋਈ ਮੁੰਦਰਾਂ ਵਾਲਾ', 'ਵੇਖ ਸੂਰਤ ਗੁਰੂ ਰਵਿਦਾਸ ਦੀ, ਝਾਲਾਂ ਰਾਣੀ ਝੱਲੀ ਹੋ ਗਈ', 'ਕਿੱਥੇ ਗੁਰੂ ਰਵਿਦਾਸ ਜੀ ਦੁਆਰਾ, ਮੀਰਾਂ ਬਾਈ ਪੁੱਛਦੀ ਫਿਰੇ' ਅਤੇ 'ਵੱਢ ਦਿਓ ਰੁੱਖ ਫਿਰ ਛਾਂ ਨਹੀਂ ਲੱਭਣੀ, ਸਾਂਭ ਲਓ ਮਾਂ ਫਿਰ ਮਾਂ ਨਹੀਂ ਲੱਭਣੀ' ਆਦਿ ਗੀਤ ਗਾ ਕੇ ਦੇਰ ਰਾਤ ਜਿੱਥੇ ਦਰਸ਼ਕਾਂ ਦਾ ਮਨ ਮੋਹ ਲਿਆ, ਉੱਥੇ ਬੀਬੀਆਂ ਵੱਲੋਂ ਵੀ ਨੋਟਾਂ ਦੀ ਵਰਖਾ ਕੀਤੀ ਗਈ। ਸੰਗਤਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਤੇ ਅਤੁੱਟ ਲੰਗਰ ਵਰਤਾਏ ਗਏ। ਮੇਲੇ ਵਿੱਚ ਪੁੱਜੇ ਕਲਾਕਾਰਾਂ ਨੂੰ ਸਨਮਾਨਤ ਕਰਨ ਦੀ ਰਸਮ ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ, ਕਰਨੈਲ ਸਿੰਘ, ਪਵਨਜੀਤ ਸਿੰਘ, ਹਾਕਮ ਸਿੰਘ, ਅਮਰਜੀਤ ਸਿੰਘ, ਅਸ਼ਵਨੀ (ਸਾਰੇ ਸਹਾਇਕ ਥਾਣੇਦਾਰ), ਮੁੱਖ ਮੁਨਸ਼ੀ ਸੁਖਦੀਪ ਸਿੰਘ, ਸਹਾਇਕ ਮੁਨਸ਼ੀ ਰਾਕੇਸ਼ ਕੁਮਾਰ, ਬਲਪ੍ਰੀਤ ਸਿੰਘ, ਪਰਮਜੀਤ ਸਿੰਘ ਪੰਮੀ, ਪੁਸ਼ਪਿੰਦਰ ਸਿੰਘ, ਮਨਦੀਪ ਸਿੰਘ, ਪ੍ਰਿਤਪਾਲ ਸਿੰਘ, ਹਰਬੰਸ ਸਿੰਘ, ਰਾਜ ਕੌਰ (ਸਾਰੇ ਹੌਲਦਾਰ), ਬਾਬਾ ਗੁਰਦਾਸ, ਡਾਇਰੈਕਟਰ ਗੁਰਮੁਖ ਦੀਪ, ਰਾਜ ਕੁਮਾਰ, ਰਮਨ ਬਾਲੀ, ਜੈ ਪ੍ਰਕਾਸ਼, ਰਵੀ ਘਾਰੂ, ਚਰਨਜੀਤ ਸਿੰਘ, ਹਰਦਿਆਲ ਸਿੰਘ ਹੈਪੀ, ਗੱਗੂ ਚੌਧਰੀ, ਮਿਥੁਨ ਕੁਮਾਰ, ਕੁਲਦੀਪ ਸਿੰਘ ਥਿੰਦ, ਮਨਪ੍ਰੀਤ ਸਿੰਘ, ਪੁਸ਼ਪਿੰਦਰ ਸਿੰਘ ਆਦਿ ਮੌਜੂਦ ਸਨ।

# ਅਲਵਿਦਾ ਕਹਿ ਗਏ ਬੱਚਿਆਂ ਦੇ ਪਰਵਾਰਾਂ ਵੱਲੋਂ ਧਰਨਾ ਦੇਣ ਦੀ ਕਾਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਐਸ.ਐਸ.ਪੀ ਪਟਿਆਲਾ ਸ੍ਰੀ ਵਰੁਣ ਸ਼ਰਮਾ ਬੀਤੇ ਦਿਨ ਟਿੱਪਰ ਹਾਦਸੇ ਵਿੱਚ ਅਲਵਿਦਾ ਕਹਿ ਗਏ ਬੱਚਿਆਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ, ਜਿਨ੍ਹਾਂ ਨੇ ਅਲਵਿਦਾ ਕਹਿ ਗਏ ਬੱਚਿਆਂ ਦੇ ਪਰਵਾਰਾਂ ਨਾਲ ਦੁੱਖ ਸਾਂਝਾ ਕਰਨ ਉਪਰੰਤ ਕਿਹਾ ਕਿ ਟਿੱਪਰ ਹਾਦਸੇ ਦਾ ਸ਼ਿਕਾਰ ਹੋਏ ਬੱਚਿਆਂ ਦੇ ਨੁਕਸਾਨ ਦੀ ਭਰਪਾਈ ਦੁਨੀਆ ਦੀ ਕੋਈ ਤਾਕਤ ਨਹੀਂ ਕਰ ਸਕਦੀ, ਕਿਉਂਕਿ ਬੱਚਿਆਂ ਨਾਲ ਘਰ ਹੱਸਦਾ ਵੱਸਦਾ ਹੈ। ਕੇਸ ਸਬੰਧੀ ਪੁਲਸ ਵੱਲੋਂ ਕੀਤੀ ਜਾ ਰਹੀ ਕਾਰਵਾਈ ਬਾਬਤ ਵਿਸਥਾਰ ਵਿੱਚ ਦੱਸਦਿਆਂ ਉਨ੍ਹਾਂ ਕਿਹਾ ਕਿ ਟਿੱਪਰ ਦਾ ਡਰਾਈਵਰ ਭੁਪਿੰਦਰ ਸਿੰਘ ਹਾਦਸੇ ਵਾਲੇ ਦਿਨ ਫੜ ਲਿਆ ਗਿਆ ਸੀ, ਜਦੋਂਕਿ ਟਿੱਪਰ ਦੇ ਮਾਲਕ ਦਵਿੰਦਰ ਸਿੰਘ, ਅਨੀਕੇਤ ਸਿੰਘ ਤੇ ਰਣਧੀਰ ਸਿੰਘ ਵਿੱਚੋਂ ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਅਨੀਕੇਤ ਸਿੰਘ ਤੇ ਰਣਧੀਰ ਸਿੰਘ ਨੂੰ ਫੜਨ ਲਈ ਪੁਲਸ ਦੀਆਂ ਟੀਮਾਂ ਵੱਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਣਧੀਰ ਸਿੰਘ ਤੇ ਅਨੀਕੇਤ ਸਿੰਘ ਨੂੰ ਪਨਾਹ ਦੇਣ ਵਾਲੇ ਛੇ ਲੋਕਾਂ ਖਿਲਾਫ ਪਨਾਹ ਦੇਣ ਦਾ ਮੁਕਦਮਾ ਦਰਜ ਕੀਤਾ ਗਿਆ ਹੈ ਤੇ ਜਿਹੜੇ ਲੋਕ ਅਜੇ ਵੀ ਉਨ੍ਹਾਂ ਨੂੰ ਪਨਾਹ ਦੇ ਰਹੇ ਹਨ। ਉਨ੍ਹਾਂ ਖਿਲਾਫ਼ ਵੀ ਪਨਾਹ ਦੇਣ 'ਤੇ ਮੁਕੱਦਮਾ ਦਰਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੱਚਿਆਂ ਦਾ ਛੋਟੀ ਉਮਰ ਚਲੇ ਜਾਣਾ ਸੜਕ ਹਾਦਸਾ ਨਹੀਂ, ਸਗੋਂ ਕਤਲ ਤੋਂ ਵੀ ਵੱਡੀ ਵਾਰਦਾਤ ਹੈ। ਇਸ ਕੇਸ ਦੇ ਦੋਸ਼ੀਆਂ ਨੂੰ ਜਲਦੀ ਸਜ਼ਾ ਦਵਾਉਣ ਲਈ ਉਹ ਜਿਲਾ ਅਤੇ ਸੈਸ਼ਨ ਜੱਜ ਪਟਿਆਲਾ ਨੂੰ ਨਿਜੀ ਤੌਰ ਤੇ ਮਿਲ ਕੇ ਇਸ ਕੇਸ ਦੀ ਸੁਣਵਾਈ ਲਈ ਸਪੈਸ਼ਲ ਕੋਰਟ ਬਣਾਉਣ ਲਈ ਬੇਨਤੀ ਕਰਨਗੇ ਤਾਂ ਜੋ ਇਸ ਕੇਸ ਦੀ ਸੁਣਵਾਈ 45 ਜਾਂ 90 ਦਿਨਾਂ ਵਿੱਚ ਹੋ ਸਕੇ ਤੇ ਇਸ ਕੇਸ ਦੇ ਦੋਸ਼ੀਆਂ ਨੂੰ ਸਜ਼ਾ ਮਿਲ ਸਕੇ ਤੇ ਵੱਧ ਤੋਂ ਵੱਧ ਸਮਾਂ ਜੇਲ੍ਹ ਵਿੱਚ ਰਹਿਣ।ਇਸ ਮੌਕੇ ਬੱਚਿਆਂ ਦੇ ਮਾਪਿਆਂ ਵੱਲੋਂ ਮੁਫ਼ਤ ਕੇਸ ਲੜ ਰਹੇ ਐਡਵੋਕੇਟ ਰਿਸ਼ੀ ਚੋਪੜਾ ਨੇ ਐਸ ਐਸ ਪੀ ਸ੍ਰੀ ਵਰੁਣ ਸ਼ਰਮਾ ਤੇ ਡੀ ਐਸ ਪੀ ਸ੍ਰੀ ਗੁਰਇਕਬਾਲ ਸਿੰਘ ਸਿਕੰਦ ਨਾਲ ਵਿਚਾਰ ਵਟਾਂਦਰਾ ਕੀਤਾ। ਜ਼ਿਕਰਯੋਗ ਹੈ ਕਿ ਇਸ ਕੇਸ ਦੇ ਦੋਸ਼ੀ ਰਣਧੀਰ ਸਿੰਘ ਤੇ ਅਨੀਕੇਤ ਸਿੰਘ ਪੁਲਿਸ ਦੀ ਗ੍ਰਿਫ਼ਤ ਤੋਂ ਅਜੇ ਬਾਹਰ ਹਨ, ਜੋ ਬਾਹਰੋ-ਬਾਹਰ (ਐਂਟੀਸਪੇਟਰੀ ਬੇਲਾਂ) ਜ਼ਮਾਨਤਾਂ ਕਰਾਉਣ ਲਈ ਮਾਨਯੋਗ ਉੱਚ ਅਦਾਲਤਾਂ ਦਾ ਸਹਾਰਾ ਲੈ ਰਹੇ ਹਨ, ਜਿਨ੍ਹਾਂ ਨੂੰ ਹਾਦਸੇ ਤੋਂ ਬਾਅਦ 22 ਦਿਨਾਂ ਵਿੱਚ ਵੀ ਪੁਲਸ ਗ੍ਰਿਫਤਾਰ ਨਹੀਂ ਕਰ ਸਕੀ, ਜਿਸ ਕਰਕੇ ਅਲਵਿਦਾ ਕਹਿ ਕੇ ਬੱਚਿਆਂ ਦੇ ਪਰਵਾਰਾਂ ਨੇ 29 ਮਈ ਤੋਂ ਸਮਾਣਾ ਬੰਦ ਕਰਕੇ ਧਰਨਾ ਦੇਣ ਦੀ ਕਾਲ ਦਿੱਤੀ ਸੀ, ਜਿਸ ਨੂੰ ਇਸ ਐਸ ਪੀ ਪਟਿਆਲਾ ਦੇ ਵਿਸ਼ਵਾਸ ਦਵਾਉਣ ਤੇ ਕਿ ਦੋਸ਼ੀਆਂ ਨੂੰ ਜਲਦੀ ਫੜ ਲਿਆ ਜਾਵੇਗਾ। ਉਹ ਬੰਦ ਦੀ ਕਾਲ ਇੱਕ ਦਿਨ ਵਧਾ ਕੇ 30 ਮਈ ਤੋਂ ਕਰ ਦਿੱਤੀ ਗਈ ਹੈ। ਅਲਵਿਦਾ ਕਹਿ ਗਏ ਬੱਚਿਆਂ ਤੇ ਮਾਪਿਆਂ ਦਾ ਕਹਿਣਾ ਹੈ ਕਿ ਜੇਕਰ 29 ਮਈ ਦੀ ਸ਼ਾਮ ਤੱਕ ਦੋਸ਼ੀ ਨਹੀਂ ਫੜੇ ਜਾਂਦੇ ਤਾਂ 30 ਮਈ ਤੋਂ ਸਮਾਣਾ ਸ਼ਹਿਰ ਮੁਕੰਮਲ ਬੰਦ ਕਰਕੇ 'ਰੀਆਂ ਧਾਰਮਿਕ, ਸਮਾਜਿਕ, ਰਾਜਨੀਤਕ, ਵਪਾਰਕ ਸੰਸਥਾਵਾਂ ਦਾ ਸਹਿਯੋਗ ਲੈ ਕੇ ਧਰਨੇ 'ਤੇ ਬੈਠਣਗੇ।

## ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ 'ਚ ਸਟੂਡੈਂਟ ਕੌਂਸਲ ਦਾ ਗਠਨ



**ਹਠੂਰ (ਨਛੱਤਰ ਸੰਧੂ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੋਨਵੈਂਟ ਸਕੂਲ ਬਿਲਾਸਪੁਰ ਸਟੂਡੈਂਟ ਕੌਂਸਲ ਦਾ ਗਠਨ ਕੀਤਾ ਗਿਆ, ਜਿਸ ਵਿੱਚ ਸਾਰੀ ਹੀ ਸਟੂਡੈਂਟ ਕੌਂਸਲ ਦੇ ਵਿਦਿਆਰਥੀਆਂ ਨੇ ਬਹੁਤ ਹੀ ਅਨੁਸ਼ਾਸਨਕ ਤਰੀਕੇ ਨਾਲ ਹਿੱਸਾ ਲਿਆ।ਇਸ ਸਮਾਗਮ ਦੀ ਸ਼ੁਰੂਆਤ ਵਿੱਚ ਸਕੂਲ ਪ੍ਰਧਾਨ ਚਰਨ ਸਿੰਘ, ਸਕੂਲ ਚੇਅਰਮੈਨ ਯੋਗਿੰਦਰ ਸ਼ਰਮਾ, ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਲੈਂਪ ਜਗਾ ਕੇ ਕੀਤੀ।ਉਪਰੰਤ ਸਕੂਲ ਦਾ ਝੰਡਾ ਲਹਿਰਾਇਆ ਗਿਆ। ਇਸ ਕੌਂਸਲ ਵਿੱਚ ਵੱਖ-ਵੱਖ ਚੁਣੇ ਗਏ ਵਿਦਿਆਰਥੀਆਂ ਨੂੰ ਬੈਜ਼ ਦੇ ਕੇ ਸਨਮਾਨਤ ਕੀਤਾ ਗਿਆ।ਸਕੂਲ ਹੈੱਡ ਲੜਕਿਆਂ ਵਿੱਚੋਂ ਆਰੀਅਨ ਸ਼ਰਮਾ ਕਲਾਸ ਬਾਰਵੀਂ ਆਰਟਸ ਨੂੰ ਚੁਣਿਆ ਗਿਆ, ਲੜਕੀਆਂ ਵਿੱਚੋਂ ਹੈੱਡ 12ਵੀਂ ਕਾਮਰਸ ਦੀ ਵਿਦਿਆਰਥਣ ਨਵਨੀਤ ਕੌਰ ਨੂੰ ਚੁਣਿਆ ਗਿਆ।ਇਸ ਤੋਂ ਇਲਾਵਾ ਹਾਊਸ ਦੇ ਕੈਪਟਨ ਤੇ ਵਾਈਸ ਕੈਪਟਨ ਨੂੰ ਵੀ ਬੈਜ਼ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਬੈਂਡ ਗਰੁੱਪ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ।ਉਧਰ ਅਧਿਆਪਕਾਂ ਦੀ ਗੱਲ ਕੀਤੀ ਜਾਵੇ ਤਾਂ ਵੱਖ-ਵੱਖ ਵਿਭਾਗਾਂ ਦੇ ਮੁਖੀ ਚੁਣੇ ਗਏ ਤੇ ਵੱਖ-ਵੱਖ ਹਾਊਸ ਇੰਚਾਰਜ ਅਧਿਆਪਕਾਂ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਕਲਾਸ ਮੋਨੀਟਰਾਂ ਨੂੰ ਵੀ ਬੈਜ਼ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲ ਪ੍ਰਧਾਨ ਚਰਨ ਸਿੰਘ ਤੇ ਸਕੂਲ ਚੇਅਰਮੈਨ ਯੋਗਿੰਦਰ ਸ਼ਰਮਾ ਨੇ ਕਿਹਾ ਕਿ ਸਟੂਡੈਂਟ ਕੌਂਸਲ ਨੂੰ ਸਕੂਲ ਵਿੱਚ ਨਿਯੁਕਤ ਕਰਨ ਦਾ ਮੁੱਖ ਮਕਸਦ ਵਿਦਿਆਰਥੀਆਂ ਅੰਦਰ ਲੀਡਰਸ਼ਿਪ ਗੁਣਾਂ ਨੂੰ ਪੈਦਾ ਕਰਨਾ ਹੈ।ਉਨ੍ਹਾਂ ਵੱਲੋਂ ਸਮਾਗਮ ਦੇ ਅੰਤ ਵਿੱਚ ਸਭ ਨੂੰ ਵਧਾਈ ਦੇਣ ਦੇ ਨਾਲ ਨਾਲ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਤੇ ਸੁਚੱਜੇ ਢੰਗ ਨਾਲ ਕਰਨ ਦੀ ਗੱਲ ਕਹੀ ਗਈ।

## ਲੋੜਵੰਦ ਨੂੰ ਰੁਜ਼ਗਾਰ ਚਲਾਉਣ ਲਈ ਦਿੱਤੀ ਸਿਲਾਈ ਮਸੀਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਲੋੜਵੰਦਾਂ ਨੂੰ ਆਪਣਾ ਰੁਜ਼ਗਾਰ ਚਲਾਉਣ ਲਈ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਮੁਫ਼ਤ ਸਿਲਾਈ ਮਸ਼ੀਨ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਇੱਕ ਲੋੜਵੰਦ ਜੋ ਲੋਕਾਂ ਦੇ ਘਰਾਂ ਵਿੱਚ ਜਾ ਕੇ ਕੰਮ ਕਰਦੀ ਹੈ, ਪਰ ਹੁਣ ਸਰੀਰਕ ਮੁਸ਼ਕਲ ਕਰਕੇ ਜ਼ਿਆਦਾ ਕੰਮ ਕਰਨ ਤੋਂ ਅਸਮਰਥ ਹੈ। ਇਸ ਦੇ 4 ਛੋਟੇ ਛੋਟੇ ਬੱਚੇ ਹਨ। ਕੰਮ ਤੋਂ ਬਿਨਾਂ ਘਰ ਦਾ ਗੁਜ਼ਾਰਾ ਮੁਸ਼ਕਲ ਹੈ। ਇਸ ਲੋੜਵੰਦ ਵੱਲੋਂ ਅਪਣੇ ਪਰਵਾਰ ਨੂੰ ਪਾਲਣ ਲਈ ਅਪਣੇ ਰੋਜ਼ਗਾਰ ਵਾਸਤੇ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਰਾਹੀਂ ਡਾ. ਐਸ ਪੀ ਸਿੰਘ ਓਬਰਾਏ ਨੂੰ ਮਸ਼ੀਨ ਲਈ ਬੇਨਤੀ ਪੱਤਰ ਭੇਜਿਆ ਗਿਆ ਸੀ। ਡਾ. ਓਬਰਾਏ ਵੱਲੋਂ ਮਸ਼ੀਨ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿੱਚ ਦਿੱਤੀ ਗਈ ਹੈ ਤਾਂ ਜੁ ਇਹ ਰੁਜ਼ਗਾਰ ਸ਼ੁਰੂ ਕਰਕੇ ਆਪਣਾ ਪਰਵਾਰ ਪਾਲ ਸਕੇ। ਮਸ਼ੀਨ ਲੈਣ ਉਪਰੰਤ ਲੋੜਵੰਦ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ।

## 39 ਪੇਟੀਆਂ ਸ਼ਰਾਬ ਬਰਾਮਦ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਇੰਸਪੈਕਟਰ ਗੁਰਮੇਲ ਸਿੰਘ ਮੁੱਖ ਅਫ਼ਸਰ ਵੱਲੋਂ ਗ਼ਲਤ ਅਨਸਰਾਂ ਖਿਲਾਫ਼ ਚਲਾਈ ਗਈ ਮੁਹਿੰਮ ਤਹਿਤ 29.5.25 ਨੂੰ ਏ.ਐੱਸ.ਆਈ ਗੁਰਚਰਨ ਸਿੰਘ 443/ਮੋਗਾ ਨੇ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਮੁਖਬਰ ਖਾਸ ਦੀ ਇਤਲਾਹ 'ਤੇ ਦੋਸ਼ੀ ਰਮੇਸ਼ ਕੁਮਾਰ ਪੁੱਤਰ ਬਿਸ਼ੰਬਰ ਦਾਸ ਵਾਸੀ ਲੋਪੋ ਦੇ ਘਰ ਵਿੱਚ ਕੁੱਲ 38 ਪੇਟੀਆਂ ਸ਼ਰਾਬ ਮਾਰਕਾ ਪੰਜਾਬ ਜੁਗਨੀ ਸੌਂਫੀਆ ਤੇ 01 ਪੇਟੀ ਸ਼ਰਾਬ ਮਾਰਕਾ ਪੰਜਾਬ ਖਾਸਾ ਸੰਤਰਾ ਕੁੱਲ 39 ਪੇਟੀਆਂ ਸ਼ਰਾਬ ਠੇਕਾ ਬਰਾਮਦ ਕਰਕੇ ਮੁਕੱਦਮਾ ਨੰਬਰ 82 ਮਿਤੀ 29.5.25 ਅਪਰਾਧਕ 66/1/14/ ਐਕਸਾਇਜ ਐਕਟ ਥਾਣਾ ਬੱਧਨੀ ਕਲਾਂ ਦਰਜ ਕੀਤਾ ਗਿਆ ਹੈ, ਦੋਸ਼ੀ ਦੀ ਗ੍ਰਿਫ਼ਤਾਰੀ ਬਾਕੀ ਹੈ।

## ...ਸ.ਫ਼ਾ 1 ਦੇ ਬਾਕੀ

### ਏ ਆਈ ਕੇ ਐੱਸ ਵੱਲੋਂ ...

ਵਿਸ਼ਵਵਿਆਪੀ ਖੇਤੀਬਾੜੀ ਕਾਰੋਬਾਰ ਨੂੰ ਸਮਰਥਨ ਦੇਣ ਦੇ ਇਰਾਦਿਆਂ ਦੀ ਪੁਸ਼ਟੀ ਕਰਦੀਆਂ ਹਨ।ਇਹ ਖਾਸ ਤੌਰ 'ਤੇ ਕੇਰਲ, ਤਾਮਿਲਨਾਡੂ, ਝਾਰਖੰਡ ਅਤੇ ਪੱਛਮੀ ਬੰਗਾਲ (ਸਾਰੇ ਭਾਜਪਾ ਵਿਰੋਧੀ ਰਾਜ!) ਦੀ ਬੋਨਸ (ਝੋਨੇ ਲਈ 520-780/ਕੁਇੰਟਲ) ਪ੍ਰਦਾਨ ਕਰਨ ਲਈ ਆਲੋਚਨਾ ਕਰਦਾ ਹੈ, ਦਾਅਵਾ ਕਰਦਾ ਹੈ:

ਇਹ ਨਿੱਜੀ ਵਪਾਰ ਭਾਗੀਦਾਰੀ ਨੂੰ ਸੀਮਤ ਕਰਦਾ ਹੈ ਅਤੇ ਸੰਭਾਵੀ ਤੌਰ 'ਤੇ ਮੁਕਾਬਲੇ ਨੂੰ ਨਿਰਾਸ਼ ਕਰਦਾ ਹੈ, ਨਾਲ ਹੀ ਵਿਸ਼ਵਵਿਆਪੀ ਮੁਕਾਬਲੇਬਾਜ਼ੀ ਤੇ ਵੀ ਮਾੜਾ ਪ੍ਰਭਾਵ ਪਾਉਂਦਾ ਹੈ - ਇੱਕ ਸੰਘ ਵਿਰੋਧੀ, ਕਿਸਾਨ ਵਿਰੋਧੀ ਰੁਖ ਜੋ ਰਾਜ ਲਾਗਤ ਡੇਟਾ ਨੂੰ ਖਾਰਜ ਕਰਦਾ ਹੈ।ਅੰਤ ਵਿੱਚ, ਭਾਜਪਾ ਕਿਸਾਨਾਂ ਵਿਰੁੱਧ ਡੇਟਾ ਨਾਲ ਛੇੜਛਾੜ ਕਰਨ ਲਈ ਸੀ ਏ ਸੀ ਪੀ ਦੀ ਦੁਰਵਰਤੋਂ ਕਰਦੀ ਹੈ, ਜਿਸ ਨਾਲ ਖੇਤੀਬਾੜੀ ਆਯਾਤ-ਨਿਰਯਾਤ ਵਿੱਚ ਕਾਰਪੋਰੇਟਾਂ ਨੂੰ ਫਾਇਦਾ ਹੁੰਦਾ ਹੈ। ਵਧਦੀ ਦਰਾਮਦ ਨੇ ਪਹਿਲਾਂ ਹੀ ਅਰਹਰ, ਸੋਇਆਬੀਨ, ਦਾਲ, ਕਪਾਹ ਅਤੇ ਹੋਰ ਫਸਲਾਂ ਦੀਆਂ ਕੀਮਤਾਂ ਨੂੰ ਢਹਿ-ਢੇਰੀ ਕਰ ਦਿੱਤਾ ਹੈ।ਸਰਕਾਰ ਵੱਲੋਂ ਕਿਸਾਨ ਕ੍ਰੈਡਿਟ ਕਾਰਡ ਕਰਜ਼ੇ ਦੀ ਸੀਮਾ 3 ਲੱਖ ਤੋਂ ਵਧਾ ਕੇ ?5 ਲੱਖ ਕਰਨ ਦੇ ਐਲਾਨ ਦੇ ਬਾਵਜੂਦ, ਜ਼ਿਲ੍ਹਾ ਪੱਧਰੀ ਕ੍ਰੈਡਿਟ ਯੋਜਨਾਵਾਂ ਲਾਗੂ ਨਹੀਂ ਕੀਤੀਆਂ ਗਈਆਂ ਹਨ। ਬੈਂਕਿੰਗ ਪ੍ਰਣਾਲੀਆਂ ਕਿਸਾਨ ਵਿਰੋਧੀ ਉਪਾਅ ਜਾਰੀ ਰੱਖਦੀਆਂ ਹਨ, ਲੱਗਭੱਗ 40 ਫੀਸਦੀ ਕਿਸਾਨਾਂ ਨੂੰ ਸੰਸਥਾਗਤ ਵਿੱਤ ਤੋਂ ਬਾਹਰ ਰੱਖਦੀਆਂ ਹਨ। ਪੇਂਡੂ ਬੈਂਕਾਂ ਦਾ ਪੁਨਰਗਠਨ ਬੈਂਕਿੰਗ ਪ੍ਰਵੇਸ਼ ਨੂੰ ਹੋਰ ਘਟਾ ਦੇਵੇਗਾ ਅਤੇ ਕਿਸਾਨਾਂ ਦੀ ਕਰਜ਼ੇ ਦੀ ਪਹੁੰਚ ਨੂੰ ਕਮਜ਼ੋਰ ਕਰ ਦੇਵੇਗਾ।ਇਸ ਦੌਰਾਨ ਕਾਰਪੋਰੇਟ ਅਤੇ ਵੱਡੇ ਕਾਰੋਬਾਰ ਇਸ ਪ੍ਰਣਾਲੀ ਦਾ ਸ਼ੋਸ਼ਣ ਕਰਦੇ ਹਨ, ਖੇਤੀਬਾੜੀ ਲਈ ਦਿੱਤੇ ਗਏ ਕਰਜ਼ੇ ਨੂੰ ਮੋੜਦੇ ਹਨ।ਆਲ ਇੰਡੀਆ ਕਿਸਾਨ ਸਭਾ ਸਵਾਮੀਨਾਥਨ ਕਮਿਸ਼ਨ ਦੇ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ 32+50 ਫੀਸਦੀ ਦੀ ਆਪਣੀ ਮੰਗ ਦੀ ਪੁਸ਼ਟੀ ਕਰਦਾ ਹੈ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ : 1. ਤੁਰੰਤ ਐੱਮ ਐੱਸ ਪੀ ਨੂੰ 32+50 ਫੀਸਦੀ ਪੱਧਰ ਤੱਕ ਵਧਾਓ (ਜਿਵੇਂ ਕਿ ਹੇਠਾਂ ਦਿੱਤਾ ਗਿਆ ਹੈ); 2. ਸੰਸਦ ਦੇ ਆਉਣ ਵਾਲੇ ਮਾਨਸੂਨ ਸੈਸ਼ਨ ਵਿੱਚ ਕਾਨੂੰਨੀ ਐੱਮ ਐੱਸ ਪੀ ਗਾਰੰਟੀਆਂ ਲਾਗੂ ਕਰੋ; 3. ਅਰਥਪੂਰਨ ਰਾਜ ਭਾਗੀਦਾਰੀ ਅਤੇ ਕਿਸਾਨ ਪ੍ਰਤੀਨਿਧਤਾ ਨਾਲ ਸੀ ਏ ਸੀ ਪੀ ਦਾ ਪੁਨਰਗਠਨ ਕਰੋ! ਕਿਸਾਨਾਂ ਨੂੰ ਤਬਾਹੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ: ਘਟੀਆ ਐੱਮ ਐੱਸ ਪੀ ਅਤੇ ਨਾ-ਮੁੜਨਯੋਗ ਉਤਪਾਦਨ ਲਾਗਤਾਂ ਦੇ ਕਾਰਨ, ਖੇਤੀਬਾੜੀ ਇੱਕ ਗੈਰ-ਵਿਵਹਾਰਕ ਆਰਥਿਕ ਗਤੀਵਿਧੀ ਬਣ ਗਈ ਹੈ।ਬਚਾਅ ਲਈ ਕਿਸਾਨਾਂ ਨੂੰ ਆਪਣੀਆਂ ਜਾਇਦਾਦਾਂ ਵੇਚਣ ਲਈ ਮਜਬੂਰ ਕੀਤਾ ਗਿਆ ਹੈ।ਭਾਜਪਾ ਦੇ ਦਹਾਕੇ-ਲੰਬੇ ਸ਼ਾਸਨ ਦੌਰਾਨ, 2 ਕਰੋੜ ਤੋਂ ਵੱਧ ਕਿਸਾਨਾਂ ਨੇ ਆਪਣੀ ਖੇਤੀ ਵਾਲੀ ਜ਼ਮੀਨ ਗੁਆ ਦਿੱਤੀ ਹੈ ਅਤੇ ਖੇਤੀਬਾੜੀ ਛੱਡ ਦਿੱਤੀ ਹੈ।ਆਲ ਇੰਡੀਆ ਕਿਸਾਨ ਸਭਾ ਸਾਰੀਆਂ ਇਕਾਈਆਂ ਨੂੰ ਹਰ ਪਿੰਡ ਵਿੱਚ ਸਰਕਾਰੀ ਆਦੇਸ਼ਾਂ ਨੂੰ ਸਾੜ ਕੇ ਇਸ ਬੇਇਨਸਾਫ਼ੀ ਦਾ ਵਿਰੋਧ ਕਰਨ ਦਾ ਨਿਰਦੇਸ਼ ਦਿੰਦਾ ਹੈ।ਏ ਆਈ ਕੇ ਐੱਸ ਨੇ ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਅਤੇ ਸਹਿਯੋਗੀ ਸੰਗਠਨਾਂ ਨੂੰ ਕੇਂਦਰੀ ਟਰੇਡ ਯੂਨੀਅਨਾਂ ਦੀ ਅਗਵਾਈ ਹੇਠ 9 ਜੁਲਾਈ ਨੂੰ ਹੋਣ ਵਾਲੀ ਦੇਸ਼ ਵਿਆਪੀ ਹੜਤਾਲ ਅਤੇ ਸੱਤਿਆਗ੍ਰਹਿ ਲਈ ਲਾਮਬੰਦ ਹੋਣ ਦਾ ਸੱਦਾ ਦਿੱਤਾ ਹੈ।ਏ ਆਈ ਕੇ ਐੱਸ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸਰਕਾਰ ਦੀਆਂ ਕਾਰਪੋਰੇਟ-ਪੱਖੀ, ਕਿਸਾਨ-ਵਿਰੋਧੀ ਅਤੇ ਮਜ਼ਦੂਰ-ਵਿਰੋਧੀ ਨੀਤੀਆਂ ਵਿਰੁੱਧ ਅੰਦੋਲਨ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦੀ ਹੈ।

### ਮਾਨ ਦੀ ਕਿਸਾਨ...

ਰੋਕ ਕੇ ਸਿਰਫ ਆਪਣੀਆਂ ਦੁਕਾਨਾਂ ਚਲਾ ਰਹੀਆਂ ਹਨ, ਜਦਕਿ ਪੰਜਾਬ ਦੇ ਸੰਜੀਦਾ ਮੁੱਦਿਆਂ ਪ੍ਰਤੀ ਚੁੱਪ ਧਾਰ ਲੈਂਦੀਆਂ ਹਨ। ਉਨ੍ਹਾ ਕਿਹਾ ਕਿ ਕਿਸਾਨ ਯੂਨੀਅਨਾਂ ਸੰਘਰਸ਼ ਕਰਨ ਦੀ ਆੜ ਵਿੱਚ ਕਿਸਾਨਾਂ ਪਾਸੋਂ ਫੀਸ ਵਸੂਲਦੀਆਂ ਹਨ।ਮੁੱਖ ਮੰਤਰੀ ਨੇ ਕਿਹਾ ਕਿ ਬਾਦਲ-ਮਜੀਠੀਆ ਪਰਵਾਰ ਵਿੱਚ ਸਭ ਕੁਝ ਠੀਕ ਨਹੀਂ ਚੱਲ ਰਿਹਾ, ਕਿਉਂਕਿ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੀ ਆਪਸ ਵਿੱਚ ਬੋਲਬਾਣੀ ਵੀ ਬੰਦ ਹੈ। ਉਨ੍ਹਾ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਦੋਵਾਂ ਵੱਲੋਂ ਆਪਣੀ ਹਕੂਮਤ ਦੌਰਾਨ ਲੁੱਟ ਦੇ ਪੈਸੇ ਨਾਲ ਬਣਾਈ ਜਾਇਦਾਦ ਦੀ ਵੰਡ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ ਅਤੇ ਹੁਣ ਪਰਵਾਰਾਂ ਵਿੱਚ ਅਣਬਣ ਪੈਦਾ ਹੋ ਗਈ ਹੈ। ਮਾਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਅੱਜ ਇਸ ਦਾ ਖੁਲਾਸਾ ਕਰਨ ਤੋਂ ਬਾਅਦ ਭਾਵੇਂ ਦੋਵੇਂ ਪਰਵਾਰ ਇਕੱਠ ਹੋ ਜਾਣ, ਪਰ ਸੱਚ ਇਹ ਹੈ ਕਿ ਇਨ੍ਹਾਂ ਨੇਤਾਵਾਂ ਨੇ ਆਪਣੇ ਫਾਇਦੇ ਲਈ ਪੰਜਾਬ ਦੇ ਹਿੱਤਾਂ ਨੂੰ ਢਾਹ ਲਾਈ ਹੈ।ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਲੀਡਰ ਆਪਣੇ ਸਿਆਸੀ ਮੁਫਾਦ ਦੀ ਖਾਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵਰਤ ਰਹੇ ਹਨ। ਉਨ੍ਹਾ ਕਿਹਾ ਕਿ ਅਕਾਲੀ ਸੌੜੇ ਹਿੱਤਾਂ ਲਈ ਧਰਮ ਦੀ ਦੁਰਵਰਤੋਂ ਕਰਦੇ ਹਨ। ਇਕ ਮਿਸਾਲ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਆਪਣੇ ਸਿਆਸੀ ਹਿੱਤਾਂ ਅਨੁਸਾਰ ਅਤੇ ਲੋਕਾਂ ਨੂੰ ਮੂਰਖ ਬਣਾਉਣ ਲਈ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਹੁਣ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੂੰ ਅਕਾਲੀ ਦਲ ਵਿੱਚ ਦੁਬਾਰਾ ਸ਼ਾਮਲ ਕੀਤਾ ਜਾਵੇਗਾ ਅਤੇ ਇੱਥੋਂ ਤੱਕ ਕਿ ਫ਼ਖ਼ਰ-ਏ-ਕੌਮ ਦਾ ਖਿਤਾਬ ਵੀ ਮੁੜ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਂਅ ਕਰ ਦਿੱਤਾ ਜਾਵੇਗਾ।ਮਾਨ ਨੇ ਕਿਹਾ ਕਿ ਨਵੀਂ ਲੈਂਡ ਪੂਲਿੰਗ ਸਕੀਮ ਦਾ ਮੰਤਵ ਕਿਸਾਨਾਂ ਲਈ ਪੱਕੀ ਆਮਦਨ ਦਾ ਸਰੋਤ ਮੁਹੱਈਆ ਕਰਨਾ ਹੈ, ਕਿਉਂਕਿ ਖੇਤੀਬਾੜੀ ਹੁਣ ਲਾਹੇਵੰਦ ਧੰਦਾ ਨਹੀਂ ਰਿਹਾ।ਇੱਥੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਵੀ ਕਿਸਾਨ ਦੀ ਜ਼ਮੀਨ ਜ਼ਬਰਦਸਤੀ ਐਕੁਆਇਰ ਨਹੀਂ ਕੀਤੀ ਜਾਵੇਗੀ ਅਤੇ ਸਿਰਫ਼ ਸਹਿਮਤੀ ਦੇਣ ਵਾਲੇ ਕਿਸਾਨ ਹੀ ਇਸ ਨੀਤੀ ਅਧੀਨ ਆਪਣੀ ਜ਼ਮੀਨ ਦੇਣਗੇ। ਇਸ ਨੀਤੀ ਅਨੁਸਾਰ ਕਿਸਾਨਾਂ ਨੂੰ ਮੁਆਵਜ਼ੇ ਤੋਂ ਇਲਾਵਾ ਇਸ ਯੋਜਨਾ ਵਿੱਚ ਵਪਾਰਕ ਅਤੇ ਰਿਹਾਇਸ਼ੀ ਪਲਾਟ ਵੀ ਮਿਲਣਗੇ।ਮੁੱਖ ਮੰਤਰੀ ਨੇ ਕਿਹਾ ਕਿ ਇਸ ਲੈਂਡ ਪੂਲਿੰਗ ਸਕੀਮ ਵਿੱਚ ਬਣਾਈਆਂ ਜਾਣ ਵਾਲੀਆਂ ਯੋਜਨਾਬੱਧ ਕਲੋਨੀਆਂ ਵਿੱਚ ਵਪਾਰਕ ਜਾਇਦਾਦ ਕਿਸਾਨਾਂ ਲਈ ਪੱਕੀ ਆਮਦਨ ਦਾ ਸਾਧਨ ਹੋਵੇਗੀ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਦੀ ਨਵੀਂ ਲੈਂਡ ਪੂਲਿੰਗ ਨੀਤੀ ਦਾ ਉਦੇਸ਼ ਸੂਬੇ ਦੇ ਸਮੁੱਚੇ ਵਿਕਾਸ ਨੂੰ ਹੁਲਾਰਾ ਦੇਣਾ ਹੈ। ਉਨ੍ਹਾ ਕਿਹਾ ਕਿ ਇਹ ਯੋਜਨਾ ਸੂਬੇ ਦੇ ਸਮੁੱਚੇ ਵਿਕਾਸ ਨੂੰ ਵੱਡਾ ਹੁਲਾਰਾ ਦੇ ਕੇ ਹਰੇਕ ਆਮ ਆਦਮੀ ਨੂੰ ਲਾਭ ਪਹੁੰਚਾਏਗੀ। ਉਹਨਾ ਸਾਰਿਆਂ ਨੂੰ ਭਰੋਸਾ ਦਿੱਤਾ ਕਿ ਕਿਸੇ ਦੀ ਵੀ ਜ਼ਮੀਨ ਜ਼ਬਰਦਸਤੀ ਨਹੀਂ ਖੋਹੀ ਜਾਵੇਗੀ ਅਤੇ ਐਕੁਆਇਰ ਕੀਤੀ ਜ਼ਮੀਨ 'ਤੇ ਸਾਰਾ ਵਿਕਾਸ ਕਾਨੂੰਨੀ ਤੇ ਪਾਰਦਰਸ਼ੀ ਢੰਗ ਨਾਲ ਹੋਵੇਗਾ।

### ਸਰਕਾਰ ਉਪ...

ਭਾਰਤ ਦਾ ਮਤਲਬ ਦੇਸ਼ ਦੀ ਆਰਥਕਤਾ ਦਾ ਉੱਚਾ ਦਰਜਾ ਨਹੀਂ ਅਤੇ ਇਸ ਨੂੰ ਹਕੀਕਤ ਬਣਾਉਣ ਲਈ ਲੋਕਾਂ ਦੀ ਆਮਦਨ ਅੱਠ ਗੁਣਾ ਵਧਾਉਣ ਦੀ ਲੋੜ ਹੈ।

ਸਾਬਕਾ ਪ੍ਰਧਾਨ ਮੰਤਰੀ ਚਰਨ ਸਿੰਘ ਨੂੰ ਉਨ੍ਹਾ ਦੀ ਬਰਸੀ 'ਤੇ ਸ਼ਰਧਾਂਜਲੀ ਦੇਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਨਖੜ ਨੇ ਕਿਹਾ, 'ਅੱਜ ਜਦੋਂ ਅਸੀਂ ਵਿਕਸਤ ਭਾਰਤ ਬਾਰੇ ਗੱਲ ਕਰਦੇ ਹਾਂ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਾਡੀ ਅਰਥ ਵਿਵਸਥਾ ਦਾ ਦਰਜਾ ਕੀ ਹੈ।

ਵਿਕਸਤ ਭਾਰਤ ਨੂੰ ਪ੍ਰੀਭਾਸ਼ਤ ਕਰਨ ਅਤੇ ਇਸ ਨੂੰ ਜ਼ਮੀਨੀ ਹਕੀਕਤ ਬਣਾਉਣ ਲਈ ਹਰ ਕਿਸੇ ਦੀ ਆਮਦਨ ਨੂੰ ਅੱਠ ਗੁਣਾ ਵਧਾਉਣ ਦੀ ਲੋੜ ਹੈ।' ਉਨ੍ਹਾ ਕਿਹਾ, 'ਅਜਿਹਾ ਜ਼ਰੂਰ ਹੋਵੇਗਾ, ਪਰ ਕਿਸਾਨਾਂ ਨੂੰ ਦੂਰਦਰਸ਼ੀ ਹੋਣ ਦੀ ਲੋੜ ਹੈ। ਅੱਜ, ਸਾਡੇ ਕਿਸਾਨ ਸਿਰਫ ਪੈਦਾਵਾਰ ਤੱਕ ਸੀਮਤ ਹਨ। ਕਿਸਾਨ ਭਰਾਵਾਂ ਨੂੰ ਮੇਰੀ ਬੇਨਤੀ ਹੈ ਕਿ ਇਹ ਦੇਸ਼ ਦੇ ਸਭ ਤੋਂ ਵੱਡੇ ਵਪਾਰ ਵਿੱਚ ਆਪਣੀ ਸ਼ਮੂਲੀਅਤ ਵਧਾਉਣ ਦਾ ਸਮਾਂ ਹੈ, ਜੋ ਖੇਤੀਬਾੜੀ ਜਾਂ ਪਸ਼ੂ ਪਾਲਣ ਨਾਲ ਸੰਬੰਧਤ ਹੈ।

ਧਨਖੜ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੂਰੀ ਫੂਡ ਪ੍ਰੋਸੈਸਿੰਗ ਸਨਅਤ ਖੇਤੀ ਉਪਜ 'ਤੇ ਅਧਾਰਤ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੇ ਅਧਾਰ 'ਤੇ ਮੁੱਲ ਵਾਧੇ ਦਾ ਹਿੱਸਾ ਬਣਨ ਦੀ ਜ਼ਰੂਰਤ ਹੈ। ਧਨਖੜ ਦੀਆਂ ਟਿੱਪਣੀਆਂ ਨੂੰ ਟੈਗ ਕਰਦੇ ਹੋਏ ਰਮੇਸ਼ ਨੇ ਕਿਹਾ, 'ਵਿਕਸਤ ਭਾਰਤ ਬਾਰੇ ਮਾਣਯੋਗ ਉਪ ਰਾਸ਼ਟਰਪਤੀ ਦੇ ਸਿਆਣੇ ਸ਼ਬਦ ਬਹੁਤ ਮੌਕੇ ਦੇ ਅਤੇ ਢੁਕਵੇਂ ਹਨ। ਇਨ੍ਹਾਂ ਨੂੰ ਉਨ੍ਹਾਂ ਲੋਕਾਂ ਨੂੰ ਗੰਭੀਰਤਾ ਨਾਲ ਸੁਣਨਾ ਚਾਹੀਦਾ ਹੈ, ਜੋ ਮਹਿਜ਼ ਨਾਅਰੇਬਾਜ਼ੀ ਅਤੇ ਫਿਲਮੀ ਸੰਵਾਦਾਂ ਨੂੰ ਹੀ ਸ਼ਾਸਨ ਸਮਝੀ ਜਾਂਦੇ ਹਨ।

ਰਮੇਸ਼ ਨੇ ਕਿਹਾ, 'ਦੁੱਖ ਦੀ ਗੱਲ ਹੈ ਕਿ ਜਦੋਂ ਉਪ ਰਾਸ਼ਟਰਪਤੀ ਕਿਸਾਨਾਂ ਦੀਆਂ ਚਿੰਤਾਵਾਂ ਪ੍ਰਗਟਾਉਂਦੇ ਹਨ ਤਾਂ ਉਨ੍ਹਾ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ, ਜਦੋਂਕਿ ਕਿ ਉਹ ਖੁਦ ਇਕ ਕਿਸਾਨ ਹਨ।'

### ਟਰੰਪ ਦੇ ਟੈਕਸ ਹੁਕਮਾਂ...

ਨਿਰਮਾਤਾ ਕੰਪਨੀਆਂ ਨੂੰ ਅਮਰੀਕਾ ਵਿੱਚ ਵਾਪਸ ਲਿਆਂਦਾ ਜਾਵੇਗਾ, ਜਿਸ ਨਾਲ ਅਮਰੀਕੀ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਇਸ ਨਾਲ ਸੰਘੀ ਬਜਟ ਘਾਟਾ ਘਟਾਉਣ ਲਈ ਕਾਫੀ ਆਮਦਨ ਮਿਲੇਗੀ। ਇਸ ਮਾਮਲੇ ਦੀ ਸੁਣਵਾਈ ਤਿੰਨ ਜੱਜਾਂ ਨੇ ਕੀਤੀ। ਇਨ੍ਹਾਂ ਵਿੱਚ ਟਰੰਪ ਵੱਲੋਂ ਨਿਯੁਕਤ ਟਿਮੋਥੀ ਰੀਫ, ਸਾਬਕਾ ਰਾਸ਼ਟਰਪਤੀ ਰੋਨਾਲਡ ਰੀਗਨ ਵੱਲੋਂ ਨਿਯੁਕਤ ਜੇਨ ਰੈਸਟਾਨੀ ਅਤੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਨਿਯੁਕਤ ਗੈਰੀ ਕੈਟਜ਼ਮੈਨ ਸ਼ਾਮਲ ਸਨ। ਅਦਾਲਤ ਨੇ ਆਪਣੇ ਫੈਸਲੇ ਵਿੱਚ ਲਿਖਿਆ, 'ਰਾਸ਼ਟਰਪਤੀ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਿਆਂ ਵਿਸ਼ਵ ਪੱਧਰੀ ਅਤੇ ਜਵਾਬੀ ਟੈਕਸ ਲਗਾਉਣ ਦੇ ਆਦੇਸ਼ ਦਿੱਤੇ ਹਨ।' ਅਮਰੀਕੀ ਅੰਤਰਰਾਸ਼ਟਰੀ ਵਪਾਰ ਅਦਾਲਤ ਇੱਕ ਸੰਘੀ ਅਦਾਲਤ ਹੈ। ਇਹ ਅਦਾਲਤ ਖਾਸ ਤੌਰ 'ਤੇ ਅੰਤਰਰਾਸ਼ਟਰੀ ਵਪਾਰ ਕਾਨੂੰਨ ਨਾਲ ਸੰਬੰਧਤ ਸਿਵਲ ਮਾਮਲਿਆਂ ਦੀ ਸੁਣਵਾਈ ਕਰਦੀ ਹੈ। ਹਾਲਾਂਕਿ ਟੈਕਸ ਲਗਾਉਣ ਲਈ ਆਮ ਤੌਰ 'ਤੇ ਸੰਸਦ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ, ਪਰ ਟਰੰਪ ਦਾ ਕਹਿਣਾ ਹੈ ਕਿ ਉਨ੍ਹਾ ਕੋਲ ਵਪਾਰ ਘਾਟਾ ਦੂਰ ਕਰਨ ਲਈ ਕਾਰਵਾਈ ਕਰਨ ਦੀ ਸ਼ਕਤੀ ਹੈ। ਟੈਕਸ ਲਗਾਉਣ ਸੰਬੰਧੀ ਟਰੰਪ ਦੇ ਹੁਕਮਾਂ ਖਿਲਾਫ ਘੱਟੋ-ਘੱਟ ਸੱਤ ਕੇਸ ਦਾਇਰ ਕੀਤੇ ਗਏ ਹਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਅੱਤਵਾਦ ਤੇ ਜੰਗ ਸਾਮਰਾਜ ਤੇ ਹਾਕਮਾਂ ਦੀ ਲੋੜ

## ● ਲੋਕਾਂ ਨੂੰ ਹੱਕੀ ਸੰਘਰਸ਼ਾਂ ਦੀ ਜੰਗ ਤੇਜ਼ ਕਰਨ ਦਾ ਸੱਦਾ




**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਤਰਨ ਤਾਰਨ ਵੱਲੋਂ ਹੋਰ ਜਨਤਕ ਜਮਹੂਰੀ ਜਥੇਬੰਦੀਆਂ ਨਾਲ ਮਿਲ ਕੇ ਅੱਤਵਾਦ, ਜੰਗ ਅਤੇ ਲੋਕਾਂ ਦੇ ਬੁਨਿਆਦੀ ਅਧਿਕਾਰ ਉਤੇ ਇੱਕ ਕਨਵੈਨਸ਼ਨ ਕੀਤੀ ਗਈ ਜਿਸ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਲੋਕਾਂ ਨੂੰ ਬੁਨਿਆਦੀ ਅਧਿਕਾਰਾਂ ਅਤੇ ਮਸਲਿਆਂ ਤੋਂ ਭਟਕਾਉਣ ਲਈ ਹਾਕਮਾਂ ਕੋਲ ਅੱਤਵਾਦ ਤੇ ਜੰਗ ਦਾ ਹਥਿਆਰ ਹੈ, ਇਨ੍ਹਾਂ ਸਾਜ਼ਿਸ਼ਾਂ ਤੋਂ ਚੌਕਸ ਰਹਿੰਦਿਆਂ ਲੋਕਾਂ ਨੂੰ ਆਪਣੇ ਹੱਕੀ ਸੰਘਰਸ਼ਾਂ ਤੇ ਬੁਨਿਆਦੀ ਅਧਿਕਾਰਾਂ ਦੀ ਲੜਾਈ ਨੂੰ ਤੇਜ਼ ਕਰਨਾ ਚਾਹੀਦਾ ਹੈ।ਇਸ ਕਨਵੈਨਸ਼ਨ ਨੂੰ ਜਮਹੂਰੀ ਅਧਿਕਾਰ ਸਭਾ ਵੱਲੋਂ ਨਰਭਿੰਦਰ ਪੱਧਰੀ, ਆਲ ਇੰਡੀਆ ਯੂਥ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਸੁਖਜਿੰਦਰ ਮਹੇਸ਼ਵਰੀ, ਜਮਹੂਰੀ ਕਿਸਾਨ ਸਭਾ ਵੱਲੋਂ ਸੂਬਾ ਕਮੇਟੀ ਮੈਂਬਰ ਮਾਸਟਰ ਦਲਜੀਤ ਸਿੰਘ, ਪੰਜਾਬ ਕਿਸਾਨ ਯੂਨੀਅਨ ਵੱਲੋਂ ਬਲਬੀਰ ਸਿੰਘ ਮੂਧਲ, ਕਿਰਤੀ ਕਿਸਾਨ ਯੂਨੀਅਨ ਦੇ ਸੁਖਚੈਨ ਸਿੰਘ ਸਰਹਾਲੀ, ਜਸਵੰਤ ਸਿੰਘ, ਪੈਨਸ਼ਨਰ ਯੂਨੀਅਨ ਦੇ ਨਰਿੰਦਰ ਬੇਦੀ, ਤਰਕਸ਼ੀਲ ਸੁਸਾਇਟੀ ਦੇ ਆਗੂ ਰਾਜਵੰਤ ਸਿੰਘ ਬਾਗੜੀਆਂ ਆਦਿ ਨੇ ਆਪਣੇ ਵਿਚਾਰ ਰੱਖੇ।ਬੁਲਾਰਿਆਂ ਨੇ ਦੱਸਿਆ ਕਿ ਕਿਵੇਂ ਅੱਤਵਾਦ ਜਾਂ ਦਹਿਸ਼ਤਗਰਦੀ ਨੂੰ ਸਾਮਰਾਜ ਪਾਲਦਾ ਪਲੋਸਦਾ ਹੈ ਅਤੇ ਦੁਨੀਆ ਦੇ ਕੁਦਰਤੀ ਸਾਧਨਾਂ ਉਤੇ ਕਬਜ਼ੇ ਕਰਨ ਲਈ ਜੰਗ ਨੂੰ ਇਕ ਹਥਿਆਰ ਦੇ ਤੌਰ ਉਤੇ ਵਰਤਦਾ ਹੈ।ਉਹਨਾਂ ਕਿਹਾ ਕਿ ਭਾਰਤ ਵਿਚ 80 ਕਰੋੜ ਲੋਕ ਦੀ ਡੰਗ ਦੀ ਰੋਟੀ ਖਾਣ ਤੋਂ ਆਤੁਰ ਹਨ ਜਦੋਂ ਕਿ ਹਰ ਸਾਲ ਹਥਿਆਰਾਂ ਉਤੇ ਹਜ਼ਾਰਾਂ ਕਰੋੜ ਖਰਚੇ ਜਾ ਰਹੇ ਹਨ, ਇਹੀ ਹਾਲ ਪਾਕਿਸਤਾਨ ਦਾ ਹੈ।ਜਿੱਥੇ ਪਹਿਲਗਾਮ ਘਟਨਾ ਨੂੰ ਮੰਦਭਾਗਾ ਕਿਹਾ ਉਥੇ ਚਿੰਤਾ ਪਰਗਟ ਕੀਤੀ ਕਿ ਸਖ਼ਤ ਸੁਰੱਖਿਆ ਦੇ ਬਾਵਜੂਦ ਚਾਰ ਅੱਤਵਾਦੀ ਆਏ ਅਤੇ 26 ਲੋਕਾਂ ਨੂੰ ਮਾਰ ਗਏ ਜਿਨ੍ਹਾਂ ਦੀ ਅੱਜ ਤਕ ਪਹਿਚਾਣ ਨਹੀਂ ਹੋ ਸਕੀ ਪਰ ਇਕ ਸਰਜੀਕਲ ਓਪਰੇਸ਼ਨ ਕਰਕੇ ਜੋ ਜੰਗੀ ਮਾਹੌਲ ਦੋਹਾਂ ਦੇਸ਼ਾਂ ਅਤੇ ਦੁਨੀਆ ਵਿੱਚ ਬਣਾਇਆ ਅਤੇ ਅਮਰੀਕੀ ਥਾਣੇਦਾਰ ਨੇ ਜੋ ਭੂਮਿਕਾ ਨਿਭਾਈ, ਉਹ ਦੇਸ਼ ਦੀ ਪ੍ਰਭੂਸੱਤਾ ਲਈ ਖਤਰੇ ਦਾ ਵਿਸ਼ਾ ਹੈ।ਇਸ ਜੰਗੀ ਮਸ਼ਕਾਂ ਹੇਠ ਕਰੋੜਾਂ ਰੁਪਏ ਦੀ ਹਥਿਆਰਾਂ ਦੀ ਖਰੀਦੋ ਫਰੋਖਤ, ਖੁੱਲ੍ਹੇ ਵਪਾਰ ਦੇ ਸਮਝੌਤੇ ਵੀ ਹੋਏ ਅਤੇ ਲੋਕਾਂ ਨੂੰ ਦਹਿਸ਼ਤਜ਼ਦਾ ਕਰਕੇ ਮਾਨਸਿਕ ਤੌਰ 'ਤੇ ਬਿਮਾਰ ਵੀ ਕੀਤਾ।ਭਾਰਤੀ ਮੀਡੀਆ ਵੱਲੋਂ ਨਿਭਾਈ ਭੂਮਿਕਾ ਨੇ ਦੁਨੀਆ 'ਚ ਭਾਰਤ ਨੂੰ ਨਿਮੋਸ਼ੀ ਦਿਵਾਈ। ਬੁਲਾਰਿਆਂ ਨੇ ਕਿਹਾ ਕਿ ਇਸ ਵਿਰੁੱਧ ਲੋਕਾਂ ਦੇ ਬੁਨਿਆਦੀ ਮਸਲਿਆਂ ਉਤੇ ਵਿਸ਼ਾਲ ਲਾਮਬੰਦੀ ਹੀ ਹਾਕਮਾਂ ਦੇ ਮਾੜੇ ਮਨਸ਼ਿਆਂ ਨੂੰ ਲਗਾਮ ਲਾ ਸਕਦੀ ਹੈ। ਇਸ ਮੌਕੇ ਮਲਕੀਤ ਸਿੰਘ ਮੱਲਾ, ਚਰਨ ਸਿੰਘ, ਬਲਕਾਰ ਸਿੰਘ ਵਲਟੋਹਾ, ਦਵਿੰਦਰ ਝਬਾਲ, ਸਤਨਾਮ ਸਿੰਘ ਪੱਧਰੀ, ਤਰਸੇਮ ਸਿੰਘ ਲਾਲੂ ਘੁੰਮਣ, ਕੰਵਲਪ੍ਰੀਤ ਸਿੰਘ ਤੋਂ ਇਲਾਵਾ ਕੁੱਲ ਹਿੰਦ ਕਿਸਾਨ ਸਭਾ, ਖੇਤ ਮਜ਼ਦੂਰ ਸਭਾ, ਕਿਰਤੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ ਦਿਹਾਤੀ ਮਜ਼ਦੂਰ ਸਭਾ ਆਦਿ ਦੇ ਮੈਂਬਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਜਥੇਦਾਰ ਦੀ ਨਿਯੁਕਤੀ ਤੇ ਸੇਵਾ ਮੁਕਤੀ ਸਬੰਧੀ ਨਿਯਮਾਂਵਲੀ ਲਈ ਜਲਦ ਬਣਾਈ ਜਾਵੇਗੀ ਕਮੇਟੀ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ, ਯੋਗਤਾ, ਜ਼ੁੰਮੇਵਾਰੀਆਂ ਅਤੇ ਸੇਵਾ ਮੁਕਤੀ ਦੇ ਸਬੰਧ ਵਿਚ ਪ੍ਰੁੱਜੇ ਸੁਝਾਵਾਂ ਨੂੰ ਵਿਚਾਰ ਲਈ ਜਲਦ ਹੀ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ।ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਵਿਚ ਪਾਸ ਕੀਤੇ ਗਏ ਮਤੇ ਦੀ ਰੌਸ਼ਨੀ ਵਿਚ ਸਿੱਖ ਜਥੇਬੰਦੀਆਂ, ਸਭਾ-ਸੁਸਾਇਟੀਆਂ, ਬੁੱਧੀਜੀਵੀਆਂ ਅਤੇ ਸਿੱਖ ਸੰਸਥਾਵਾਂ ਪਾਸੋਂ 20 ਮਈ 2025 ਤੱਕ ਸੁਝਾਵਾਂ ਦੀ ਮੰਗ ਕੀਤੀ ਗਈ ਸੀ, ਜਿਸ ਤਹਿਤ ਵੱਡੀ ਗਿਣਤੀ ਵਿਚ ਸੁਝਾਅ ਸ਼੍ਰੋਮਣੀ ਕਮੇਟੀ ਕੋਲ ਪੁੱਜੇ ਹਨ।ਇਨ੍ਹਾਂ ਦਾ ਮੁਲਾਂਕਣ ਕਰਨ ਲਈ ਜਲਦ ਹੀ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ।ਇਸ ਕਮੇਟੀ ਵਿਚ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦੇ, ਸਿੱਖ ਸੰਸਥਾਵਾਂ ਦੇ ਆਗੂ ਅਤੇ ਸਿੱਖ ਬੁਧੀਜੀਵੀ ਸ਼ਾਮਲ ਕੀਤੇ ਜਾਣਗੇ। ਸਿੱਖ ਜਗਤ ਅੰਦਰ ਲੰਮੇ ਸਮੇਂ ਤੋਂ ਜਥੇਦਾਰ ਸਾਹਿਬ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਦੇ ਸਬੰਧ ਵਿਚ ਨਿਯਮਾਵਲੀ ਬਣਾਉਣ ਸਬੰਧੀ ਮੰਗ ਅਤੇ ਚਰਚਾ ਚਲਦੀ ਆ ਰਹੀ ਹੈ।ਇਸੇ ਨੂੰ ਵੇਖਦਿਆਂ ਸ਼੍ਰੋਮਣੀ ਕਮੇਟੀ ਨੇ ਕਾਰਵਾਈ ਆਰੰਭੀ ਹੈ ਅਤੇ ਸੁਝਾਵਾਂ ਦੀ ਮੰਗ ਕੀਤੀ ਸੀ।ਹੁਣ ਪੁੱਜੇ ਸੁਝਾਵਾਂ ਨੂੰ ਵਿਚਾਰ ਕੇ ਜਲਦ ਹੀ ਨਿਯਮਾਂਵਲੀ ਤੈਅ ਕੀਤੀ ਜਾਵੇਗੀ।

## ਵੱਖ-ਵੱਖ ਥਾਵਾਂ 'ਤੇ ਮੈਂਸਟਰੂਅਲ ਹਾਇਜੀਨ ਦਿਵਸ ਮਨਾਇਆ

**ਗੁਰਦਾਸਪੁਰ (ਜਨਕ ਮਹਾਜਨ)**- ਰਾਸ਼ਟਰੀ ਕਿਸ਼ੋਰ ਸਵਾਸਥ ਕਾਰਿਆਕ੍ਰਮ ਹੇਠ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲੇ ਵਿੱਚ ਵੱਖ-ਵੱਖ ਥਾਵਾਂ 'ਤੇ ਮੈਂਸਟਰੂਅਲ ਹਾਇਜੀਨ ਦਿਵਸ ਮਨਾਇਆ ਗਿਆ।ਇਸ ਸਬੰਧੀ ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਵੱਲੋਂ ਏਸੀਐੱਸ ਡਾ. ਪ੍ਰਭਜੋਤ ਕੌਰ ਕਲਸੀ ਅਤੇ ਡੀਡੀਐੱਚਓ ਡਾ. ਵਿਨੋਦ ਕੁਮਾਰ ਦੀ ਮੌਜੂਦਗੀ ਵਿੱਚ ਆਈਈਸੀ ਮਟੀਰੀਅਲ ਜਾਰੀ ਕੀਤਾ ਗਿਆ



।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਗੁਰਦਾਸਪੁਰ ਵਿਖੇ ਇੱਕ ਸਮਾਗਮ ਕੀਤਾ ਗਿਆ। ਸਮਾਗਮ ਦੌਰਾਨ ਬੱਚਿਆਂ ਦੇ ਚਾਰਟ ਮੇਕਿੰਗ ਅਤੇ ਹੋਰ ਮੁਕਾਬਲੇ ਕਰਵਾਏ ਗਏ।ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਮਮਤਾ ਵਾਸੁਦੇਵ ਨੇ ਕਿਹਾ ਕਿ ਹਰ ਸਾਲ 28 ਮਈ ਨੂੰ ਕਿਸ਼ੋਰੀਆਂ ਅਤੇ ਮਹਿਲਾਵਾਂ ਲਈ ਮਾਸਿਕ ਧਰਮ ਦੀ ਜਾਣਕਾਰੀ ਲਈ ਇਹ ਦਿਵਸ ਮਨਾਇਆ ਜਾਂਦਾ ਹੈ।ਇਸ ਮੌਕੇ ਕਿਸ਼ੋਰੀਆਂ ਨੂੰ ਮਾਸਿਕ ਦੌਰਾਨ ਕਿਨ੍ਹਾਂ ਗੱਲਾਂ ਦੀ ਧਿਆਨ ਰੱਖਣਾ ਚਾਹੀਦਾ ਹੈ, ਬਾਰੇ ਚਰਚਾ ਕੀਤੀ ਗਈ।ਇਸ ਮੌਕੇ ਪ੍ਰਿੰ. ਅਰਚਨਾ ਜੋਸ਼ੀ, ਡਾ. ਦੀਪਿਕਾ, ਮੀਨਾਕਸ਼ੀ, ਸ਼ਰਨਜੀਤ ਕੌਰ, ਸਮਾਨਿਕਾ, ਮਾਸ ਮੀਡੀਆ ਅਫਸਰ ਰੁਪਿੰਦਰਜੀਤ ਕੌਰ ਆਦਿ ਮੌਜੂਦ ਸਨ।

## ਸ਼ੈਰੀ ਕਲਸੀ ਨੇ ਪਿੰਡਾਂ ਤੇ ਸ਼ਹਿਰੀ ਖੇਤਰਾਂ 'ਚ ਲੋਕਾਂ ਨੂੰ ਨਸ਼ਿਆਂ ਖਿਲਾਫ ਸਹੁੰ ਚੁਕਾਈ



**ਬਟਾਲਾ (ਡਾ. ਮਲਵਿੰਦਰ ਸਿੰਘ)**- ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਲਏ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾਂ ਨੂੰ ਲੋਕਾਂ ਨੂੰ ਵਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ ਅਤੇ ਲੋਕ ਇਸ ਬੁਰਾਈ ਨੂੰ ਖਤਮ ਕਰਨ ਲਈ ਸਰਕਾਰ ਦੇ ਉਪਰਾਲੇ ਦੀ ਸ਼ਲਾਘਾ ਕਰ ਰਹੇ ਹਨ।ਇਹ ਪ੍ਰਗਟਾਵਾ ਕਰਦਿਆਂ ਪੰਜਾਬ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਅਤੇ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਪਿੰਡਾਂ, ਕਸਬਿਆਂ ਅਤੇ ਸ਼ਹਿਰੀ ਖੇਤਰਾਂ ਵਿੱਚ ਲੋਕਾਂ ਨੂੰ ਨਸ਼ਿਆਂ ਨੂੰ ਜੜੋਂ ਖਤਮ ਕਰਨ ਲਈ ਸਹੁੰ ਚੁਕਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਅੰਦਰ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਅਤੇ ਲੋਕ ਭਲਾਈ ਸਕੀਮਾਂ ਨੂੰ ਲਾਗੂ ਕਰਨ ਦੇ ਨਾਲ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਦੀਆਂ ਸੰਪੰਤੀ ਕੁਰਕ ਕੀਤੀਆਂ ਗਈਆਂ ਹਨ ਅਤੇ ਨਸ਼ੇ ਵਿਰੁੱਧ ਸਰਕਾਰ ਦੀ ਜ਼ੀਰੋ ਟਾਲਰੈਂਸ ਨੀਤੀ ਹੈ।ਉਨ੍ਹਾਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਨਸ਼ਿਆਂ ਨੂੰ ਖਤਮ ਕੀਤਾ ਜਾਵੇਗਾ ਅਤੇ ਇਸ ਮੁਹਿੰਮ ਵਿੱਚ ਬੱਚੇ, ਨੌਜਵਾਨ ਤੇ ਔਰਤਾਂ ਵੱਲੋਂ ਵੀ ਪੂਰਾ ਸਮਰਥਨ ਦਿੱਤਾ ਜਾ ਰਿਹਾ ਹੈ।

## ਪਾਇਨੀਅਰ ਇੰਡੀਆ ਵੱਲੋਂ ਬੈਂਗਲੁਰੂ 'ਚ ਖੋਜ ਤੇ ਵਿਕਾਸ ਕੇਂਦਰ ਦਾ ਉਦਘਾਟਨ

**ਚੰਡੀਗੜ੍ਹ** : ਪਾਇਨੀਅਰ ਕਾਰਪੋਰੇਸ਼ਨ ਦੀ ਸਹਾਇਕ ਕੰਪਨੀ ਪਾਇਨੀਅਰ ਇੰਡੀਆ ਨੇ ਬੰਗਲੁਰੂ ਭਾਰਤ ਵਿੱਚ ਆਪਣੇ ਨਵੇਂ ਖੋਜ ਅਤੇ ਵਿਕਾਸ ਕੇਂਦਰ ਦਾ ਉਦਘਾਟਨ ਕੀਤਾ।ਇਹ ਪਾਇਨੀਅਰ ਦੀਆਂ ਨਵੀਨਤਾ ਸਮਰਥਾਵਾਂ ਨੂੰ ਮਜ਼ਬੂਤ ਕਰਦਾ ਹੈ ਜਿਸਦਾ ਉਦੇਸ਼ ਨਵੀਨਤਾ ਦੀ ਸਮਰੱਥਾ ਵਿੱਚ ਵਾਧਾ ਕਰਨਾ ਹੈ।ਸਾਡਾ ਬੈਂਗਲੁਰੂ 'ਚ ਖੋਜ ਅਤੇ ਵਿਕਾਸ (ਆਰਐਂਡਡੀ) ਸ਼ੁਰੂ ਕਰਨਾ ਸਾਡੀ ਵਿਸ਼ਵ ਪੱਧਰੀ ਵਿਕਾਸ ਰਣਨੀਤੀ ਦਾ ਇੱਕ ਮਹੱਤਵਪੂਰਨ ਕਦਮ ਹੈ। ਪਾਇਨੀਅਰ ਕਾਰਪੋਰੇਸ਼ਨ ਦੇ ਪ੍ਰਧਾਨ ਅਤੇ ਸੀਈਓ ਸ਼ਿਰੋ ਯਾਹਾਰਾ ਨੇ ਕਿਹਾ ਕਿ ਭਾਰਤ ਦਾ ਵਿਸ਼ਾਲ ਹੋਣਹਾਰ ਟੈਲੇਂਟ ਪੂਲ ਅਤੇ ਗਤੀਸ਼ੀਲ ਮੋਬਿਲਟੀ ਈਕੋਸਿਸਟਮ ਨੂੰ ਹਰੇਕ ਕਿਸਮ ਦੇ ਵਾਹਨਾਂ ਲਈ ਵਿਜ਼ਨ, ਕਨੈਕਟੀਵਿਟੀ ਅਤੇ ਇੰਟੈਲੀਜੈਂਟ ਸਿਸਟਮ 'ਚ ਨਵਚੇਤਨਾ ਲਈ ਇੱਕ ਆਦਰਸ਼ ਮਾਡਲ ਹੈ।

# ਫੌਜ ਦੇ ਬੰਬ ਦਸਤੇ ਨੇ ਜ਼ਿੰਦਾ ਮੋਰਟਾਰ ਬੰਬ ਨੂੰ ਕੀਤਾ ਨਕਾਰਾ



**ਪਠਾਨਕੋਟ (ਦਵਿੰਦਰ ਸਿੰਘ)**: ਪਠਾਨਕੋਟ ਦੇ ਨਾਲ ਲੱਗਦੇ ਇੰਦੌਰਾ ਵਿੱਚ ਇੱਕ ਜ਼ਿੰਦਾ ਮੋਰਟਾਰ ਬੰਬ ਮਿਲਣ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ।ਇਹ ਮੋਰਟਾਰ ਬੰਬ ਪੁਲਸ ਸਟੇਸ਼ਨ ਇੰਦੌਰਾ ਦੇ ਨਾਲ ਲੱਗਦੇ ਪਿੰਡ ਸੌਰ ਵਿੱਚ ਮੇਜਰ ਜ਼ਿਲ੍ਹਾ ਰੋਡ 42 ਦੇ ਕਿਨਾਰੇ ਝਾੜੀਆਂ ਵਿੱਚ ਮਿਲਿਆ।ਜਦੋਂ ਇੱਕ ਸਥਾਨਕ ਵਿਅਕਤੀ ਨੇ ਇਸਨੂੰ ਦੇਖਿਆ ਤਾਂ ਉਸਨੇ ਪੁਲਸ ਨੂੰ ਸੂਚਿਤ ਕੀਤਾ, ਜਿਸ 'ਤੇ ਐਡੀਸ਼ਨਲ ਇੰਚਾਰਜ ਪੁਲਸ ਸਟੇਸ਼ਨ ਇੰਦੌਰਾ ਮਦਨ ਲਾਲ ਸ਼ਰਮਾ ਪੁਲਸ ਟੀਮ ਨਾਲ ਮੌਕੇ 'ਤੇ ਪਹੁੰਚੇ ਅਤੇ ਉਚ ਅਧਿਕਾਰੀਆਂ ਨੂੰ ਇਸ ਬਾਰੇ ਸੂਚਿਤ ਕੀਤਾ।ਇਸ ਦੇ ਨਾਲ ਹੀ ਐੱਸਡੀਪੀਓ ਇੰਦੌਰਾ ਸੰਜੀਵ ਕੁਮਾਰ ਯਾਦਵ ਵੀ ਖੁਦ ਮੌਕੇ 'ਤੇ ਪਹੁੰਚੇ ਅਤੇ ਉਕਤ ਮੋਰਟਾਰ ਦੇ ਖੇਤਰ ਨੂੰ ਸੀਲ ਕਰ ਦਿੱਤਾ ਅਤੇ ਫੌਜ ਨੂੰ ਸੂਚਿਤ ਕੀਤਾ ਜਿਸ 'ਤੇ ਭਾਰਤੀ ਫੌਜ ਦੇ ਬੰਬ ਦਸਤੇ ਨੇ ਮੌਕੇ 'ਤੇ ਪਹੁੰਚ ਕੇ ਮੋਰਟਾਰ ਨੂੰ ਜ਼ਬਤ ਕਰ ਲਿਆ ਅਤੇ ਇਸਨੂੰ ਸੁਰੱਖਿਅਤ ਢੰਗ ਨਾਲ ਨਕਾਰਾ ਕਰ ਦਿੱਤਾ।ਸੁਰੱਖਿਆ ਕਾਰਨਾਂ ਦੇ ਮੱਦੇਨਜ਼ਰ, ਫੌਜ ਦੇ ਅਧਿਕਾਰੀਆਂ ਨੇ ਇਸ ਮਾਮਲੇ 'ਤੇ ਚਰਚਾ ਨਹੀਂ ਕੀਤੀ, ਜਦੋਂਕਿ ਡਿਪਟੀ ਐਸਪੀ ਸੰਜੀਵ ਕੁਮਾਰ ਯਾਦਵ ਨੇ ਕਿਹਾ ਕਿ ਕੋਈ ਵੀ ਹਾਦਸਾ ਵਾਪਰਨ ਤੋਂ ਪਹਿਲਾਂ, ਫੌਜ ਦੀ ਮਦਦ ਨਾਲ ਉਕਤ ਮੋਰਟਾਰ ਨੂੰ ਨਕਾਰਾ ਕਰ ਦਿੱਤਾ ਗਿਆ। ਹਾਲਾਂਕਿ ਡਿਫਿਊਜ਼ ਕਰਦੇ ਸਮੇਂ ਇੱਕ ਵਰਗ ਕਿਲੋਮੀਟਰ ਦੇ ਘੇਰੇ ਵਿੱਚ ਇੱਕ ਵੱਡੇ ਧਮਾਕੇ ਦੀ ਆਵਾਜ਼ ਸੁਣਾਈ ਦਿੱਤੀ ਅਤੇ ਮੌਕੇ 'ਤੇ ਧੂੜ ਦਾ ਬੱਦਲ ਵੀ ਦੇਖਿਆ ਗਿਆ।

## ਇਸੇ ਸਾਲ ਮੁਕੰਮਲ ਕੀਤੀਆਂ ਜਾਣਗੀਆਂ ਤਿੰਨ ਨਵੀਆਂ ਸਰਾਵਾਂ : ਐਡਵੋਕੇਟ ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜਦੀ ਸੰਗਤ ਦੇ ਠਹਿਰਣ ਲਈ ਨਵੀਆਂ ਸਰਾਵਾਂ ਦਾ ਨਿਰਮਾਣ ਕਾਰਜ ਤੇਜ਼ੀ ਨਾਲ ਜਾਰੀ ਹੈ ਅਤੇ ਇਸ ਤਹਿਤ ਤਿੰਨ ਸਰਾਵਾਂ ਇਸੇ ਸਾਲ ਵਿਚ ਮੁਕੰਮਲ ਕਰਕੇ ਸੰਗਤ ਨੂੰ ਅਰਪਣ ਕੀਤੀਆਂ ਜਾਣਗੀਆਂ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਾਵਾਂ ਦੇ ਚੱਲ ਰਹੇ ਕਾਰਜਾਂ ਦਾ ਜਾਇਜ਼ਾ ਲੈਣ ਉਪਰੰਤ ਕੀਤਾ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਦੀ ਵੱਡੀ ਆਮਦ ਨੂੰ ਵੇਖਦਿਆਂ ਸਰਾਵਾਂ ਦੇ ਪ੍ਰਬੰਧਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਤਿਆਰ ਕੀਤੀਆਂ ਜਾ ਰਹੀਆਂ ਤਿੰਨ ਨਵੀਆਂ ਸਰਾਵਾਂ ਵਿਚ ਭਾਈ ਜੈਤਾ ਜੀ ਨਿਵਾਸ ਬਾਬਾ ਸਾਹਿਬ ਚੌਂਕ, ਬਾਬਾ ਬਸੰਤ ਸਿੰਘ ਜੀ ਨਿਵਾਸ ਪਰਾਗਦਾਸ ਚੌਂਕ ਅਤੇ ਭਗਤ ਨਾਮਦੇਵ ਜੀ ਨਿਵਾਸ ਕੇਸਰੀ ਬਾਗ ਵਿਖੇ 259 ਕਮਰੇ ਅਤੇ 30 ਹਾਲ ਸੰਗਤ ਵਾਸਤੇ ਇਸੇ ਸਾਲ 2025 ਵਿਚ ਮੁਕੰਮਲ ਕਰਨ ਲਈ ਕਾਰਜ ਨਿਰੰਤਰ ਜਾਰੀ ਹਨ।

# ਪੰਜ ਸਾਲਾਂ ਤੋਂ 27 ਏਕੜ 'ਚ ਸਿੱਧੀ ਬਿਜਾਈ ਕਰ ਰਹੇ ਉੱਦਮੀ ਕਿਸਾਨ ਦੇ ਖੇਤ ਦਾ ਨਿਰੀਖਣ



**ਪੱਟੀ (ਸ਼ਮਸ਼ੇਰ ਸਿੰਘ ਯੋਧਾ)**- ਪਿੰਡ ਜੋਤੀ ਸ਼ਾਹ ਦੇ ਸੂਝਵਾਨ ਕਿਸਾਨ ਮਾਸਟਰ ਜਰਨੈਲ ਸਿੰਘ ਨੇ ਕਰੋਨਾ ਸਮੇਂ ਪਰਵਾਸੀ ਮਜ਼ਦੂਰਾਂ ਦੀ ਘਾਟ ਹੋਣ ਕਾਰਨ ਰਵਾਇਤੀ ਕੱਦੂ ਤਕਨੀਕ ਦੀ ਬਜਾਏ ਝੋਨੇ ਦੀ ਸਿੱਧੀ ਤਕਨੀਕ ਨੂੰ ਚੁਣਿਆ।ਪਿਛਲੇ ਪੰਜ ਸਾਲ ਤੋਂ 27 ਏਕੜ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ ਕਰ ਰਹੇ ਮਾਸਟਰ ਜਰਨੈਲ ਸਿੰਘ ਦਾ ਕਹਿਣਾ ਹੈ ਕਿ ਦਿਨ-ਬ-ਦਿਨ ਖੇਤ ਮਜ਼ਦੂਰਾਂ ਦੀ ਆ ਰਹੀ ਘਾਟ ਨਾਲ ਨਜਿੱਠਣ ਲਈ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ ਇੱਕ ਵਧੀਆ ਵਿਕਲਪ ਹੈ।ਇਸ ਨਾਲ ਪਾਣੀ ਦੀ ਬੱਚਤ ਵੀ ਹੋ ਜਾਂਦੀ ਹੈ ਅਤੇ ਬਰਸਾਤ ਦੇ ਦਿਨਾਂ ਦੌਰਾਨ ਵਾਧੂ ਪਾਣੀ ਜ਼ਮੀਨ ਵਿੱਚ ਰਿਚਾਰਜ ਹੋ ਜਾਂਦਾ ਹੈ।ਖੇਤ ਵਿੱਚ ਬੂਟਿਆਂ ਦੀ ਗਿਣਤੀ ਰਵਾਇਤੀ ਤਕਨੀਕ ਦੇ ਮੁਕਾਬਲੇ ਵੱਧ ਹੁੰਦੀ ਹੈ।ਇਸ ਮੌਕੇ ਡਾ. ਭੁਪਿੰਦਰ ਸਿੰਘ ਏਓ ਅਤੇ ਗੁਰਪ੍ਰੀਤ ਸਿੰਘ ਬੀਟੀਐੱਮ ਨੇ ਮਾਸਟਰ ਜਰਨੈਲ ਸਿੰਘ ਦੇ ਖੇਟ ਦੇ ਨਿਰੀਖਣ ਦੌਰਾਨ ਕਿਹਾ ਕਿ ਸਿੱਧੀ ਬਿਜਾਈ ਕਰ ਰਹੇ ਕਿਸਾਨਾਂ ਨੂੰ ਸਰਕਾਰ ਵੱਲੋਂ ਪ੍ਰੋਤਸਾਹਨ ਰਾਸ਼ੀ ਵਜੋਂ 1500 ਰੁਪਏ ਪ੍ਰਤੀ ਏਕੜ ਦਿੱਤੇ ਜਾਣੇ ਹਨ।ਇਸ ਲਈ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨ ਆਨਲਾਈਨ ਰਜਿਸਟਰੇਸ਼ਨ ਕਰਾਉਣ।ਇਸ ਸਬੰਧੀ ਜੇਕਰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਨੇੜੇ ਦੇ ਖੇਤੀਬਾੜੀ ਦਫ਼ਤਰ ਨਾਲ ਸੰਪਰਕ ਕੀਤਾ ਜਾਵੇ।ਇਸ ਮੌਕੇ ਉਨ੍ਹਾਂ ਜਾਣਕਾਰੀ ਦਿੱਤੀ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੁਆਰਾ ਸਿੱਧੀ ਬਿਜਾਈ ਸਬੰਧੀ ਤਕਨੀਕੀ ਜਾਣਕਾਰੀ ਦੇਣ ਹਿੱਤ 29 ਮਈ ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਕਿਸਾਨ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਯੂਨੀਵਰਸਿਟੀ ਦੇ ਖੇਤੀ ਮਾਹਿਰ ਅਤੇ ਸੂਝਵਾਨ ਕਿਸਾਨ ਤਕਨੀਕੀ ਗਿਆਨ ਅਤੇ ਆਪਣੇ ਤਜਰਬੇ ਸਾਂਝੇ ਕਰਨਗੇ।ਇਸ ਮੌਕੇ ਅਰਵਨ, ਲਖਵਿੰਦਰ ਸਿੰਘ ਅਤੇ ਫ਼ੀਲਡ ਵਰਕਰ ਦਿਲਬਾਗ ਸਿੰਘ, ਗੁਰਲਾਲ ਸਿੰਘ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਰੋਟਰੀ ਕਲੱਬ ਆਸਥਾ ਵੱਲੋਂ ਵਿਦਿਆਰਥੀਆਂ ਨੂੰ ਨਵੇਂ ਮਾਡਲ ਦਾ ਪ੍ਰਿੰਟਰ ਭੇਟ

**ਅੰਮ੍ਰਿਤਸਰ (ਅਰੋੜਾ)**: ਗੁਰੂ ਦੀ ਨਗਰੀ ਵਿਖੇ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੀ ਸਹਾਇਤਾ ਲਈ ਹਰ ਪ੍ਰਕਾਰ ਦੀਆਂ ਸੰਭਵ ਕੋਸ਼ਿਸ਼ਾਂ ਕੀਤੀਆਂ ਜਾ ਰ ਹੀ ਆਂ ਹਨ।ਵਿਦਿਆਰਥੀਆਂ ਨੂੰ ਕਿਤਾਬਾਂ, ਸਟੇਸ਼ਨਰੀ, ਵਰਦੀਆਂ ਅਤੇ ਹੋਰ ਕਈ ਤਰ੍ਹਾਂ ਦੀ ਸਮੱਗਰੀ ਭੇਟ ਕਰਨਾ ਰੋਟਰੀ ਕਲੱਬ ਆਸਥਾ ਦੀ ਪ੍ਰਥਾ ਚਲਦੀ ਆ ਰਹੀ ਹੈ, ਇਸੇ ਪ੍ਰਥਾ ਦੇ ਚੱਲਦੇ ਕਲੱਬ ਦੇ ਵੱਲੋਂ ਪ੍ਰਧਾਨ ਡਾ. ਰਣਬੀਰ ਬੇਰੀ, ਸਕੱਤਰ ਅੰਦੇਸ਼ ਭੱਲਾ ਅਤੇ ਪ੍ਰਾਜੈਕਟ ਚੇਅਰਮੈਨ ਸਮਾਜ ਸੇਵਕ ਕੱਲਬ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਸਹਾਇਕ ਗਵਰਨਰ ਦਵੇਸਰ ਕਾਲਜ ਦੇ ਪ੍ਰਮੁੱਖ ਹਰਦੇਸ਼ ਸ਼ਰਮਾ ਦੀ ਪ੍ਰਧਾਨਗੀ ਵਿੱਚ ਗੁਰੂ ਕੀ ਨਗਰੀ ਵਿਖੇ ਵਿਦਿਆਰਥੀਆਂ ਨੂੰ ਸਿੱਖਿਆ ਅਤੇ ਕੰਪਿਊਟਰ ਸਿੱਖਿਆ ਦੇ ਨਾਲ ਨਾਲ ਮੁਫ਼ਤ ਕਿਤਾਬਾਂ, ਕੱਪੜੇ ਅਤੇ ਸਮੇਂ ਸਮੇਂ ਤੇ ਖਾਣ ਪੀਣ ਦੀ ਸਮੱਗਰੀ ਮੁਹੱਈਆ ਕਰਵਾਉਣ ਵਾਲੀ ਰੋਟਰੀ ਮੈਂਬਰਾਂ ਦੀ ਸਹਾਇਤਾ ਨਾਲ ਸ਼ਲਾਘਾਯੋਗ ਕੰਮ ਕਰ ਰਹੀ ਏਆਈਸੀਈ ਸੋਸਾਇਟੀ ਦੇ ਸੈਂਟਰ ਵਿੱਚ ਕੰਪਿਊਟਰ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਲਈ ਨਵੇਂ ਮਾਡਲ ਦਾ ਕੀਮਤੀ ਪ੍ਰਿੰਟਰ ਭੇਟ ਕੀਤਾ।ਇਸ ਮੌਕੇ ਸੋਸਾਇਟੀ ਦੇ ਪੈਟਰਨ ਸਾਬਕਾ ਉਚ ਬੈਂਕ ਅਧਿਕਾਰੀ ਰਸਜੀਤ ਸਿੰਘ ਖੇੜਾ, ਚੀਫ਼ ਐਡਵਾਈਜ਼ਰ ਜ਼ਿਲ੍ਹਾ ਦੇ ਸਾਬਕਾ ਖਜਾਨਾ ਅਫ਼ਸਰ ਵਿਜੇ ਭਸੀਨ, ਸੋਸਾਇਟੀ ਦੇ ਮਹਾ ਮੀਤ ਪ੍ਰਧਾਨ ਸਾਬਕਾ ਸਹਾਇਕ ਗਵਰਨਰ ਸੰਜੇ ਮਲਿਕ ਦੀ ਦੇਖ-ਰੇਖ ਵਿੱਚ ਇੱਕ ਸਾਦਾ ਸਮਾਗਮ ਦਾ ਆਯੋਜਨ ਵੀ ਕੀਤਾ ਗਿਆ। ਸਮਾਰੋਹ ਨੂੰ ਸੰਬੋਧਨ ਕਰਦੇ ਮੁੱਖ ਮਹਿਮਾਨ ਪ੍ਰਾਜੈਕਟ ਚੇਅਰਮੈਨ ਹਰਦੇਸ਼ ਦਵੇਸਰ ਨੇ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਦੇਸ਼ ਅਤੇ ਸਮਾਜ ਭਲਾਈ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ।ਸਹਾਇਕ ਗਵਰਨਰ ਵਿਜੇ ਭਸੀਨ ਅਤੇ ਸਹਾਇਕ ਗਵਰਨਰ ਇੰਜੀ. ਅਸ਼ੋਕ ਸ਼ਰਮਾ ਨੇ ਦੱਸਿਆ ਕਿ ਇਹ ਮਾਣ ਦੀ ਗੱਲ ਹੈ ਕਿ ਇਸ ਸੈਂਟਰ ਵਿੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਅੱਜ ਕੈਨੇਡਾ, ਇੰਗਲੈਂਡ, ਅਮਰੀਕਾ, ਦੁਬਈ, ਰੂਸ ਵਰਗੇ ਦੇਸ਼ਾਂ ਵਿੱਚ ਕਾਮਯਾਬੀ ਦੇ ਝੰਡੇ ਲਹਿਰਾ ਕੇ ਸੈਂਟਰ ਦਾ ਨਾਮ ਰੌਸ਼ਨ ਕਰ ਰਹੇ ਹਨ। ਸੋਸਾਇਟੀ ਦੇ ਵੱਲੋਂ ਮੈਡਮ ਕਮਲਦੀਪ ਕੌਰ, ਮੈਡਮ ਪੂਨੀਤ ਕੌਰ ਅਤੇ ਮੈਡਮ ਪ੍ਰੀਤੀ ਨੇ ਡਾ. ਰਣਬੀਰ ਬੇਰੀ ਅਤੇ ਹਰਦੇਸ਼ ਦਵੇਸਰ, ਇੰਜੀ. ਅਸ਼ੋਕ ਸ਼ਰਮਾ ਨੂੰ ਏਆਈਸੀਈ ਸੋਸਾਇਟੀ ਦਾ ਸਮ੍ਰਿਤੀ ਚਿੰਨ੍ਹ ਅਤੇ ਸਰੋਪੇ ਦੇ ਕੇ ਸਨਮਾਨਿਤ ਵੀ ਕੀਤਾ।ਸਾਰੇ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਖਾਣ ਪੀਣ ਦੀ ਸਮੱਗਰੀ, ਮਾਸਕ ਆਦਿ ਭੇਂਟ ਕਰਕੇ ਉਨ੍ਹਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।ਇਸ ਮੌਕੇ ਰੋਟਰੀ ਦੇ ਸਾਬਕਾ ਪ੍ਰਧਾਨ ਕੇ. ਐੱਸ. ਚੱਠਾ, ਅਸ਼ਵਨੀ ਅਵਸਥੀ, ਸਾਬਕਾ ਸਹਾਇਕ ਗਵਰਨਰ ਪਰਮਜੀਤ ਸਿੰਘ, ਸਾਬਕਾ ਪ੍ਰਧਾਨ ਯਸ਼ਪਾਲ ਅਰੋੜਾ, ਸਾਬਕਾ ਪ੍ਰਧਾਨ ਅਮਨ ਸ਼ਰਮਾ, ਕਲੱਬ ਦੇ ਮੈਨੇਜਰ ਆਉਣ ਵਾਲੇ ਪ੍ਰਧਾਨ ਰਜੇਸ਼ ਭਦਵਾਰ ਸਹਿਤ ਸੋਸਾਇਟੀ ਅਤੇ ਰੋਟਰੀ ਦੇ ਸਮੂਹ ਮੈਂਬਰ ਮੌਜੂਦ ਸਨ।



# ਸ.ਫ਼ਾਈ ਸੇਵਕਾਂ ਅਤੇ ਰਿਕਸ਼ਾ ਚਾਲਕਾਂ ਨੂੰ ਮਾਸਕ ਵੰਡੇ



**ਅੰਮ੍ਰਿਤਸਰ (ਅਰੋੜਾ)**: ਦੇਸ਼ ਦੇ ਵੱਖ-ਵੱਖ ਰਾਜਾਂ ਅਤੇ ਨਗਰਾਂ ਵਿੱਚ ਕੋਵਿਡ ਦੇ ਮਾਮਲ ਸਾਹਮਣੇ ਆਉਣ ਤੇ ਗੁਰੂ ਕੀ ਨਗਰੀ ਦੀਆਂ ਕਈ ਸਮਾਜ ਸੇਵੀ ਸੰਸਥਾਵਾਂ ਜਾਗਰੂਕ ਹੋ ਗਈਆਂ ਹਨ ਜਿਸਦੇ ਤਹਿਤ ਛੇਹਰਟਾ ਦੇ ਖੰਡਵਾਲਾ ਚੌਂਕ ਵਿਖੇ ਸਫ਼ਾਈ ਸੇਵਕ ਕਰਮਚਾਰੀਆਂ ਨੂੰ ਸਵਸਥ ਰੱਖਣ ਦੇ ਲਈ ਅਤੇ ਉਨ੍ਹਾਂ ਨੂੰ ਧੂਲ ਮਿੱਟੀ ਕੀਟਾਣੂ ਅਤੇ ਵਾਇਰਸ ਤੋਂ ਬਚਾਉਣ ਦੇ ਲਈ ਏਆਈਸੀਈ ਸੋਸਾਇਟੀ ਦੇ ਮੈਂਬਰਾਂ ਨੇ ਮਾਸਕ ਵੰਡੇ ਅਤੇ ਉਨ੍ਹਾਂ ਨੇ ਭਵਿੱਖ ਵਿੱਚ ਵੀ ਹਰ ਤਰ੍ਹਾਂ ਦੀ ਸਹਾਇਤਾ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ।ਸੋਸਾਇਟੀ ਦੇ ਪ੍ਰਧਾਨ ਐਸ. ਪੀ. ਅਰੋੜਾ, ਪੈਟਰਨ ਸਾਬਕਾ ਉਚ ਬੈਂਕ ਅਧਿਕਾਰੀ ਰਸਜੀਤ ਸਿੰਘ ਖੇੜਾ, ਮਹਾ ਮੀਤ ਪ੍ਰਧਾਨ ਸੰਜੇ ਮਲਿਕ, ਰੋਟਰੀ ਦੇ ਸਹਾਇਕ ਗਵਰਨਰ ਜ਼ਿਲ੍ਹੇ ਦੇ ਸਾਬਕਾ ਖਜਾਨਾ ਅਧਿਕਾਰੀ ਵਿਜੇ ਭਸੀਨ ਨੇ ਕਿਹਾ ਕਿ ਸਾਨੂੰ ਸਫ਼ਾਈ ਸੇਵਕਾਂ ਨੂੰ ਹਰ ਤਰ੍ਹਾਂ ਦੀਆਂ ਸੁਵਿਧਾਵਾਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ।ਉਨ੍ਹਾਂ ਨੇ ਕਿਹਾ ਕਿ ਸੋਸਾਇਟੀ ਵੱਲੋਂ ਅੱਗ ਬਰਸਾਉਣ ਵਾਲੀ ਗਰਮੀ ਵਿੱਚ ਧੁੱਪ ਦੀ ਪਰਵਾਹ ਨਾ ਕਰਦੇ ਹੋਏ ਪੋਲਾਂ ਤੇ ਚੜ੍ਹ ਕੇ ਸੇਵਾ ਨਿਭਾਉਣ ਵਾਲੇ ਬਿਜਲੀ ਕਰਮਚਾਰੀਆਂ ਨੂੰ ਵੀ ਮਾਸਕ ਅਤੇ ਸੈਨੀਟਾਈਜ਼ਰ ਮੁਹੱਈਆ ਕਰਵਾਏ ਜਾਣਗੇ।ਉਨ੍ਹਾਂ ਨੇ ਕਿਹਾ ਕਿ ਕੋਰੋਨਾ ਦੇ ਦਸਤਕ ਤੋਂ ਪਹਿਲਾਂ ਹੀ ਸਾਨੂੰ ਹਰ ਤਰ੍ਹਾਂ ਦੇ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਹਨ ਤਾਂਕਿ ਜੋ ਭਾਰਤ ਵਾਸੀਆਂ ਦੇ ਨਾਲ ਪਹਿਲਾਂ ਹੋ ਚੁੱਕਿਆ ਹੈ ਉਹ ਸਥਿਤੀ ਦੋਬਾਰਾ ਦੇਖਣ ਨੂੰ ਨਾ ਮਿਲੇ।ਇਸ ਮੌਕੇ ਸੋਹਣ ਲਾਲ ਸੋਨੂੰ, ਜਸਪਾਲ ਸਿੰਘ, ਅਮਰਜੀਤ, ਜੋਗਿੰਦਰ, ਅਸ਼ੋਕ ਕੁਮਾਰ, ਲਕਸ਼ਮੀ, ਰਾਜ ਕੁਮਾਰ, ਸ਼ਿੰਗਾਰਾ ਸਿੰਘ ਸਹਿਤ ਵਾਰਡ ਦੇ ਸਾਰੇ ਸਫ਼ਾਈ ਸੇਵਕ ਮੌਜੂਦ ਸਨ।

## ਸ. ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ (ਜਸਬੀਰ ਸਿੰਘ)**- ਨਿਹੰਗ ਸਿੰਘਾਂ ਦੀ ਮੁੱਖ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸ. ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਕਿਹਾ ਕਿ ਰਾਜਨੀਤਕ ਪਿੜ ਦਾ ਇੱਕ ਸਾਊ, ਸੂਝਵਾਨ ਤੇ ਉਚੇ ਦੁਮਾਲੜੇ ਵਾਲਾ ਵਿਅਕਤੀ ਸਾਡੇ ਵਿਚੋਂ ਵਿਛੜ ਗਿਆ ਹੈ।ਉਹ ਪੰਜਾਬ ਦੇ ਵੱਖ-ਵੱਖ ਹਲਕਿਆਂ ਤੋਂ ਵਧਾਇਕ ਰਹੇ, ਰਾਜ ਸਭਾ ਦੇ ਮੈਂਬਰ ਵੀ ਬਣੇ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵਿੱਚ ਮੰਤਰੀ ਵਜੋਂ ਸੇਵਾਵਾਂ ਨਿਭਾਈਆਂ।ਉਨ੍ਹਾਂ ਕਿਹਾ ਕਿ ਸ. ਢੀਂਡਸਾ ਦਾ ਅਕਾਲ ਚਲਾਣਾ ਅਸਹਿ ਸਦਮਾ ਹੈ।ਮੈਂ ਅਕਾਲ ਪੁਰਖ ਦੇ ਚਰਨਾਂ 'ਚ ਅਰਦਾਸ ਬੇਨਤੀ ਕਰਦਾ ਹਾਂ ਉਹ ਉਸਦੇ ਦੇ ਪਰਿਵਾਰ ਤੇ ਸਾਕ ਸਬੰਧੀਆਂ ਨੂੰ ਇਸ ਅਸਹਿ ਸਦਮੇ ਨੂੰ ਬਰਦਾਸ਼ਤ ਕਰਨ ਲਈ ਬਲ ਬਖਸ਼ਣ।

## ਪੀਐੱਮਸ਼੍ਰੀ ਸਕੂਲ ਦਾ ਦਸਵੀਂ ਦਾ ਨਤੀਜਾ ਸੌ ਫੀਸਦੀ ਰਿਹਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪਿਛਲੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 10ਵੀਂ ਜਮਾਤ ਦੇ ਨਤੀਜੇ ਵਿਚ ਪੀਐੱਮਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਵਿਦਿਆਰਥਣ ਪਵਨਦੀਪ ਕੌਰ ਨੇ 93% ਨੰਬਰ ਹਾਸਲ ਕਰਕੇ ਸਕੂਲ ਵਿੱਚ ਪਹਿਲਾ, ਬਲਜਿੰਦਰ ਕੌਰ ਨੇ 90% ਨੰਬਰ ਪ੍ਰਾਪਤ ਕਰਕੇ ਦੂਸਰਾ ਅਤੇ ਗੁਰਲੀਨ ਕੌਰ ਨੇ 88% ਅੰਕ ਪ੍ਰਾਪਤ ਕੀਤੇ ਕਰਕੇ ਸਕੂਲ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਉਪਲਬਧੀ ਦਾ ਸਿਹਰਾ ਸਕੂਲ ਦੇ ਮਿਹਨਤੀ ਅਤੇ ਯੋਗ ਸਟਾਫ ਨੂੰ ਜਾਂਦਾ ਹੈ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਨ ਦੀ ਮੰਗ

**ਵੇਰਕਾ (ਰਾਣਾ)**- ਸਿੱਖਿਆ ਵਿਭਾਗ ਪੰਜਾਬ ਦੇ ਸ: ਐਲੀ: ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕ ਬਾਰਡਰ ਕੰਡੀ ਖੇਤਰ ਦੇ ਸਕੂਲ 'ਚ ਹਾਲੇ ਤੱਕ ਮੌਜੂਦ ਨਹੀਂ ਹਨ। ਜਦੋਂ ਕਿ ਸ਼ਹਿਰੀ ਖੇਤਰ ਵਾਲੇ ਸਕੂਲਾਂ 'ਚ ਵਾਧੂ ਅਧਿਆਪਕ ਤੈਨਾਤ ਹਨ ਜਿਸ ਬਾਬਤ ਸਿੱਖਿਆ ਵਿਭਾਗ ਦੇ ਉਚ-ਅਧਿਕਾਰੀ ਭਲੀਭਾਂਤ ਜਾਣਦੇ ਵੀ ਹਨ।ਇਥੇ ਦੱਸਣਯੋਗ ਹੈ ਕਿ ਪੇਂਡੂ ਖੇਤਰ ਦੇ ਸਕੂਲਾਂ 'ਚ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਸਰਕਾਰ ਦੀਆਂ ਹਦਾਇਤਾਂ/ ਨਿਯਮਾਂ ਮੁਤਾਬਿਕ ਮਾਸਿਕ ਮਕਾਨ ਭੱਤਾ 8% ਫੀਸਦੀ ਮਿਲਦਾ ਹੈ ਅਤੇ ਸ਼ਹਿਰੀ ਖੇਤਰ ਦੇ ਟੀਚਰਾਂ ਨੂੰ ਦੁੱਗਣਾ ਭਾਵ 16% ਫੀਸਦੀ ਮਿਲਦਾ ਹੈ।ਇਸ ਮੌਕੇ ਜ਼ਿਲ੍ਹਾ ਸਿੱਖਿਆ ਦਫ਼ਤਰ (ਐਲੀ:) ਅੰਮ੍ਰਿਤਸਰ ਦੇ ਕਈ ਸ਼ਹਿਰੀ ਸਕੂਲਾਂ 'ਚ ਇੱਕ ਕਲਾਸ ਨੂੰ ਦੋ ਅਧਿਆਪਕ ਪੜ੍ਹਾਉਂਦੇ ਹਨ। ਪ੍ਰੰਤੂ ਦੂਜੇ ਪਾਸੇ ਪੇਂਡੂ ਸਕੂਲ (ਬਾਰਡਰ ਏਰੀਆ) ਹਾਲੇ ਤੀਕ ਅਧਿਆਪਕ ਵਿਹੂਣੇ ਹਨ। ਜੇਕਰ ਬਾਰਡਰ ਕੰਢੀ ਖੇਤਰ ਵਾਲੇ ਸਕੂਲਾਂ ਦੀ ਗੱਲ ਕਰੀਏ ਤਾਂ ਬਹੁਤੇ ਸਕੂਲਾਂ 'ਚ ਇੱਕ ਅਧਿਆਪਕ ਵੀ ਮੌਜੂਦ ਨਹੀਂ। ਇਸ ਸੰਬੰਧ 'ਚ ਪ੍ਰੈੱਸ ਨੂੰ ਇੱਕ ਸਾਂਝਾ ਬਿਆਨ ਜਾਰੀ ਕਰਦੇ ਹੋਏ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ, ਸੂਬਾਈ ਸੀਨੀ: ਮੀਤ ਪ੍ਰਧਾਨ ਤੇਜਿੰਦਰ ਸਿੰਘ ਸੋਹੀ, ਜਨਰਲ ਸਕੱਤਰ ਦਰਸਨ ਲਾਲ ਕਲੋਤਰਾ, ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਮੀਤ ਪ੍ਰਧਾਨ ਮਨਜੀਤ ਸਿੰਘ ਸੋਹੀਆ ਖੁਰਦ, ਸਕੱਤਰ ਅਮਰਿੰਦਰ ਸਿੰਘ ਛੀਨਾ, ਕਸਮੀਰ ਸਿੰਘ ਸੋਹੀਆ ਖੁਰਦ, ਸੇਵਾਮੁਕਤ ਲੈਕ: ਮੁਖਤਿਆਰ ਸਿੰਘ, ਸੇਵਾਮੁਕਤ ਪ੍ਰਿੰਸੀਪਲ ਜਗਤਾਰ ਸਿੰਘ ਆਦਿ ਜਥੇਬੰਦਕ ਆਗੂਆਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਪੀ.ਆਈ (ਐਲੀ:) ਅਜੀਤਗੜ੍ਹ ਪਾਸੋਂ ਮੰਗ ਕੀਤੀ ਹੈ ਕਿ ਤੁਰੰਤ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਦੇ ਹੋਏ ਵਿਦਿਆਰਥੀਆਂ ਦੀ ਘੱਟ ਗਿਣਤੀ ਵਾਲੇ ਸਕੂਲਾਂ 'ਚੋਂ ਫਾਲਤੂ ਅਅਧਿਆਪਕਾਂ ਨੂੰ ਲੋੜਵੰਦ ਸਕੂਲਾਂ 'ਚ ਭੇਜਿਆ ਜਾਵੇ।




ਸ੍ਰੀ ਅਰੂਟ ਜੀ ਮਹਾਰਾਜ

ਦੇ ਜਨਮ ਦਿਵਸ ਮੌਕੇ

ਪੰਜਾਬ ਸਰਕਾਰ

ਵੱਲੋਂ

ਆਪ ਸਭਨਾਂ ਨੂੰ ਲੱਖ-ਲੱਖ ਮੁਬਾਰਕਾਂ।

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ।

30-May-PAGE-4.qxd 5/29/2025 11:10 PM Page 1

ਨਵਾਂ ਜ਼ਮਾਨਾ

ਸ਼ੁੱਕਰਵਾਰ, 30 ਮਈ 2025

# ਕਥਨੀ ਤੇ ਕਰਨੀ ਵਿਚਾਲੇ ਫਰਕ

ਭਾਰਤ ਸਰਕਾਰ ਵੱਲੋਂ ਪਾਕਿਸਤਾਨ ਨਾਲ ਲੜਾਈਬੰਦੀ ਤੋਂ ਬਾਅਦ ਦਹਿਸ਼ਤਗਰਦੀ ਦੇ ਸਰਪ੍ਰਸਤ ਵਜੋਂ ਪਾਕਿਸਤਾਨ ਨੂੰ ਦੁਨੀਆ ਵਿੱਚ ਨੰਗਾ ਕਰਨ ਲਈ ਬਾਹਰਲੇ ਦੇਸ਼ਾਂ ਵਿੱਚ ਭੇਜੇ ਗਏ ਸਰਬ ਪਾਰਟੀ ਵਫਦਾਂ ਵਿੱਚ ਇੱਕ ਕਾਂਗਰਸ ਸਾਂਸਦ ਸ਼ਸ਼ੀ ਥਰੂਰ ਦੀ ਅਗਵਾਈ ਵਿੱਚ ਗਿਆ। ਇਨ੍ਹਾਂ ਵਫਦਾਂ ਨੂੰ ਕੀ ਸੰਦੇਸ਼ ਪਹੁੰਚਾਉਣ ਲਈ ਭੇਜਿਆ ਗਿਆ ਸੀ, ਉਹ ਥਰੂਰ ਦੇ ਅਮਰੀਕਾ ਵਿੱਚ ਦਿੱਤੇ ਬਿਆਨ ਤੋਂ ਸਪੱਸ਼ਟ ਹੁੰਦਾ ਹੈ। ਸਾਬਕਾ ਡਿਪਲੋਮੈਟ ਥਰੂਰ ਨੇ ਅਮਰੀਕਾ 'ਚ ਕਿਹਾ, 'ਪਹਿਲਗਾਮ ਵਿੱਚ ਦਹਿਸ਼ਤਗਰਦਾਂ ਵੱਲੋਂ ਕੀਤੇ ਗਏ ਹਮਲੇ ਦਾ ਮਕਸਦ ਲੋਕਾਂ ਨੂੰ ਵੰਡਣਾ ਸੀ, ਪਰ ਭਾਰਤ ਵਿੱਚ ਇਸ ਨੇ ਲੋਕਾਂ ਨੂੰ ਇੱਕਜੁੱਟ ਕਰ ਦਿੱਤਾ, ਚਾਹੇ ਉਨ੍ਹਾਂ ਦਾ ਧਰਮ ਜਾਂ ਪਛਾਣ ਕੁਝ ਵੀ ਹੋਵੇ। ਇਹ ਇੱਕ ਅਸਾਧਾਰਨ ਇੱਕਜੁੱਟਤਾ ਸੀ, ਜਿਸ ਨੇ ਧਾਰਮਕ ਤੇ ਹੋਰਨਾਂ ਵੰਡੀਆਂ ਨੂੰ ਪਾਰ ਕਰ ਦਿੱਤਾ, ਜਿਸ ਆਧਾਰ 'ਤੇ ਭੜਕਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ। ਸੰਦੇਸ਼ ਸਾਫ ਹੈ ਕਿ ਹਮਲੇ ਦੀ ਮਨਸ਼ਾ ਨਫਰਤ ਫੈਲਾਉਣ ਦੀ ਸੀ।'

ਇਹ ਠੀਕ ਹੈ ਕਿ ਪਹਿਲਗਾਮ ਹਮਲੇ ਦੀ ਨਿੰਦਾ ਕਰਨ ਵਿੱਚ ਆਮ ਹਿੰਦੂ ਤੇ ਮੁਸਲਮਾਨ ਬਰਾਬਰ ਇੱਕਜੁੱਟ ਨਜ਼ਰ ਆਏ, ਪਰ ਇਸ ਸਭ ਦੇ ਪਿੱਛੇ ਅਜੇ ਵੀ ਗਿਣ-ਮਿਥ ਕੇ ਮੁਸਲਮਾਨਾਂ ਖਿਲਾਫ ਨਫਰਤ ਲਗਾਤਾਰ ਫੈਲਾਈ ਜਾ ਰਹੀ ਹੈ। ਪਹਿਲਗਾਮ ਤ੍ਰਾਸਦੀ ਤੋਂ ਪਹਿਲਾਂ ਹੀ ਮੁਸਲਮਾਨਾਂ ਖਿਲਾਫ ਨਫਰਤ ਦਾ ਮਾਹੌਲ ਤੇਜ਼ ਹੋ ਚੁੱਕਾ ਸੀ। ਇਸ ਹਮਲੇ ਦੇ ਬਾਅਦ ਇਹ ਨਫਰਤ ਹੋਰ ਵੀ ਤਿੱਖੀ ਹੋ ਗਈ। ਜਦ ਭਾਰਤ ਪਹਿਲਗਾਮ 'ਚ ਦਹਿਸ਼ਤਗਰਦਾਂ ਹੱਥੋਂ ਜਾਨ ਗੁਆਉਣ ਵਾਲਿਆਂ ਦਾ ਸੋਗ ਮਨਾ ਰਿਹਾ ਸੀ ਤਾਂ ਉਸੇ ਦੌਰਾਨ ਆਨਲਾਈਨ ਤੇ ਆਫਲਾਈਨ ਇਹ ਮੁਹਿੰਮ ਸ਼ੁਰੂ ਹੋਈ ਕਿ ਮੁਸਲਮਾਨ ਹਿੰਦੂਆਂ ਲਈ ਖਤਰਾ ਹਨ ਕਿ ਸਾਰੇ ਹਿੰਦੂਆਂ ਦਾ ਇਹੀ ਹਸ਼ਰ ਹੋਵੇਗਾ ਤੇ ਮੁਸਲਮਾਨਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ—ਹਿੰਸਾ ਤੇ ਬਾਈਕਾਟ ਦੇ ਜ਼ਰੀਏ। ਸਭ ਤੋਂ ਚਿੰਤਾਜਨਕ ਘਟਨਾ ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਅਲੀ ਖਾਨ ਮਹਿਮੂਦਾਬਾਦ ਦੀ ਗ੍ਰਿਫਤਾਰੀ ਸੀ। ਪਾਕਿਸਤਾਨ ਨਾਲ ਲੜਾਈ ਦੌਰਾਨ ਪ੍ਰੈੱਸ ਨੂੰ 'ਅਪ੍ਰੇਸ਼ਨ ਸਿੰਧੂਰ' ਬਾਰੇ ਬ੍ਰੀਫਿੰਗ ਕਰਨ ਵਾਲੀ ਕਰਨਲ ਸੋਫੀਆ ਕੁਰੈਸ਼ੀ ਬਾਰੇ ਪ੍ਰੋਫੈਸਰ ਅਲੀ ਨੇ ਇੱਕ ਬੇਹੱਦ ਪ੍ਰਸੰਗਕ ਪੋਸਟ ਵਿੱਚ ਲਿਖਿਆ ਸੀ, 'ਮੈਂ ਇਹ ਦੇਖ ਕੇ ਖੁਸ਼ ਹਾਂ ਕਿ ਏਨੇ ਸਾਰੇ ਦੱਖਣਪੰਥੀ ਟਿੱਪਣੀਕਾਰ ਕਰਨਲ ਸੋਫੀਆ ਦੀ ਸ਼ਲਾਘਾ ਕਰ ਰਹੇ ਹਨ। ਚੰਗਾ ਹੋਵੇਗਾ ਜੇ ਉਹ ਇਹ ਵੀ ਮੰਗ ਕਰਨ ਕਿ ਭੀੜ ਹਿੰਸਾ, ਧੱਕੇ ਨਾਲ ਘਰਾਂ 'ਤੇ ਬੁਲਡੋਜ਼ਰ ਚੜ੍ਹਾਉਣ ਤੇ ਭਾਜਪਾ ਦੀ ਨਫਰਤ ਫੈਲਾਉਣ ਵਾਲੀ ਸਿਆਸਤ ਦੇ ਸ਼ਿਕਾਰ ਲੋਕਾਂ ਨੂੰ ਭਾਰਤੀ ਨਾਗਰਿਕ ਦੇ ਰੂਪ ਵਿੱਚ ਸੁਰੱਖਿਆ ਮਿਲੇ।' ਹਰਿਆਣਾ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੇ ਪ੍ਰੋਫੈਸਰ ਖਿਲਾਫ ਇਹ ਐੱਫ ਆਈ ਆਰ ਦਰਜ ਕਰਵਾ ਦਿੱਤੀ ਕਿ ਉਸ ਨੇ ਮਹਿਲਾ ਫੌਜੀ ਅਫਸਰਾਂ ਦੀ ਬੇਇੱਜ਼ਤੀ ਕੀਤੀ ਹੈ ਤੇ ਉਨ੍ਹਾਂ ਦੇ ਰੋਲ ਨੂੰ ਘਟਾ ਕੇ ਦਿਖਾਇਆ ਹੈ। ਇਹ ਸਮਝ ਤੋਂ ਪਰ੍ਹੇ ਹੈ ਕਿ ਪ੍ਰੋਫੈਸਰ ਨੇ ਮਹਿਲਾ ਫੌਜੀਆਂ ਦੀ ਕਿਹੜੀ ਬੇਇੱਜ਼ਤੀ ਕਰ ਦਿੱਤੀ। ਪ੍ਰੋਫੈਸਰ ਨੂੰ ਸੁਪਰੀਮ ਕੋਰਟ ਵਿੱਚ ਜਾ ਕੇ ਅੰਤਰਮ ਜ਼ਮਾਨਤ ਮਿਲੀ। ਦੂਜੇ ਪਾਸੇ ਮੱਧ ਪ੍ਰਦੇਸ਼ ਦੇ ਮੰਤਰੀ ਵਿਜੇ ਸ਼ਾਹ ਖਿਲਾਫ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ, ਜਿਸ ਨੇ ਕਿਹਾ ਸੀ ਕਿ ਮੋਦੀ ਜੀ ਨੇ ਪਾਕਿਸਤਾਨ ਵਿੱਚ ਦਹਿਸ਼ਤਗਰਦਾਂ ਦੀ ਐਸੀ-ਤੈਸੀ ਕਰਨ ਲਈ ਉਨ੍ਹਾਂ ਦੀ ਭੈਣ (ਸੋਫੀਆ ਕੁਰੈਸ਼ੀ) ਨੂੰ ਭੇਜਿਆ। ਪ੍ਰੋਫੈਸਰ ਨੇ ਸੰਵੇਦਨਸ਼ੀਲ ਢੰਗ ਨਾਲ ਦਿਖਾਇਆ ਕਿ ਇਹ ਰਾਸ਼ਟਰ ਆਪਣੇ ਘੱਟ ਗਿਣਤੀ ਨਾਗਰਿਕਾਂ ਨਾਲ ਕਿਹੋ ਜਿਹਾ ਸਲੂਕ ਕਰ ਰਿਹਾ ਹੈ, ਜਦਕਿ ਸ਼ਾਹ ਨੇ ਇਹ ਦਿਖਾਇਆ ਕਿ ਕਿਸ ਤਰ੍ਹਾਂ ਇਸ ਮੌਕੇ ਨੂੰ ਘੱਟ ਘਿਣਤੀਆਂ ਖਿਲਾਫ ਨਫਰਤ ਫੈਲਾਉਣ ਲਈ ਵਰਤਿਆ ਜਾ ਰਿਹਾ ਹੈ। ਦਰਅਸਲ ਵਿਜੇ ਸ਼ਾਹ ਨੇ ਜੋ ਕਿਹਾ, ਉਹ ਉਸ ਦੀ ਪਾਰਟੀ (ਭਾਜਪਾ) ਨੂੰ ਪੂਰੀ ਤਰ੍ਹਾਂ ਮਨਜ਼ੂਰ ਹੈ, ਕਿਉਂਕਿ ਇਸ ਨਫਰਤ-ਭਰੀ ਟਿੱਪਣੀ ਕਰਕੇ ਨਾ ਤਾਂ ਉਸ ਨੂੰ ਪਾਰਟੀ ਵਿੱਚੋਂ ਕੱਢਿਆ ਗਿਆ ਤੇ ਨਾ ਗ੍ਰਿਫਤਾਰ ਕੀਤਾ ਗਿਆ। ਭਾਜਪਾ ਦੇ ਸਿਖਰ ਤੋਂ ਹੇਠਾਂ ਤੱਕ ਘੱਟ ਗਿਣਤੀਆਂ ਪ੍ਰਤੀ ਇਹ ਖੁੱਲ੍ਹੀ ਨਫਰਤ ਨਾ ਸਿਰਫ ਸਵੀਕਾਰ ਕੀਤੀ ਜਾਂਦੀ ਹੈ, ਸਗੋਂ ਇਹ ਆਗੂਆਂ ਦੇ ਕੈਰੀਅਰ ਨੂੰ ਪੌੜੀ ਵੀ ਮੁਹੱਈਆ ਕਰਦੀ ਹੈ। 2019 ਵਿੱਚ ਦਿੱਲੀ 'ਚ ਫਿਰਕੂ ਹਿੰਸਾ ਤੋਂ ਪਹਿਲਾਂ ਅਮਨ ਤੇ ਸਦਭਾਵਨਾ ਦੀ ਅਪੀਲ ਕਰਵ ਵਾਲੇ (ਉਮਰ ਖਾਲਿਦ, ਸ਼ਰਜੀਲ ਇਮਾਮ ਤੇ ਹੋਰ) ਪੰਜ ਸਾਲ ਤੋਂ ਜੇਲ੍ਹ ਵਿੱਚ ਹਨ ਤੇ ਉਨ੍ਹਾਂ ਦੀ ਸੁਣਵਾਈ ਤੱਕ ਸ਼ੁਰੂ ਨਹੀਂ ਹੋਈ, ਜਦਕਿ 'ਦੇਸ਼ ਕੇ ਗ਼ੱਦਾਰੋਂ ਕੋ, ਗੋਲੀ ਮਾਰੋ...' ਵਰਗੇ ਨਾਅਰੇ ਲਾਉਣ ਵਾਲੇ ਵੇਲੇ ਦੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਵਰਗਿਆਂ 'ਤੇ ਕੋਈ ਕਾਰਵਾਈ ਨਹੀਂ ਹੋਈ।

ਸਾਡੇ ਸੰਵਿਧਾਨ ਤੇ ਨਾਗਰਿਕਤਾ ਦੇ ਮਾਪਦੰਡ ਹੌਲੀ-ਹੌਲੀ ਸਿਆਸਤ ਹੱਥੋਂ ਕਮਜ਼ੋਰ ਕੀਤੇ ਜਾ ਰਹੇ ਹਨ, ਜਿਹੜੀ ਧਰਮ ਦਾ ਚੋਲਾ ਪਹਿਨਦੀ ਹੈ। ਅੱਜ ਲੋੜ ਹੈ ਅਲੀ ਖਾਨ, ਉਮਰ ਖਾਲਿਦ, ਨੇਹਾ ਰਾਠੌਰ ਤੇ ਹਿਮਾਂਸ਼ੀ ਨਰਵਾਲ ਵਰਗੇ ਨਾਗਰਿਕਾਂ ਦੀ, ਜਿਹੜੇ ਨਾ ਸਿਰਫ ਅਮਨ ਦੀ ਗੱਲ ਕਰਦੇ ਹਨ, ਸਗੋਂ ਸਮਾਜ ਨੂੰ ਆਈਨਾ ਵੀ ਦਿਖਾਉਂਦੇ ਹਨ। ਨਫਰਤ ਦੀ ਹਨੇਰੀ ਨੂੰ ਇਨ੍ਹਾਂ ਵਰਗੇ ਲੋਕ ਹੀ ਰੋਕ ਸਕਦੇ ਹਨ।

## ਚੋਣ ਰੰਗ !

ਇਸ ਜੰਗਲ ਵਿੱਚ ਜਦੋਂ ਵੀ ਚੋਣ ਹੁੰਦੀ,
ਫੱਟੇ ਵੱਖਰੇ-ਵੱਖਰੇ ਲਾਏ ਜਾਂਦੇ।
ਕਈ ਵਾਰ ਤਾਂ ਇੱਲ੍ਹਾਂ ਦੇ ਆਹਲਣੇ ਵੀ,
ਸਾਫ ਘੜੀ ਦੀ ਘੜੀ ਕਰਵਾਏ ਜਾਂਦੇ।
ਦੇਖੇ ਭੇਡਾਂ ਨੂੰ ਭੈਣ ਜੀ ਸ਼ੇਰ ਕਹਿੰਦੇ,
ਟਿੱਕੇ ਮੱਥਿਆਂ ਉੱਤੇ ਲਗਵਾਏ ਜਾਂਦੇ।
ਕੋਲ ਚੁੱਕ ਕੇ ਗੰਗਾ ਦੇ ਕਾਂਬੜਾਂ ਨੂੰ,
ਕੁਰਲੇ ਪਾਣੀਆਂ ਦੇ ਕਰਵਾਏ ਜਾਂਦੇ।
ਆਖਰਕਾਰ ਨੂੰ ਰੱਬ ਦਾ ਨਾਮ ਲੈ ਕੇ,
ਮੱਥੇ ਡੇਰਿਆਂ ਉੱਤੇ ਟਿਕਵਾਏ ਜਾਂਦੇ।
ਜਿਸ ਮਿਤੀ ਨੂੰ ਜਿੱਤ ਦਾ ਜਸ਼ਨ ਹੁੰਦਾ,
ਫੜ ਕੇ ਮੇਮਣੇ ਕਈ ਝਟਕਾਏ ਜਾਂਦੇ

-ਗੁਲਪੁਰ

# ਕੋਈ ਬੋਲੈ ਰਾਮ ਰਾਮ ਕੋਈ ਖੁਦਾਇ

ਪ੍ਰਿੰਸੀਪਲ ਗਿਆਨ ਸਿੰਘ ਦੁਸਾਂਝ



ਸੋਧੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਜੇਠ ਸੁਦੀ ਚਾਰ, 30 ਮਈ ਨੂੰ ਭਾਰਤ ਅਤੇ ਪਾਕਿਸਤਾਨ ਵਿੱਚ ਪੰਜਵੇਂ ਗੁਰੂ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ, ਪਰ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਦੋ ਹਾੜ੍ਹ 16 ਜੂਨ ਨੂੰ ਵੀ ਪਾਕਿਸਤਾਨ ਅਤੇ ਹੋਰ ਦੇਸ਼ਾਂ ਵਿੱਚ ਸ਼ਹੀਦੀ ਜੋੜ ਮੇਲ ਸਮੇਂ ਸ਼ਰਧਾਂਜ਼ਲੀ ਸਮਾਗਮ ਹੋਣਗੇ।

"(ਗੁਰੂ) ਅਰਜਨ ਦੇਵ ਜੀ ਦਾ ਜਨਮ ਸਾਹਿਬ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁੱਖੋਂ ਵਿਸਾਖ ਵਦੀ 7 ਸੰਮਤ 1620, 19 ਵੈਸਾਖ, 15 ਅਪ੍ਰੈਲ ਸੰਨ 1563 ਨੂੰ ਗੋਇੰਦਵਾਲ ਵਿਖੇ ਹੋਇਆ।" (ਸਾਡਾ ਇਤਿਹਾਸ ਲੇਖਕ ਪ੍ਰਿੰ. ਸਤਿਬੀਰ ਸਿੰਘ, ਪੰਨਾ 205) "ਗੁਰੂ ਅਰਜਨ ਸਾਹਿਬ 2 ਅੱਸੂ ਸੰਮਤ 1638 (1 ਸਤੰਬਰ ਸੰਨ 1581) ਨੂੰ ਗੁਰਗੱਦੀ 'ਤੇ ਬਿਰਾਜੇ ਅਤੇ 43 ਸਾਲ 1 ਮਹੀਨਾ 15 ਦਿਨ ਦੀ ਸਾਰੀ ਉਮਰ ਭੋਗੀ।" (ਮਹਾਨ ਕੋਸ਼ ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ, ਪੰਨਾ 80)

ਸੋ, ਇੰਨੀ ਛੋਟੀ ਅਵਸਥਾ ਵਿੱਚ ਹੀ ਗੁਰੂ ਜੀ ਨੂੰ ਜਾਮ-ਏ-ਸ਼ਹਾਦਤ ਕਿਉਂ ਪੀਣਾ ਪਿਆ? ਛੋਟੇ, ਵੱਡੇ ਕਾਰਨ ਤਾਂ ਕਈ ਸਨ। ਪਰ ਸਭ ਤੋਂ ਵੱਡਾ ਕਾਰਨ ਬਾਦਸ਼ਾਹ ਜਹਾਂਗੀਰ ਦਾ ਪੰਜਵੇਂ ਗੁਰੂ ਜੀ ਪ੍ਰਤੀ ਘੋਰ ਤੁਅੱਸਬ ਸੀ। ਸਿੱਟੇ ਵਜੋਂ, ਬਾਦਸ਼ਾਹ ਜਹਾਂਗੀਰ ਦੇ ਸ਼ਾਹੀ ਫਰਮਾਨ ਅਨੁਸਾਰ 30 ਮਈ, ਸੰਨ 1606 ਨੂੰ ਗੁਰੂ ਜੀ ਨੂੰ ਅਣਕਿਆਸੇ ਅਤੇ ਅਣਮਨੁੱਖੀ ਤਸੀਹੇ ਦੇ ਕੇ ਪੰਜਾਬ ਦੀ ਉਸ ਵੇਲੇ ਦੀ ਰਾਜਧਾਨੀ, ਲਾਹੌਰ ਵਿਖੇ ਸ਼ਹੀਦ ਕਰ ਦਿੱਤਾ ਗਿਆ ਸੀ।

ਭਾਵੇਂ ਗੁਰੂ ਜੀ ਨੇ 1581 ਈ: ਤੋਂ 1606 ਈ. ਤੱਕ 24 ਸਾਲ 9 ਮਹੀਨੇ ਗੁਰਿਆਈ ਕੀਤੀ, ਪਰ 1606 ਈ: ਵਾਂਗ 1581 ਈ: ਦਾ ਸਾਲ ਵੀ ਸਿੱਖ ਇਤਿਹਾਸ ਅਤੇ ਭਾਰਤ ਦੇ ਇਤਿਹਾਸ ਵਿੱਚ ਬਹੁਤ ਮਹਾਨਤਾ ਰੱਖਦਾ ਹੈ। ਇੱਕ ਤਾਂ, ਪੰਜਵੇਂ ਗੁਰੂ ਜੀ 1 ਸਤੰਬਰ, 1581 ਈ: ਨੂੰ ਗੁਰਗੱਦੀ ਉਪਰ ਬਿਰਾਜਮਾਨ ਹੋਏ। ਦੂਜੇ, ਇਸੇ ਸਾਲ ਬਾਦਸ਼ਾਹ ਅਕਬਰ ਨੇ ਦੀਨ-ਏ-ਇਲਾਹੀ (ਉਸ ਅਨੁਸਾਰ ਸ਼ਾਹੀ ਸਾਂਝਾ ਮਜ਼ਹਬ-ਲੇਖਕ) ਚਲਾਇਆ ਸੀ। ਇਹ ਮਜ਼ਹਬ ਤਾਂ ਬਾਦਸ਼ਾਹ ਅਕਬਰ ਦੇ ਸੰਨ 1605 ਵਿੱਚ ਫੌਤ ਹੋਣ ਨਾਲ ਹੀ ਖ਼ਤਮ ਹੋ ਗਿਆ, ਪਰ ਸਿੱਖ ਧਰਮ ਸੰਨ 1606 ਵਿੱਚ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਦੇ ਤੁਰੰਤ ਉਪਰੰਤ ਵੀ ਪ੍ਰਫੁੱਲਿਤ ਹੋਇਆ। ਗੁਰੂ ਜੀ ਨੇ ਕਾਰਜ ਤਾਂ ਬਹੁਤ ਸੰਪੂਰਨ ਕੀਤੇ, ਪਰ ਉਨ੍ਹਾਂ ਵੱਲੋਂ ਪ੍ਰਜਵਲਿਤ ਦੋ ਚਾਨਣ ਮੁਨਾਰੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਅੱਜ ਵੀ ਜਗਮਗਾ ਕੇ ਗੁਰਗਿਆਨ ਦੀਆਂ ਕਿਰਨਾਂ ਬਿਖੇਰ ਰਹੇ ਹਨ।

ਅਸਲ ਵਿੱਚ ਪੰਜਵੇਂ ਗੁਰੂ ਜੀ ਦੇ 1 ਸਤੰਬਰ, 1581 ਈ: ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ, ਗੁਰਗੱਦੀ ਸੰਭਾਲਣ ਤੋਂ ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਦਾ ਗੁਰੂ ਘਰ ਵਿੱਚੋਂ ਵੱਡੇ ਭਰਾਵਾਂ, ਪ੍ਰਿਥੀ ਚੰਦ ਅਤੇ ਮਹਾਂਦੇਵ ਨੇ ਸਖ਼ਤ ਵਿਰੋਧ ਕੀਤਾ ਸੀ। "ਗੁਰੂ ਰਾਮ ਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਦੀ ਲਗਨ, ਨਿਮਰਤਾ ਅਤੇ ਸੇਵਾ ਨੂੰ ਸਾਹਮਣੇ ਰੱਖਦੇ ਹੋਏ ਤੇ ਹੋਰ ਬੇਅੰਤ ਗੁਣਾਂ ਦਾ ਮਾਲਕ ਦੇਖ ਕੇ ਗੁਰਿਆਈ ਦੀ ਗੱਦੀ ਬਖਸ਼ੀ।...ਇਹ ਘਟਨਾ ਜੁਲਾਈ 1581 ਦੀ ਹੈ।" (ਸਾਡਾ ਇਤਿਹਾਸ, ਪੰਨੇ 207 ਅਤੇ 208) ਇਹ ਐਲਾਨ ਹੁੰਦੇ ਸਾਰ ਸ੍ਰੀ ਗੁਰੂ ਰਾਮ ਦਾਸ ਦੇ ਵੱਡੇ ਬੇਟੇ, ਪ੍ਰਿਥੀ ਚੰਦ ਨੂੰ ਤਾਂ ਸੱਤੀਂ ਕੱਪੜੀਂ ਅੱਗ ਲੱਗ ਗਈ ਸੀ। ਮਹਾਂਦੇਵ ਤਾਂ ਬੁੜਬੁੜ ਕਰਕੇ ਚੁੱਪ ਹੋ ਗਿਆ, ਪਰ ਬੜਬੋਲਾ ਪ੍ਰਿਥੀ ਚੰਦ ਵੱਡਾ ਹੋਣ ਕਰਕੇ ਅਤੇ ਗੁਰੂ ਘਰ ਦੇ ਲੰਗਰ ਅਤੇ ਇਮਾਰਤਾਂ ਦੇ ਕਾਰਜਾਂ ਦਾ ਮੁਖੀ ਹੋਣ ਕਰਕੇ ਗੁਰਗੱਦੀ ਦਾ ਮੁੱਖ ਦਾਅਵੇਦਾਰ ਬਣਿਆ ਹੋਇਆ ਸੀ। "ਗੁਰੂਗੱਦੀ ਯੋਗ ਨੂੰ ਹੀ ਦਿੱਤੀ ਭਾਵੇਂ ਉਹ ਛੋਟਾ ਸੀ, ਪੋਤਰਾ ਸੀ, ਦਾਦਾ ਸੀ, ਪਰ ਮਿਲੀ ਯੋਗ ਨੂੰ।" (ਸਾਡਾ ਇਤਿਹਾਸ, ਪੰਨਾ 194) ਪਰਜਾ ਜਾਂ ਸੰਗਤ ਦੇ ਭਲੇ ਹਿੱਤ ਤਖਤ ਉਪਰ ਤਖਤ ਦੇ ਬਿਲਕੁਲ ਲਾਇਕ ਹੀ ਬੈਠਣਾ ਚਾਹੀਦਾ ਹੈ, ਪਰ ਹੱਠ ਧਰਮੀ ਪ੍ਰਿਥੀ ਚੰਦ ਨੇ ਖੂਬ ਹੰਗਾਮਾ ਕੀਤਾ ਅਤੇ ਗੁਰੂ ਪਿਤਾ ਨੂੰ ਵੀ, 'ਕਪੁੱਤ' ਅਤੇ ਕੁਪੱਤਾ ਬਣ ਕੇ ਵੱਧ-ਘੱਟ ਬੋਲਿਆ। ਭਾਵੇਂ ਗੁਰੂ ਪਿਤਾ ਨੇ ਬਹੁਤ ਸਮਝਾਇਆ ਸੀ। ਉਸ ਨੇ ਦਸਤਾਰਬੰਦੀ ਵੇਲੇ ਵੀ ਬਹੁਤ ਖਰੂਦ ਕੀਤਾ ਸੀ, ਫਿਰ, ਪ੍ਰਿਥੀ ਚੰਦ ਨੇ ਗੁਰਗੱਦੀ ਉਪਰ ਕਬਜ਼ਾ ਕਰਨ ਲਈ ਬਹੁਤ ਪਾਪੜ ਵੇਲੇ ਅਤੇ ਕਈ ਗੱਠਜੋੜ ਗੁਰੂ ਜੀ ਵਿਰੋਧੀ ਹਰਕਤ ਵਿੱਚ ਲਿਆਂਦੇ। ਉਸ ਨੇ ਆਖਰੀ ਹਰਬੇ ਵਜੋਂ ਗੁਰੂ ਜੀ ਵਿਰੁੱਧ ਲੂਣ ਮਸਾਲਾ ਲਾ ਕੇ ਕਈ ਸ਼ਿਕਾਇਤਾਂ ਆਪਣੇ ਹਮਖਿਆਲੀ ਅਹਿਲਕਾਰਾਂ ਰਾਹੀਂ ਸ਼ਹਿਜ਼ਾਦਾ ਖੁਰਮ (ਸੂਬੇਦਾਰ ਲਹੌਰ) ਤੱਕ ਪਹੁੰਚਾਈਆਂ, ਪਰ ਜਦ ਉਸ ਨੇ ਗੁਰੂ ਜੀ ਵਿਰੁੱਧ ਕੋਈ ਕਦਮ ਨਾ ਚੁੱਕਿਆ, ਤਦ ਆਖਰ ਓਹੀ ਸ਼ਿਕਾਇਤਾਂ ਦਾ ਪੁਲੰਦਾ ਆਪਣੇ ਹਮਾਇਤੀਆਂ ਰਾਹੀਂ ਸੂਬੇਦਾਰ ਅਜਮੇਰ ਸ਼ਹਿਜ਼ਾਦ ਸਲੀਮ (ਪਿੱਛੋਂ ਬਾਦਸ਼ਾਹ ਜਹਾਂਗੀਰ) ਤੱਕ ਵੀ ਪੁਚਾਇਆ। ਜਦ ਉਹ ਵੀ ਸੁਲ੍ਹਾ ਕੁਲ ਬਾਦਸ਼ਾਹ ਅਕਬਰ ਦੇ ਦਬਦਬੇ ਕਰਕੇ ਤੁਰੰਤ ਕੁਝ ਕਰ ਨਾ ਸਕਿਆ, ਤਦ ਪ੍ਰਿਥੀ ਚੰਦ ਹਾਰ, ਹੰਭ ਕੇ ਅੰਮ੍ਰਿਤਸਰ ਦੇ ਨੇੜੇ ਹੇਰਰ ਨੂੰ ਭੱਜ ਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਕਾਲ ਸਮੇਂ ਸਿੱਖ ਧਰਮ ਦਾ ਬਹੁਤ ਵਿਕਾਸ ਹੋਇਆ ਸੀ। ਇਸ ਕਰਕੇ, ਪ੍ਰੰਪਰਾਵਾਦੀ ਅਤੇ ਈਰਖਾਵਾਦੀ ਹਿੰਦੂ ਭਗਤ ਅਤੇ ਮੁਸਲਮਾਨ ਦਰਵੇਸ਼ ਵੀ ਸਿੱਖ ਧਰਮ ਦੀ ਚੜ੍ਹਤ ਨੂੰ ਠੱਲ੍ਹ ਪਾਉਣ ਲਈ ਖੁੱਲ੍ਹ ਕੇ ਮੈਦਾਨ ਵਿੱਚ ਨਿੱਤਰ ਪਏ ਸਨ। ਆਦਿ ਗ੍ਰੰਥ ਦੇ ਸੰਕਲਨ ਸਮੇਂ ਪੀਲੂ, ਛੱਜੂ, ਸ਼ਾਹ ਹੁਸੈਨ ਅਤੇ ਕਾਹਨਾ ਭਗਤ ਦੀਆਂ ਕਾਵਿ ਰਚਨਾਵਾਂ ਨੂੰ ਸਿੱਖ ਧਰਮ ਦੀ ਕਸਵੱਟੀ ਉਪਰ ਖਰੀਆਂ ਨਾ ਉਤਰਨ ਕਰਕੇ ਪੰਜਵੇਂ ਗੁਰੂ ਜੀ ਨੇ ਸਵੀਕਾਰ ਨਹੀਂ ਕੀਤਾ ਸੀ। ਇਸ ਚੌਕੜੀ ਦੇ ਪਹਿਲੇ ਤਿੰਨ ਮਹਾਂਰਥੀ ਤਾਂ ਦੜ ਵਟ ਗਏ, ਪਰ ਕਾਹਨਾ ਭਗਤ ਨੇ ਗੁਰੂ ਜੀ ਨੂੰ ਬਹੁਤ ਡਰਾਇਆ ਅਤੇ ਧਮਕਾਇਆ। ਜਦ ਗੁਰੂ ਜੀ ਅਡੋਲ ਰਹੇ, ਤਦ ਉਹ ਘੋੜਸਵਾਰੀ ।ਕਰਕੇ ਗੁਰੂ ਜੀ ਵਿਰੁੱਧ ਸ਼ਿਕਾਇਤ ਕਰਨ ਲਈ ਲਾਹੌਰ ਨੂੰ ਰਵਾਨਾ ਹੋ ਗਿਆ। ਛੇਤੀ ਚੜ੍ਹਨ ਸਾਰ ਉਸ ਦਾ ਪੈਰ ਰਕਾਬ ਵਿੱਚ ਉਲਝ ਗਿਆ, ਘੋੜਾ ਘਬਰਾ ਕੇ ਤੇਜ਼ ਦੌੜਿਆ ਅਤੇ ਕਾਹਨਾ ਭਗਤ ਨੂੰ ਦੂਰ ਤੱਕ ਘਸੀਟਦਾ ਚਲੇ ਗਿਆ। ਅੰਤ, ਭਗਤ ਕਾਹਨਾ ਦਾ ਅੰਤ ਆ ਗਿਆ। "ਕਲਾਨੌਰ (ਅਕਬਰ ਦੀ ਤਾਜਪੋਸ਼ੀ ਦਾ ਕਸਬਾ-ਲੇਖਕ) ਦੇ ਰਹਿਣ ਵਾਲਿਆਂ ਭਗਤਾਂ ਤੇ ਹੋਰ ਸੰਬੰਧੀਆਂ ਨੇ ਇਸ ਮੌਤ ਦਾ ਕਾਰਨ (ਅਕਾਰਨ ਹੀ ਲੇਖਕ) ਗੁਰੂ ਅਰਜਨ ਨੂੰ ਦੱਸਿਆ।...ਗੁਰੂ ਅਤੇ ਗੁਰੂ ਗ੍ਰੰਥ ਵਿਰੁੱਧ (ਆਦਿ ਗ੍ਰੰਥ ਨੂੰ ਗੁਰੂ ਦਾ ਦਰਜਾ 1708 ਈ. ਨੂੰ ਦਸਵੇਂ ਗੁਰੂ ਜੀ ਨੇ ਬਖਸ਼ਿਆ ਸੀ-ਲੇਖਕ) ਸ਼ਿਕਾਇਤਾਂ ਅਕਬਰ ਦੇ ਦਰਬਾਰ ਤੱਕ ਪੁਚਾਈਆਂ ਗਈਆਂ। ਅਕਬਰ ਨੇ ਗੁਰੂ ਜੀ ਨੂੰ ਸੱਦਾ ਘੱਲਿਆ। ਭਾਈ ਗੁਰਦਾਸ ਜੀ ਪੁੱਜੇ। ਅਕਬਰ ਨੇ ਦੋਨੋਂ ਪੱਖ ਸੁਣਨ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਾਜ਼ੀਮ (ਅਦਬ ਲੇਖਕ) ਲਾਇਕ ਗ੍ਰੰਥ ਆਖ ਕੇ ਸਿਰ ਨਿਵਾਇਆ।" (ਸਾਡਾ ਇਤਿਹਾਸ-ਪੰਨੇ 237 ਅਤੇ 238) ਅਤੇ ਇਨ੍ਹਾਂ ਵਿਰੋਧੀਆਂ ਦੇ ਸਿਰਾਂ ਉਪਰ ਸੌ ਘੜੇ ਪਾਣੀ ਪੈ ਗਿਆ।

ਸਿੱਖ ਸਾਖੀਆਂ ਅਤੇ ਇਤਿਹਾਸ ਵਿੱਚ ਚੰਦੂ ਸ਼ਾਹ ਵੱਲੋਂ ਗੁਰੂ ਜੀ ਵਿਰੁੱਧ ਬਾਦਸ਼ਾਹ ਜਹਾਂਗੀਰ ਨੂੰ ਉਕਸਾ ਕੇ ਗੁਰੂ ਜੀ ਦੀ ਸ਼ਹੀਦੀ ਦਾ ਹੁਕਮ ਕਰਾਉਣ ਅਤੇ ਤਸੀਹੇ ਦੇਣ ਦਾ ਜ਼ਿਕਰ ਵੀ ਆਉਂਦਾ ਹੈ। "ਇਹ ਕਹਾਣੀ ਕਿ ਗੁਰੂ ਜੀ ਨੂੰ ਚੰਦੂ ਸ਼ਾਹ ਨੇ ਤਸੀਹੇ ਦੇ ਕੇ ਮਾਰਿਆ, ਇਕ ਮਨਘੜਤ ਕਹਾਣੀ ਹੈ। ਬਾਦਸ਼ਾਹ ਦੇ ਹੁਕਮ ਦੀ ਪਾਲਣਾ ਕਰਨ ਲਈ ਸਰਕਾਰੀ ਸਾਧਨ ਸਨ।....ਡਾਕਟਰ ਗੰਡਾ ਸਿੰਘ ਜੀ ਲਿਖਦੇ ਹਨ ਕਿ ਚੰਦੂ ਸ਼ਾਹ ਦਾ ਨਾਂ ਤੇਜ਼ ਕੇ ਜਹਾਂਗੀਰੀ ਜਾਂ ਕਿਸੇ ਲਿਖੀ ਸਮਕਾਲੀ ਜਾਂ ਅਰਥ ਸਮਕਾਲੀ ਪੁਸਤਕ ਵਿੱਚ ਨਹੀਂ ਹੈ। ਜੋ ਜਹਾਂਗੀਰ ਦੇ ਰਾਜ ਬਾਰੇ ਲਿਖੀ ਗਈ ਹੋਵੇ।" (ਪੰਜਾਬ ਦਾ ਇਤਿਹਾਸ-ਪੰਨੇ 192 ਅਤੇ 197) ਸਾਡੀ ਸੋਚ ਅਨੁਸਾਰ ਚੰਦੂ ਸ਼ਾਹ ਲਾਹੌਰ ਦਰਬਾਰ ਦਾ ਦੀਵਾਨ ਨਹੀਂ, ਸਗੋਂ ਸਧਾਰਨ ਸਰਕਾਰੀ ਕਰਮਚਾਰੀ ਸੀ। ਜਿੱਥੋਂ ਤੱਕ ਚੰਦੂ ਸ਼ਾਹ ਵੱਲੋਂ ਆਪਣੀ ਲੜਕੀ ਦਾ ਸਾਕ ਸਹਿਜ਼ਾਦੇ ਹਰਿਗੋਬਿੰਦ ਸਾਹਿਬ ਨਾਲ ਕਰਨ ਦਾ ਸੰਬੰਧ ਹੈ, ਇਹ ਘਟਨਾ ਦਰੁੱਸਤ ਹੈ, ਪਰ "ਪੰਥ ਪ੍ਰਕਾਸ਼ ਦੇ ਲਿਖਾਰੀ ਦਾ ਕਹਿਣਾ ਹੈ ਕਿ ਗੁਰੂ ਜੀ ਨੇ ਪੂਰੀ ਸਲਾਹ ਨਾਲ (ਸੰਗਤ ਨਾਲ ਕਰਕੇ-ਲੇਖਕ) ਇਹ ਰਿਸ਼ਤਾ ਮੋੜਿਆ ਸੀ।" (ਸਾਡਾ ਇਤਿਹਾਸ-ਪੰਨਾ 238)। ਸੋ, ਇਹ ਕਹਾਣੀ ਉੱਤੇ ਲੋੜੋਂ ਵੱਧ ਜ਼ੋਰ ਦੇ ਕੇ ਮੁਗਲ ਸਰਕਾਰ ਪੱਖੀ ਇਤਿਹਾਸਕਾਰਾਂ ਜਾਂ ਅਣਜਾਣ ਹੋਰ ਇਤਿਹਾਸਕਾਰਾਂ ਨੇ ਇਸ ਨੂੰ ਇਸ ਕਰਕੇ ਧੁੰਮਾਇਆ ਕਿ ਗੁਰੂ ਜੀ ਦੀ ਸ਼ਹੀਦੀ ਦਾ ਮੁੱਖ ਦੋਸ਼ੀ ਚੰਦੂ ਸ਼ਾਹ ਸਮਝਿਆ ਜਾਵੇ, ਨਾ ਕਿ ਬਾਦਸ਼ਾਹ ਜਹਾਂਗੀਰ। ਅਜਿਹਾ ਕਰਨ ਦਾ ਮਕਸਦ ਹਿੰਦੂ-ਸਿੱਖਾਂ ਦੇ ਸੁਖਾਵੇਂ ਸੰਬੰਧਾਂ ਨੂੰ ਵਿਗਾੜਨਾ ਹੀ ਹੋ ਸਕਦਾ ਹੈ।

ਸਾਡੀ ਸਮਝ ਅਨੁਸਾਰ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਜੀ ਵਿਰੁੱਧ ਉਕਸਾਉਣ ਅਤੇ ਭੜਕਾਉਣ ਵਿੱਚ ਸਰਹੰਦ ਦੇ ਨਕਸ਼ਬੰਦੀਆਂ ਦਾ ਹੱਥ ਸਭ ਤੋਂ ਵੱਧ ਸੀ। ਉਨ੍ਹਾਂ ਦੇ ਮੁੱਖ ਆਗੂ ਮੌਲਾਨਾ ਸ਼ੇਖ ਅਹਿਮਦ ਸਰਹੰਦੀ ਦੀ ਪ੍ਰਬਲ ਖਾਹਸ਼ ਸੀ ਕਿ ਪੁਰਾਣੇ ਪੰਜਾਬ ਦੇ ਸਾਰੇ ਗੈਰ ਮੁਸਲਮਾਨਾਂ ਨੂੰ ਮੁਸਲਮਾਨ ਬਣਾਇਆ ਜਾਵੇ। ਸ਼ੇਖ ਫਰੀਦ ਬੁਖਾਰੀ (ਜਹਾਂਗੀਰ ਬਾਦਸ਼ਾਹ ਵੱਲੋਂ ਕਿਤਾਬ ਨਵਾਬ ਮੁਰਤਜਾ ਖਾਂ) ਵੀ ਇਸ ਮੁਸਲਿਮ ਪੁਨਰ ਸੁਰਜੀਤੀ ਦਾ ਕੱਟੜ ਹਮਾਇਤੀ ਸੀ, ਪਰ ਇਨ੍ਹਾਂ ਦੋਹਾਂ ਦੀ ਇੱਛਾ ਦੇ ਉਲਟ, ਗੁਰੂ ਜੀ ਵੇਲੇ ਵਰਤਾਰਾ ਉਲਟ ਵਰਤ ਰਿਹਾ ਸੀ) "ਦਬਿਸਤਾਨ ਦੇ ਲੇਖਕ ਅਨੁਸਾਰ....ਗੁਰੂ ਅਰਜਨ ਸਾਹਿਬ ਦੇ ਸਮੇਂ ਤੱਕ ਉਨ੍ਹਾਂ (ਸਿੱਖਾਂ-ਲੇਖਕ) ਦੀ ਗਿਣਤੀ ਏਨੀ ਜ਼ਿਆਦਾ ਹੋ ਗਈ ਸੀ ਕਿ ਇਸ ਮੁਲਕ ਵਿੱਚ ਸ਼ਾਇਦ ਹੀ ਕੋਈ ਸ਼ਹਿਰ ਜਾਂ ਨਗਰ ਹੋਵੇ, ਜਿਥੇ ਸਿੱਖ ਨਹੀਂ ਸਨ।" (ਪੰਜਾਬ ਦਾ ਇਤਿਹਾਸ, ਪੰਨੇ 179 ਅਤੇ 180) ਸਾਡੀ ਖੋਜ ਅਨੁਸਾਰ ਪਿਸ਼ਾਵਰ ਤੋਂ ਦਿੱਲੀ ਤੱਕ ਪਸਰੇ ਪੁਰਾਣੇ ਪੰਜਾਬ ਦੇ ਤਕਰੀਬਨ ਸਾਰੇ ਜੱਟ ਗੋਤ ਪੰਜਵੇਂ ਗੁਰੂ ਜੀ ਦੇ ਗੁਰਗੱਦੀ ਸੰਭਾਲਣ ਤੱਕ ਸਖੀ ਸਰਵਰ ਲਾਲਾਂ ਵਾਲੇ ਲੱਖ ਦਾਤੇ ਨੂੰ ਮੰਨਣ ਕਰਕੇ ਸੁਲਤਾਨੀਏ ਕਹਾਉਂਦੇ ਸਨ ਅਤੇ ਘਰ ਵਿੱਚ ਹਿੰਦੂ ਰਸਮਾਂ ਅਤੇ ਬਾਹਰ ਇਸਲਾਮੀ ਰਹੁ-ਰੀਤਾਂ ਕਰਦੇ ਸਨ, ਪਰ, ਗੁਰੂ ਜੀ ਅਤੇ ਉਨ੍ਹਾਂ ਦੇ ਥਾਪੇ ਮਸੰਦਾਂ ਨੇ ਸਿੱਖੀ ਦਾ ਅਜਿਹਾ ਧੂੰਆਂਧਾਰ ਪ੍ਰਚਾਰ ਕੀਤਾ ਕਿ ਤਕਰੀਬਨ ਸਾਰੇ ਸੁਲਤਾਨੀਏ ਜੱਟ ਸਿੱਖ ਸਜ ਗਏ। ਇਸ ਜ਼ੋਰਦਾਰ ਰੁਝਾਨ ਨੂੰ ਭਾਂਪ ਕੇ ਮੌਲਾਨਾ ਸ਼ੇਖ ਅਹਿਮਦ ਸਰਹੰਦੀ ਬਹੁਤ ਛਟਪਟਾਇਆ ਅਤੇ ਉਸ ਨੇ ਆਪਣੇ ਨੁਮਾਇੰਦੇ ਅਜਮੇਰ ਭੇਜ ਕੇ ਸ਼ਹਿਜ਼ਾਦਾ ਸਲੀਮ ਨੂੰ ਬਹੁਤ ਚੁੱਕਿਆ ਕਿ ਜੇ ਮੌਕਾ ਨਾ ਸੰਭਾਲਿਆ ਗਿਆ ਤਾਂ ਸਾਰੇ ਪੰਜਾਬ ਵਿੱਚ ਸਮਝੋ ਸਿੱਖ ਛਾ ਜਾਣਗੇ।

ਪਰ ਗੁਰੂ ਜੀ ਤਾਂ ਨਿਰਾ ਪੰਜਾਬ ਵਿੱਚ ਹੀ ਨਹੀਂ ਸਗੋਂ ਸਾਰੇ ਦੇਸ਼ ਵਿੱਚ ਸਭ ਧਰਮਾਂ ਦੇ ਰੰਗ, ਬਰੰਗੇ ਫੁੱਲ ਖਿੜੇ ਦੇਖਣਾ ਚਾਹੁੰਦੇ ਸਨ ਅਤੇ ਉਨ੍ਹਾਂ ਦਾ ਪੱਕਾ ਵਿਸ਼ਵਾਸ ਸੀ ਕਿ ਸਭ ਧਰਮਾਂ ਵਾਲਿਆਂ ਨੂੰ ਪੂਜਾ-ਪਾਠ ਅਤੇ ਹੋਰ ਧਾਰਮਿਕ ਰਸਮਾਂ ਪੂਰੀਆਂ ਕਰਨ ਲਈ ਬਰਾਬਰ ਖੁੱਲ੍ਹ ਹੋਣੀ ਚਾਹੀਦੀ ਹੈ, ਤਾਂ ਕਿ

"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
ਕੋਈ ਸੇਵੈ ਗੁਸਾਈਆ ਕੋਈ ਅਲਾਹਿ॥1॥" (ਅੰਗ-885)

ਤੁਅੱਸਬ ਦੀ ਨਫ਼ਰਤ ਨਾਲ ਡੰਗਿਆ ਬਾਦਸ਼ਾਹ ਜਹਾਂਗੀਰ ਸਭ ਧਰਮਾਂ ਦੀ ਸਦਭਾਵਨਾ ਵਾਲੀ ਅਜਿਹੀ ਸਥਿਤੀ ਕਤੱਈ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਸੀ, ਜੋ ਬਾਦਸ਼ਾਹ ਅਕਬਰ ਦੇ ਸਮੇਂ ਵਿਚਰ ਰਹੀ ਸੀ। ਬਾਦਸ਼ਾਹ ਅਕਬਰ ਦੇ 16 ਅਕਤੂਬਰ ਸੰਨ 1605 ਨੂੰ ਫੌਤ ਹੋਣ ਸਮੇਂ ਜਹਾਂਗੀਰ ਕੱਟੜ ਸਾਜ਼ਸ਼ੀ ਦਰਬਾਰੀਆਂ ਅਤੇ ਅਜਿਹੇ ਹੀ ਅਹਿਮ ਫੌਜੀ ਜਰਨੈਲ ਸ਼ੇਖ ਫਰੀਦ ਬੁਖਾਰੀ ਅਤੇ ਕੱਟੜ ਕਾਜ਼ੀਆਂ, ਮੁਲਾਣਿਆਂ ਅਤੇ ਸ਼ੇਖ ਸਰਹੰਦੀ ਵਰਗੇ ਕੱਟੜ ਮੁਸਲਿਮ ਵਿਰੋਧੀਆਂ ਦੀ ਮਦਦ ਨਾਲ ਤਖਤ ਉੱਤੇ ਬੈਠਾ ਸੀ। ਬਾਦਸ਼ਾਹ ਜਹਾਂਗੀਰ ਨੂੰ ਅਜਮੇਰ ਦੀ ਸੂਬੇਦਾਰੀ ਸਮੇਂ ਕੀਤੇ ਵਾਅਦੇ ਜਦ ਯਾਦ ਆਏ ਜਾਂ ਯਾਦ ਕਰਾਏ, ਤਦ ਉਹ ਗੁਰੂ ਜੀ ਨੂੰ ਸ਼ਹੀਦ ਕਰਨ ਲਈ ਡਟ ਗਿਆ। ਸ਼ਹਿਜ਼ਾਦਾ ਖੁਸਰੋ ਦੀ ਬਗਾਵਤ ਨੂੰ ਦਬਾਉਣ ਬਾਅਦ ਉਸ ਨੇ ਗੁਰੂ ਜੀ ਪ੍ਰਤੀ ਆਪਣੇ ਮਨ ਵਿੱਚ ਨਫ਼ਰਤ ਭੜਾਸ 'ਤੁਜ਼ਕੇ ਜਹਾਂਗੀਰੀ' ਵਿੱਚ ਇਸ ਪ੍ਰਕਾਸ ਕੱਢੀ:

"ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ (ਗੁਰੂਆ ਲੇਖਕ) ਨੇ ਇਸ ਦੁਕਾਨ ਨੂੰ ਗਰਮ ਰੱਖਿਆ ਹੋਇਆ ਸੀ। ਕਿੰਨੇ ਚਿਰ ਤੋਂ ਮੇਰੇ ਮਨ ਵਿੱਚ ਇਹ ਖਿਆਲ ਆਉਂਦਾ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ (ਗੁਰੂ ਅਰਜਨ ਸਾਹਿਬ-ਲੇਖਕ) ਨੂੰ ਇਸਲਾਮ ਵਿੱਚ ਲਿਆਉਣਾ ਚਾਹੀਦਾ ਹੈ। ਆਖਿਰਕਾਰ, ਇਨ੍ਹਾਂ ਦਿਨਾਂ ਵਿੱਚ ਜਦੋਂ ਖੁਸਰੋ ਇਸ ਸੜਕ ਤੋਂ ਲੰਘਿਆ ਤਾਂ ਇਸ ਨਿੱਕੇ ਜਿਹੇ ਆਦਮੀ (ਗੁਰੂ ਅਰਜਨ ਸਾਹਿਬ-ਲੇਖਕ) ਨੇ ਉਸ ਨੂੰ ਮਿਲਣ ਦਾ ਫੈਸਲਾ ਕੀਤਾ ਅਤੇ ਉਸ ਦੇ ਮੱਥੇ ਉਤੇ ਉਂਗਲੀ ਨਾਲ ਕੇਸਰ ਦਾ ਟਿੱਕਾ ਲਾਇਆ।" (ਤੁਜ਼ਕੇ ਜਹਾਂਗੀਰੀ, ਪੰਨਾ 35, ਨਵਲ ਕਿਸ਼ੋਰ ਐਡੀਸ਼ਨ)

ਉਪਰੋਕਤ ਲਿਖਤ ਦਾ ਪਿਛਲਾ ਅੱਧਾ ਹਿੱਸਾ ਬਿਲਕੁਲ ਗਲਤ ਹੈ ਅਤੇ ਪਹਿਲਾ ਅੱਧਾ ਹਿੱਸਾ ਹਕੂਮਤੀ ਹਕਾਰਤ ਅਤੇ ਹਮਾਕਤ ਭਰਿਆ ਹੈ। ਇਹ ਇੱਕ ਹਕੀਕਤ ਹੈ ਕਿ ਗੁਰੂ ਜੀ ਆਪ ਬਾਗੀ ਸ਼ਹਿਜ਼ਾਦੇ ਨੂੰ ਮਿਲਣ ਨਹੀਂ ਗਏ ਸਨ, ਸਗੋਂ ਉਹ ਖੁਦ ਆਪਣੇ ਸਹਿਯੋਗੀਆਂ ਸਮੇਤ ਗੁਰੂ ਦਰਬਾਰ ਵਿੱਚ ਹਾਜ਼ਰ ਹੋਇਆ ਸੀ ਅਤੇ ਲੰਗਰ ਛਕਣ ਉਪਰੰਤ ਤੁਰੰਤ ਪੱਤਰਾ ਵਾਚ ਗਿਆ ਸੀ। "ਗੋਇੰਦਵਾਲ ਦੇ ਸਰੂਪ ਦਾਸ ਭੱਲਾ ਨੇ 'ਮਹਿਮਾ ਪ੍ਰਕਾਸ਼' ਵਿੱਚ ਲਿਖਿਆ ਹੈ ਕਿ ਸ਼ਹਿਜ਼ਾਦੇ ਨੇ ਗੁਰੂ ਦੇ ਲੰਗਰ ਵਿੱਚੋਂ ਭੋਜਨ ਛਕਿਆ। ਇਹ ਲੰਗਰ ਹਰ ਕਿਸੇ ਲਈ ਖੁੱਲ੍ਹਾ ਸੀ। ਉਹ ਤਿਲਕ ਦਾ ਜ਼ਿਕਰ ਨਹੀਂ ਕਰਦਾ।" (ਪੰਜਾਬ ਦਾ ਇਤਿਹਾਸ-ਪੰਨਾ 195) ਇੱਕ ਇਤਿਹਾਸਕ ਸੱਚਾਈ ਹੈ ਕਿ ਜਦੋਂ ਵੀ ਸ਼ਹਿਜ਼ਾਦੇ ਖੁਸਰੋ ਸਮੇਤ ਬਾਦਸ਼ਾਹ ਅਕਬਰ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਉਨ੍ਹਾਂ ਦੇ ਮੱਥ ਉੱਤੇ ਗੁਰੂ ਜੀ ਨੇ ਤਿਲਕ ਨਹੀਂ ਲਾਇਆ ਸੀ। ਤਦ ਫਿਰ ਪੰਜਵੇਂ ਗੁਰੂ ਜੀ ਬਾਗੀ ਸ਼ਹਿਜ਼ਾਦੇ ਦੇ ਤਿਲਕ ਦਾ ਟਿੱਕਾ ਕਿਉਂ ਲਾਉਂਦੇ? ਇਹ ਸ਼ਾਜ਼ਿਸ਼ੀਆਂ ਨੇ ਮਨਘੜਤ ਘਾੜਤ ਘੜੀ ਸੀ ਅਤੇ ਜਹਾਂਗੀਰ ਬਾਦਸ਼ਾਹ ਨੇ ਅੱਖਾਂ ਮੀਟ ਕੇ ਮੰਨ ਲਈ ਸੀ, ਕਿਉਂਕਿ ਗੁਰੂ ਜੀ ਉਪਰ ਇਹ ਇਲਜ਼ਾਮ ਉਸ ਨੂੰ ਵਧੇਰੇ ਵਜ਼ਨਦਾਰ ਜਾਪਦਾ ਸੀ।

ਸਾਡੀ ਸੋਚ ਇਹ ਹੈ ਕਿ ਜੇ ਸ਼ਹਿਜ਼ਾਦਾ ਖੁਸਰੋ ਨੂੰ ਬਾਦਸ਼ਾਹ ਅਕਬਰ ਹਿੰਦੁਸਤਾਨ ਦਾ ਬਾਦਸ਼ਾਹ ਬਣਾ ਜਾਂਦੇ, ਤਦ ਪੰਜਵੇਂ ਗੁਰੂ ਜੀ ਦੀ ਸ਼ਹੀਦੀ ਦੀ ਨੌਬਤ ਨਹੀਂ ਆਉਣੀ ਸੀ। ਅਸੀਂ ਇਹ ਵੀ ਸਮਝਦੇ ਹਾਂ ਕਿ ਜੇ ਸ਼ਹਿਜ਼ਾਦਾ ਖੁਸਰੋ ਆਪਣੇ ਬਾਪ ਵਿਰੁੱਧ ਬਗਾਵਤ ਦਾ ਝੰਡਾ ਬੁਲੰਦ ਨਾ ਵੀ ਕਰਦਾ, ਤਦ ਵੀ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਵਿਰੁੱਧ ਵਸੂਲੀਆਂ ਦਰਖਾਸਤਾਂ ਨੂੰ ਸਹੀ ਠਹਿਰਾ ਕੇ ਗੁਰੂ ਜੀ ਨੂੰ ਹੁਕਮ ਦੇਣਾ ਸੀ, "ਇਸਲਾਮ ਕਬੂਲ ਕਰੋ ਜਾਂ ਮਰਨ ਲਈ ਤਿਆਰ ਹੋ ਜਾਓ।" ਅਤੇ ਗੁਰੂ ਜੀ ਨੇ ਦੂਜਾ ਬਦਲ ਹੀ ਚੁਣਨਾ ਸੀ। ਸੋ, ਸ਼ਹਿਜ਼ਾਦੇ ਖੁਸਰੋ ਦੀ ਬਗਾਵਤ ਤਾਂ ਇਕ ਤੁਰੰਤ ਸੁੱਝਿਆ ਬਹਾਨਾ ਸੀ। ਨਵਾਬ ਮੁਰਤਜਾ ਖਾਂ ਨੇ ਬਾਦਸ਼ਾਹ ਦੇ ਹੁਕਮ ਦੀ ਇੰਨ-ਬਿੰਨ ਪਾਲਣਾ ਕਰਦਿਆਂ ਲਾਹੌਰ ਦਰਬਾਰ ਦੇ ਵਿਸ਼ਵਾਸੀ ਅਹਿਲਕਾਰਾਂ ਤੋਂ ਖੁਦ ਅਕਹਿ ਅਤੇ ਅਸਹਿ ਤਸੀਹੇ ਗੁਰੂ ਜੀ ਨੂੰ ਦੁਆਏ।

ਗੁਰੂ ਜੀ 5 ਦਿਨ ਲਾਹੌਰ ਦਰਬਾਰ ਦੀ ਕੈਦ ਵਿੱਚ ਰਹੇ। ਉਨ੍ਹਾਂ ਨੂੰ ਅਤਿ ਤੱਤੀਆਂ ਤਵੀਆਂ ਉਪਰ ਬਿਠਾਇਆ ਗਿਆ ਅਤੇ ਸਿਰ ਉਪਰ ਸੜਦੀ, ਬਲਦੀ ਰੇਤ ਦੇ ਕੜਛੇ ਭਰ,-ਭਰ ਪਾਏ ਗਏ। ਜੇਠ ਮਹੀਨੇ ਦੀ ਗਰਮੀ ਵੀ ਕਹਿਰ ਦੀ ਸੀ। ਕਹਿੰਦੇ ਹਨ ਕਿ ਗੁਰੂ ਜੀ ਨੂੰ ਉਬਲਦੀ ਦੇਗ ਵਿੱਚ ਵੀ ਉਬਾਲਿਆ ਗਿਆ। ਗੁਰੂ ਜੀ ਲਗਾਤਾਰ ਪਾਠ ਕਰਦੇ ਰਹੇ ਅਤੇ ਖਿੜੇ ਮੱਥੇ ਤਸੀਹੇ ਝੱਲਦੇ ਰਹੇ। ਬਾਦਸ਼ਾਹ ਜਹਾਂਗੀਰ ਨੇ ਆਪਣਾ ਜਬਰ ਅਜ਼ਮਾ ਲਿਆ ਅਤੇ ਪਾਤਸ਼ਾਹ ਗੁਰੂ ਜੀ ਨੇ ਆਪਣਾ ਸਬਰ ਅਜ਼ਮਾ ਲਿਆ। ਗੁਰੂ ਜੀ ਲਗਾਤਾਰ ਚੜ੍ਹਦੀ ਕਲਾ ਵਿੱਚ ਰਹੇ। ਸਾਡੀ ਜਾਚੇ, ਸ਼ਾਇਦ ਗੁਰੂ ਜੀ ਨੇ ਆਪਣੇ ਉਚਾਰੇ ਇਸ ਸ਼ਬਦ ਉਤੇ ਵੀ ਧਿਆਨ ਕੇਂਦਰਿਤ ਕੀਤਾ ਹੋਵੇਗਾ:

"ਜਿਸ ਕੇ ਸਿਰ ਉਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ, ਮਰਣਾ ਚੀਤ ਨ ਆਵੈ॥1॥"
(ਅੰਗ-749)

ਹੋਰ ਨਾ ਚਾਰਾ ਚਲਦਾ ਦੇਖ ਕੇ ਅਹਿਲਕਾਰਾਂ ਨੇ ਹੱਥ, ਪੈਰ ਬੰਨ੍ਹ ਕੇ ਗੁਰੂ ਜੀ ਨੂੰ ਦਰਿਆ ਰਾਵੀ ਵਿੱਚ ਰੋੜ੍ਹ ਦਿੱਤਾ।

ਭਾਈ ਰਤਨ ਸਿੰਘ ਜੀ ਭੰਗੂ ਲਿਖਦੇ ਹਨ: ਗੁਰੂ ਅਰਜਨ ਦਰਿਆਇ ਨ ਬੋੜਯੋ।...

ਭਾਈ ਕੇਸਰ ਸਿੰਘ ਛਿੱਬਰ ਵੀ ਇਸ ਬਾਰੇ ਲਿਖਦਾ ਹੈ:

"ਸੋ ਬਧੇ ਹੋਏ ਹੀ ਦਿਤੇ ਨਦੀ ਰੁੜਾਏ।" (ਸਾਡਾ ਇਤਿਹਾਸ, ਪੰਨਾ 246)

"ਸ਼ੇਖ ਅਹਿਮਦ ਸਰਹੰਦੀ, ਮੁਜੱਦ-ਏ-ਅਲਫ਼-ਏ-ਸਾਨੀ, ਗੁਰੂ ਸਾਹਿਬ ਦੀ ਮੌਤ 'ਤੇ ਬਹੁਤ ਖੁਸ਼ ਹੋਇਆ।" (ਪੰਜਾਬ ਦਾ ਇਤਿਹਾਸ, ਪੰਨਾ 199) ਕਿਉਂਕਿ ਉਹ ਖੁਦ ਹੀ ਤਾਂ ਇਸ ਮਨਸੂਬੇ ਦੀ ਜੜ੍ਹ ਸੀ।

ਇਸ ਸ਼ਹੀਦੀ ਦੇ ਬਹੁਤ ਦੂਰਰਸ ਸਿੱਟੇ ਨਿਕਲੇ। ਛੇਵੇਂ ਗੁਰੂ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਗਤ ਦੀ ਸਲਾਹ ਅਨੁਸਾਰ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਤੁਰੰਤ ਧਾਰਨ ਕਰ ਲਈਆਂ-ਇੱਕ ਸਿੱਖ ਧਰਮ ਦੇ ਬਚਾਓ ਲਈ ਅਤੇ ਦੂਜੀ ਸਿੱਖ ਧਰਮ ਦੇ ਹਿੰਸਕ ਵਿਰੋਧੀਆਂ ਦੇ ਖੜਕਾਓ ਲਈ। ਗੁਰੂ ਜੀ ਦੀ ਸੁਚੱਜੀ ਅਗਵਾਈ ਵਿੱਚ ਸਿੱਖ ਫੌਜ ਦੀ ਭਰਤੀ ਸ਼ੁਰੂ ਹੋ ਗਈ। ਗੁਰੂ ਜੀ ਨੇ ਸੰਗਤ ਵਿੱਚ ਬੀਰ ਰਸ ਦਾ ਸੰਚਾਰ ਕਰਨ ਲਈ ਦੋ ਸਮਕਾਲੀ ਢਾਡੀਆਂ, ਮੀਰ ਨੱਥ ਮੱਲ ਅਤੇ ਮੀਰ ਅਬਦੁੱਲਾ ਤੋਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਵਾਰਾਂ ਦਾ ਕੀਰਤਨ ਅਰੰਭ ਕਰਾ ਦਿੱਤਾ। ਲਤੀਫ਼ ਲਿਖਦਾ ਹੈ, "ਇਸ ਸ਼ਹਾਦਤ ਦੇ ਸਮੇਂ ਤੋਂ ਹੀ ਸਿੱਖਾਂ ਦੇ ਮਨਾਂ ਵਿੱਚ ਮੁਸਲਮਾਨਾਂ ਲਈ ਨਫ਼ਰਤ ਦੇ ਬੀਜ ਬੀਜੇ ਗਏ।" (ਸਾਡਾ ਇਤਿਹਾਸ, ਪੰਨਾ 249) ਅਸੀਂ ਲਤੀਫ਼ ਦੇ ਇਸ ਹੂੰਝਾ ਫੇਰੂ ਖ਼ਤਰਨਾਕ ਨਿਰਣੇ ਨਾਲ ਸਹਿਮਤ ਨਹੀਂ ਹਾਂ। "ਪਰ ਇਤਨੀ ਸੱਚਾਈ ਮੰਨਣੀ ਪਵੇਗੀ ਕਿ ਮੁਸਲਮਾਨਾਂ ਵਿਰੁੱਧ ਜੇ ਨਹੀਂ ਤਾਂ ਮੁਗਲ ਹਕੂਮਤ ਵਿਰੁੱਧ ਨਫ਼ਰਤ ਦਾ ਇਕ ਜਜ਼ਬਾ ਸਿੱਖਾਂ ਵਿੱਚ ਪੈਦਾ ਹੋ ਗਿਆ ਸੀ।" (ਸਾਡਾ ਇਤਿਹਾਸ, ਪੰਨਾ 249 ਸਾਡੇ ਨਿਰਣੇ ਅਨੁਸਾਰ ਬਾਬਰਕਿਆਂ ਅਤੇ ਬਾਬੇਕਿਆਂ ਦੀ ਟੱਕਰ ਤਾਂ 1521 ਈ. ਤੋਂ ਹੀ ਸ਼ੁਰੂ ਹੋ ਗਈ ਸੀ ਜਦ ਜਾਬਰ ਬਾਬਰ ਨੇ ਸਾਬਤ ਪ੍ਰਥਮ ਪਾਤਸ਼ਾਹ ਜੀ ਨੂੰ ਕੈਦਖਾਨੇ ਬੰਦ ਕਰ ਦਿੱਤਾ ਸੀ, ਕਿਉਂਕਿ ਉਨ੍ਹਾਂ ਨੇ ਉਸ ਦੇ ਹਮਲੇ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਸੀ। ਇਕ ਟੱਕਰ ਅਹਿੰਸਕ ਵੀ ਰਹੀ ਅਤੇ ਹਿੰਸਕ ਵੀ, ਜਿਹਾ ਕਿ ਛੇਵੇਂ ਗੁਰੂ ਜੀ, ਦਸਵੇਂ ਗੁਰੂ ਜੀ ਸਮੇਂ ਅਤੇ ਪਿੱਛੋਂ ਵੀ। ਆਖਰ, ਮੁਗਲ ਰਾਜ ਦਾ ਤਾਂ ਖਾਤਮਾ ਹੋ ਗਿਆ, ਪਰ ਸਿੱਖ ਧਰਮ ਦੇ ਨਿਸ਼ਾਨ ਸਾਹਿਬ ਅੱਜ ਵੀ ਝੂਲਦੇ ਹਨ।

ਅੰਤ ਵਿੱਚ ਅਸੀਂ ਇਹ ਲਿਖੇ ਬਿਨਾਂ ਨਹੀਂ ਰਹਿ ਸਕਦੇ ਕਿ ਪੰਜਵੇਂ ਗੁਰੂ ਜੀ ਦਾ ਹਲੀਮੀ ਅਥਵਾ ਹਲੇਮੀ ਰਾਜ ਸਥਾਪਨਾ ਦਾ ਸੁਪਨਾ ਅਜੇ ਸੰਪੂਰਨ ਨਹੀਂ ਹੋਇਆ। ਉਨ੍ਹਾਂ ਨੇ ਫਰਮਾਇਆ ਸੀ,

"ਹੁਣਿ ਹੁਕਮੁ ਹੋਆ ਮਿਹਰਵਾਣ ਦਾ॥
ਪੈ ਕੋਇ ਨਾ ਕਿਸੈ ਰਵਾਣਦਾ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜ ਜੀਉ॥3॥
(ਅੰਗ 74)

ਇਹ ਸੁਪਨਾ ਤਦ ਹੀ ਸਾਕਾਰ ਹੋਵੇਗਾ, ਜਦ ਸਰਬੱਤ ਦਾ ਭਲਾ ਮੰਗਣ ਵਾਲੇ ਅਤੇ ਸਾਂਝੀਵਾਲ ਸਮਾਜ ਦੇ ਸਮਰਥਕ ਆਪ ਵੀ, ਆਪਣੀ ਫੁੱਟ ਉੱਤੇ ਕਾਬੂ ਪਾਉਂਦੇ ਹੋਏ ਇਕਜੁੱਟ ਹੋ ਕੇ ਸੰਘਰਸ਼ ਕਰਨਗੇ ਅਤੇ ਲੋਕਾਂ ਅਥਵਾ ਸੰਗਤ ਨੂੰ ਨਾਲ ਲੈ ਕੇ ਅੱਗੇ ਵਧਣਗੇ। ਇਹ ਹੀ ਗੁਰੂ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

*# ਸੰਪਰਕ : 99152-43184*

# ਬੱਚਿਆਂ ਨੂੰ ਆਪਣੀ ਮਾਂ-ਬੋਲੀ ਪੰਜਾਬੀ 'ਤੇ ਮਾਣ ਕਰਨਾ ਸਿਖਾਓ

ਡਾ. ਸਤਿੰਦਰ ਪਾਲ ਸਿੰਘ

ਅਕਸਰ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਕਿ ਨਵੀਂ ਪੀੜ੍ਹੀ ਮਾਂ ਬੋਲੀ ਪੰਜਾਬੀ ਤੋਂ ਦੂਰ ਹੁੰਦੀ ਜਾ ਰਹੀ ਹੈ । ਮਾਤ੍ਰ ਭਾਸ਼ਾ ਦਾ ਮਾਣ, ਸਤਿਕਾਰ ਘਟਦਾ ਜਾ ਰਿਹਾ ਹੈ । ਕੁਝ ਸਮਾਂ ਪਹਿਲਾਂ ਇੱਕ ਸਰਵੇਖਣ ਚਰਚਾ ਵਿੱਚ ਰਿਹਾ ਕਿ ਮਾਂ ਬੋਲੀ ਦੇ ਹਿੱਤ ਬਣੀ ਇੱਕ ਯੂਨੀਵਰਸਿਟੀ ਵਿੱਚ ਜ਼ਿਆਦਾ ਦਫਤਰੀ ਕੰਮ ਕਿਸੇ ਹੋਰ ਭਾਸ਼ਾ ਵਿੱਚ ਹੋ ਰਿਹਾ ਹੈ । ਪੰਜਾਬੀ ਦੇ ਪ੍ਰਚਾਰ , ਪ੍ਰਸਾਰ ਦਾ ਸਰੋਕਾਰ ਰੱਖਣ ਵਾਲੇ ਮਈ, ਜੂਨ ਦੇ ਮਹੀਨਿਆਂ ਵਿੱਚ ਪੰਜਾਬੀ ਦੀਆਂ ਵਿਸ਼ੇਸ਼ ਕਲਾਸਾਂ ਲਾਉਂਦੇ ਹਨ, ਕਿਉਂਕਿ ਸਕੂਲ ਬੰਦ ਹੁੰਦੇ ਹਨ, ਪਰ ਇਹ ਕਲਾਸਾਂ ਸਿਖਿਆਰਥੀ ਹੀ ਉਡੀਕਦੀਆਂ ਰਹਿੰਦੀਆਂ ਹਨ । ਪੰਜਾਬੀ ਦੀ ਗੱਲ ਹੋਵੇ ਤਾਂ ਸਹਿਜ ਹੀ ਸਰਕਾਰ ਤੇ ਸੰਸਥਾਵਾਂ 'ਤੇ ਸਵਾਲ ਚੁੱਕੇ ਜਾਂਦੇ ਹਨ। ਇਹ ਸੌਖਾ ਵੀ ਹੈ, ਕਿਉਂਕਿ ਮਕਸਦ ਸਿਰਫ ਬਹਿਸ ਕਰਨਾ ਹੁੰਦਾ ਹੈ ਤੇ ਆਪਣੀ ਜ਼ਿੰਮੇਵਾਰੀ ਤੋਂ ਭੱਜਣਾ। ਭਾਸ਼ਾ ਸੋਚ ਤੇ ਭਾਵਨਾ ਦਾ ਵਿਸ਼ਾ ਹੈ। ਇਹ ਕਿਸੇ ਸਰਕਾਰ ਜਾਂ ਸੰਸਥਾ ਦੀ ਮੁਥਾਜ ਨਹੀਂ ਹੁੰਦੀ । ਭਾਸ਼ਾ ਦਾ ਕੇਂਦਰ ਆਪਣਾ ਘਰ ਰਿਹਾ ਹੈ । ਮਾਂ ਬੋਲੀ ਦੀ ਸਥਿਤੀ ਵੇਖਣੀ ਹੈ ਤਾਂ ਆਪਣੇ ਘਰ ਅੰਦਰ ਵੇਖਿਆਂ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਣਗੇ । ਆਪਣੇ ਘਰ ਨੂੰ ਮਾਂ-ਬੋਲੀ ਦਾ ਘਰ ਬਣਾਓ। ਇਹ ਪੰਜਾਬ, ਭਾਰਤ ਦੇ ਕਿਸੇ ਵੀ ਪ੍ਰਾਂਤ, ਦੁਨੀਆ ਦੇ ਕਿਸੇ ਵੀ ਦੇਸ਼ ਵਿੱਚ ਸੰਭਵ ਹੈ । ਲੋੜ ਹੈ ਪੱਕੇ ਸੰਕਲਪ ਦੀ । ਇੱਕ ਨਿੱਕੀ ਬੱਚੀ ਸੁਹਾਵੀ ਕੌਰ ਹੈ, ਜਿਸ ਦੀ ਉਮਰ ਪੰਜ ਸਾਲ ਹੈ । ਉਹ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਦੀ ਜੰਮਪਲ ਹੈ । ਉਸ ਦੇ ਮਾਤਾ-ਪਿਤਾ ਵੀ ਆਸਟ੍ਰੇਲੀਆ ਦੇ ਨਾਗਰਿਕ ਹਨ । ਸੁਹਾਵੀ ਕੌਰ ਪ੍ਰਵਾਹ ਨਾਲ ਸਥਾਨਕ ਰੰਗ ਦੀ ਅੰਗਰੇਜ਼ੀ ਬੋਲਦੀ ਹੈ, ਪਰ ਉਸ ਦੇ ਪਿਤਾ ਸਰਦਾਰ ਇੰਦਰਪਾਲ ਸਿੰਘ ਨੇ , ਜੋ ਆਪ ਇੱਕ ਮਲਟੀਨੇਸ਼ਨਲ ਕੰਪਨੀ ਵਿੱਚ ਵੱਡੇ ਅਹੁਦੇ 'ਤੇ ਹਨ, ਇੱਕ ਨਿਯਮ ਬਣਾਇਆ ਹੈ ਆਪਣੀ ਬੱਚੀ ਲਈ ਕਿ ਉਹ ਘਰ ਅੰਦਰ ਸਿਰਫ ਪੰਜਾਬੀ ਹੀ ਬੋਲੇਗੀ । ਸੁਹਾਵੀ ਨੂੰ ਭਾਸ਼ਾ ਦੋਹਰੇ ਪੱਧਰ 'ਤੇ ਸਿਖਾਈ ਜਾ ਰਹੀ ਹੈ । ਉਹ ਅੰਗਰੇਜ਼ੀ ਦੇ ਸ਼ਬਦ ਸਿੱਖ ਰਹੀ ਹੈ, ਤੇ ਨਾਲ ਹੀ ਉਹਨਾਂ ਨੂੰ ਪੰਜਾਬੀ ਵਿੱਚ ਕੀ ਕਿਹਾ ਜਾਂਦਾ ਹੈ ਇਹ ਵੀ ਸਿਖ ਰਹੀ ਹੈ । ਦਿਨ ਸਕੂਲ ਵਿੱਚ ਬਤੀਤ ਕਰਨ ਤੇ ਭਾਸ਼ਾ ਦਾ ਇੱਕੋ-ਇੱਕ ਵਿਕਲਪ ਅੰਗਰੇਜ਼ੀ ਖੁੱਲ੍ਹੀ ਵਰਤਣ ਤੋਂ ਬਾਅਦ ਘਰ ਵਿੱਚ ਉਹ ਪੰਜਾਬੀ ਬੋਲ ਕੇ ਖੁਸ਼ ਹੁੰਦੀ ਹੈ । ਉਸ ਦੇ ਮਾਤਾ -ਪਿਤਾ ਦੂਜਿਆਂ ਨੂੰ ਮਾਣ ਨਾਲ ਦੱਸਦੇ ਹਨ ਕਿ ਸੁਹਾਵੀ ਨੇ ਪੰਜਾਬੀ ਕਿੰਨੀ ਸਿਖ ਲਈ ਹੈ । ਭਾਸ਼ਾ ਨਾਲ ਪਛਾਣ ਤੇ ਮਾਣ ਉਹ ਬੀਜ ਹੈ, ਜੋ ਨਿੱਕੀ ਉਮਰ ਦੇ ਖੇਤ ਵਿੱਚ ਹੀ ਬੀਜਿਆ ਜਾਂਦਾ ਹੈ, ਜੋ ਉਮਰ ਦੇ ਨਾਲ-ਨਾਲ ਹੀ ਪੁੰਗਰ ਕੇ ਵੱਡਾ ਹੁੰਦਾ ਹੈ ਤੇ ਸਮਾਂ ਆਉਣ 'ਤੇ ਮਾਣ ਦਾ ਬਿਰਖ ਬਣ ਜਾਂਦਾ ਹੈ । ਆਪਣੀ ਸਭਿਅਤਾ ਦਾ ਫਲ ਪ੍ਰਾਪਤ ਕਰਨਾ ਹੈ ਤਾਂ ਬੀਜ ਠੀਕ ਸਮੇਂ, ਠੀਕ ਰੁੱਤ ਅੰਦਰ, ਤਿਆਰ ਖੇਤ ਵਿੱਚ ਬੀਜਣਾ ਪਹਿਲੀ ਸ਼ਰਤ ਹੁੰਦੀ ਹੈ । ਬਾਲ ਅਵਸਥਾ ਹੀ ਉਹ ਖੇਤ, ਸਮਾ, ਰੁਤ ਹੈ, ਜੋ ਆਪਣੀ ਸਭਿਅਤਾ ਦਾ ਬੀਜ ਬੀਜਣ ਲਈ ਅਨੁਕੂਲ ਹੁੰਦੀ ਹੈ । ਬੱਚੇ ਦੀ ਸੋਚ, ਜੋ ਕਿਸੇ ਵੀ ਦਬਾਅ, ਪ੍ਰਭਾਵ ਤੋਂ ਮੁਕਤ ਹੁੰਦੀ ਹੈ, ਕਿਸੇ ਵੀ ਦਿਸ਼ਾ ਵੱਲ ਤੋਰੀ ਜਾ ਸਕਦੀ ਹੈ । ਸੱਭਿਆਚਾਰ , ਭਾਸ਼ਾ ਇੱਕ ਆਦਤ ਹੈ । ਬੱਚੇ ਨੂੰ ਇਹ ਆਦਤ ਇੱਕ ਵਾਰ ਪੈ ਗਈ ਤਾਂ ਜੀਵਨ ਭਰ ਨਹੀਂ ਛੁੱਟੇਗੀ । ਬੀਜ ਇੱਕ ਵਾਰ ਮਨ ਅੰਦਰ ਪੁੰਗਰ ਕੇ ਉੱਗਣਾ ਸ਼ੁਰੂ ਹੋ ਜਾਏ ਤਾਂ ਉਸ ਨੂੰ ਫਲ ਦੇਣ ਵਾਲਾ ਬਿਰਖ ਬਣਨ ਤੋਂ ਕੋਈ ਰੋਕ ਨਹੀਂ ਸਕਦਾ। ਬਸ ਸ਼ਲਾਘਾ , ਪ੍ਰੇਰਣਾ ਤੇ ਆਦਰ ਦਾ ਪਾਣੀ, ਪਵਨ ਤੇ ਰੋਸ਼ਨੀ ਮਿੱਲਦੀ ਰਹੇ।

ਪੰਜਾਬੀ ਬੋਲੀ ਤੇ ਭਾਸ਼ਾ ਇੱਕ ਸਿੱਖ ਲਈ ਮਾਣ ਦਾ ਵਿਸ਼ਾ ਹੈ, ਕਿਉਂਕਿ ਇਹ ਉਸ ਦੀ ਆਪਣੀ ਵਿਰਾਸਤ ਹੈ । ਘਰ ਇੱਕ ਕਮਰੇ ਦਾ ਹੀ ਹੋਵੇ, ਜੇ ਆਪਣਾ ਹੈ ਤਾਂ ਸਕੂਨ ਉਸ ਇੱਕ ਕਮਰੇ ਵਿੱਚ ਆ ਕੇ ਹੀ ਪ੍ਰਾਪਤ ਹੁੰਦਾ ਹੈ । ਕਿਸੇ ਦੂਜੇ ਦੀ ਸਭਿਅਤਾ, ਭਾਸ਼ਾ ਸੁੰਦਰ ਹੋ ਸਕਦੀ ਹੈ, ਅਮੀਰ ਹੋ ਸਕਦੀ ਹੈ, ਵਰਤੀ ਜਾ ਸਕਦੀ ਹੈ, ਪਰ ਉਸ 'ਤੇ ਮਲਕੀਅਤ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ । ਉਹ ਕਿਰਾਏਦਾਰੀ, ਉਧਾਰੀ ਹੈ, ਜੋ ਕਿਹੋ ਜਿਹੀ ਵੀ ਹੋਵੇ ਮਲਕੀਅਤ ਦਾ ਸੁੱਖ ਨਹੀਂ ਦੇ ਸਕਦੀ । ਫਿਰ ਪੰਜਾਬੀ ਬੋਲੀ, ਭਾਸ਼ਾ, ਸਿੱਖ ਸੱਭਿਅਤਾ ਤਾਂ ਇੱਕ ਅਦੁੱਤੀ ਮਹਿਲ ਵਰਗੀ ਹੈ, ਜੋ ਗੁਰੂ ਸਾਹਿਬਾਨ ਨੇ ੨੩੯ ਸਾਲ ਦੇ ਅਥੱਕ ਜਪ-ਤਪ ਨਾਲ ਉਸਾਰਿਆ । ਗੁਰੂ ਗੋਬਿੰਦ ਸਿੰਘ ਨੇ ਹਰ ਸਿੱਖ ਨੂੰ ਆਪਣਾ ਸੁਤ ਨਿਵਾਜ ਕੇ ਉਸ ਬੇਮਿਸਾਲ ਮਹਿਲ ਦਾ ਵਾਰਿਸ ਬਣਾ ਦਿੱਤਾ । ਉਹ ਮਹਿਲ ਅੱਜ ਦਸਾਂ ਗੁਰੂਆਂ ਦੀ ਜੋਤ ਸ੍ਰੀ ਗ੍ਰੰਥ ਸਾਹਿਬ ਦੇ ਇਲਾਹੀ ਪ੍ਰਕਾਸ਼ ਨਾਲ ਜਗ-ਮਗ ਕਰ ਰਿਹਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹੀ ਸ਼ਬਦ ਸੱਤਾ ਦੁਨੀਆ ਵਿੱਚ ਦੂਜੀ ਨਹੀਂ ਹੈ । ਸਿੱਖ ਲਈ ਇਸ ਤੋਂ ਵੱਧ ਮਾਣ ਦਾ ਵਿਸ਼ਾ ਕੀ ਹੋ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਉਸ ਦੀ ਮਾਤ੍ਰ ਭਾਸ਼ਾ ਹੈ । ਜਿੱਥੇ ਉਹ ਨਿਤ ਸੀਸ ਟੇਕਦਾ ਹੈ, ਹਾਜ਼ਰੀ ਭਰਦਾ ਹੈ ਉਸ ਦਰਬਾਰ, ਗੁਰ ਦਰਬਾਰ ਦੀ ਭਾਸ਼ਾ ਪੰਜਾਬੀ ਹੈ । ਸੰਸਾਰ ਵਿੱਚ ਲੱਗਭੱਗ ਸੱਤ ਹਜ਼ਾਰ ਭਾਸ਼ਾਵਾਂ ਹਨ, ਜਿਨ੍ਹਾਂ ਦੀ ਵਰਤੋਂ ਕੀਤੀ ਜਾ ਰਹੀ ਹੈ । ਇਨ੍ਹਾਂ 'ਚੋਂ ੯੦ ਫ਼ੀਸਦ ਭਾਸ਼ਾਵਾਂ ਬੋਲਣ, ਵਰਤਣ ਵਾਲੇ ਲੋਕ ਇੱਕ ਲੱਖ ਤੋਂ ਘੱਟ ਹਨ । ਕਈ ਭਾਸ਼ਾਵਾਂ ਦੀ ਹੋਂਦ ਖਤਰੇ ਵਿੱਚ ਹੈ । ਇੱਕ ਅਨੁਮਾਨ ਮੁਤਾਬਕ ਹਰ ਦੋ ਹਫਤੇ ਵਿੱਚ ਇੱਕ ਭਾਸ਼ਾ ਦੀ ਮੌਤ ਹੋ ਰਹੀ ਹੈ । ਪੰਜਾਬੀ ਭਾਸ਼ਾ ਨੂੰ ਗੁਰੂ ਸਾਹਿਬਾਨ ਨੇ ਅਜਰ ਅਮਰ ਬਣਾ ਦਿੱਤਾ । ਕਿਸੇ ਭਾਸ਼ਾ ਦਾ ਭਵਿੱਖ ਕੀ ਹੈ, ਪੱਕੇ ਤੌਰ 'ਤੇ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਹ ਭਾਸ਼ਾ ਵਰਤਣ ਵਾਲੇ ਲੋਗਾਂ ਦੀ ਗਿਣਤੀ, ਰੁਚੀ ਤੇ ਲੋੜ 'ਤੇ ਟਿਕਿਆ ਹੋਇਆ ਹੈ , ਪਰ ਪੰਜਾਬੀ ਦੀ ਮਹੱਤਤਾ ਸਿੱਖ ਦੇ ਮਨ ਦੀ ਭਾਵਨਾ ਕਾਰਨ ਹੈ । ਉਹ ਵਾਹਿਗੁਰੂ ਵੀ ਕਹਿੰਦਾ ਹੈ ਤਾਂ ਪੰਜਾਬੀ ਆਪ ਹੀ ਹਿਰਦੇ ਵਿੱਚ ਆਪਣੀ ਥਾਂ ਬਣਾ ਲੈਂਦੀ ਹੈ, ਪਰ ਇਸ ਮਹੱਤਤਾ ਤੋਂ ਉਹ ਅਣਜਾਣ ਜਿਹਾ ਹੁੰਦਾ ਜਾ ਰਿਹਾ ਹੈ । ਕਈ ਵਾਰ ਕੋਲ ਹੀਰਾ ਹੁੰਦਾ ਹੈ, ਪਰ ਪਛਾਣ ਨਾ ਹੋਣ ਕਾਰਨ ਹੀਰੇ ਦੀ ਕਦਰ ਨਹੀਂ ਪੈਂਦੀ । ਹੀਰਾ ਤਾਂ ਹੀਰਾ ਹੀ ਰਹਿੰਦਾ ਹੈ, ਪਰ ਹੀਰੇ ਦਾ ਸੁਆਮੀ ਗਰੀਬੀ ਵਿੱਚ ਹੀ ਜੀਵਨ ਗੁਜ਼ਾਰ ਦਿੰਦਾ ਹੈ । ਪੰਜਾਬੀ ਨਾਲ ਵੀ ਇਹੋ ਹੋ ਰਿਹਾ ਹੈ । ਜਿਨ੍ਹਾਂ ਦੀ ਭਾਸ਼ਾ ਪੰਜਾਬੀ ਹੈ, ਉਹ ਇਸ ਦੀ ਅਮੀਰੀ ਨੂੰ ਵੇਖ ਹੀ ਨਹੀਂ ਪਾ ਰਹੇ ਤੇ ਇਸ ਤੋਂ ਬੇਪਰਵਾਹ ਹੋ ਗਏ ਹਨ । ਇਸ ਦਾ ਮੁੱਖ ਕਾਰਨ ਲੱਗਦਾ ਹੈ ਸਿੱਖ ਕੌਮ ਦਾ ਨਿਰੰਤਰ ਸੰਘਰਸ਼ਾਂ ਵਿੱਚ ਜੂਝਦੇ ਰਹਿਣਾ । ਗੁਰੂ ਕਾਲ ਤੋਂ ਬਾਅਦ ਮੁਗਲਾਂ ਫਿਰ ਅੰਗਰੇਜ਼ਾਂ ਨਾਲ ਟਾਕਰੇ ਹੁੰਦੇ ਰਹੇ । ਭਾਰਤ ਵੰਡ ਵਿੱਚ ਸਿੱਖ ਕੌਮ ਨੂੰ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ । ਜੋ ਕੌਮ ਪੰਜਾਬ ਕੇਂਦ੍ਰਿਤ ਸੀ, ਉਹ ਖਿੰਡਰ ਗਈ । ਭਾਰਤ ਵੰਡ ਤੋਂ ਬਾਅਦ ਦੇ ਕਾਲ ਵਿੱਚ ਵੀ ਟਿਕ ਕੇ ਬੈਠਣ ਦਾ ਸਮਾਂ ਨਹੀਂ ਮਿਲਿਆ, ਜੋ ਇੱਕ ਕੌਮ ਨੂੰ ਆਪਣੀ ਵਿਰਾਸਤ ਦੀ ਸਾਰ , ਸੰਭਾਲ ਲਈ ਲੋੜੀਂਦਾ ਹੁੰਦਾ ਹੈ । ਸੱਭਿਆਚਾਰ , ਭਾਸ਼ਾ ਜਿਹੇ ਮੁੱਦੇ ਸ਼ਾਂਤੀ ਕਾਲ ਵਿੱਚ ਵੀ ਧੀਰਜ ਨਾਲ ਵਿਚਾਰਨ ਦੇ ਅਤਿ ਸੰਵੇਦਨਸ਼ੀਲ ਮੁੱਦੇ ਹੁੰਦੇ ਹਨ, ਜੋ ਸਮੇਂ ਦੀ ਕਿਸੇ ਮਿਆਦ ਅੰਦਰ ਨਹੀਂ ਬੰਨ੍ਹੇ ਜਾ ਸਕਦੇ । ਪੰਜਾਬੀ ਭਾਸ਼ਾ ਦੀ ਅੱਜ ਜੋ ਬੇਕਦਰੀ ਹੈ, ਉਸ ਲਈ ਸਥਿਤੀਆਂ ਜ਼ਿਆਦਾ ਜ਼ਿੰਮੇਵਾਰ ਹਨ । ਪਰ ਵਿਪਰੀਤ ਸਥਿਤੀਆਂ ਵਿੱਚ ਵੀ ਆਪਣੀ ਪਛਾਣ ਕਾਇਮ ਰੱਖਣਾ ਸਿੱਖਾਂ ਤੋਂ ਵੱਧ ਕੌਣ ਜਾਣਦਾ ਹੈ । ਇਸ ਕਾਰਨ ਅਸੀਂ ਆਪਣੀ ਵੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੇ। ਭਾਸ਼ਾ ਤੇ ਸੱਭਿਆਚਾਰ ਦੀ ਪ੍ਰਫੁੱਲਤਾ ਆਤਮਿਕ ਚੇਤਨਾ ਤੇ ਮੁਨੱਸਰ ਕਰਦੀ ਹੈ । ਸਾਨੂੰ ਸਮਝਣ ਦੀ ਲੋੜ ਹੈ ਕਿ ਪੰਜਾਬੀ ਸਾਡੀ ਆਪਣੀ ਭਾਸ਼ਾ ਹੈ ਤੇ ਇੱਕ ਅਮੀਰ ਭਾਸ਼ਾ ਹੈ । ਸ਼ਾਇਦ ਪੰਜਾਬੀ ਹੀ ਅਜਿਹੀ ਭਾਸ਼ਾ ਹੈ, ਜਿਸ ਦੀ ਅੱਖਰ ਮਾਲਾ ਇੱਕਦਮ ਸਰਲ ਹੈ, ਜਿਸ ਦੇ ਅੱਖਰ ਜੋੜ ਸਹਿਜ ਹਨ ਤੇ ਜਿਸ ਦਾ ਅਤਿ ਵਿਆਕਰਣ ਸਪੱਸ਼ਟ ਹੈ । ਇਹ ਸੰਸਾਰ ਦੀ ਸਭ ਤੋਂ ਮਿਠਾਸ ਵਾਲੀ ਬੋਲੀ ਹੈ। ਕੋਈ ਪੰਜਾਬੀ ਬੋਲੀ ਨਾਂਅ ਵੀ ਜਾਣਦਾ ਹੋਵੇ, ਪਰ ਬੋਲੀ ਦੀ ਮਿਠਾਸ ਨੂੰ ਮਹਿਸੂਸ ਕਰ ਸਕਦਾ ਹੈ । ਪੰਜਾਬੀ ਗੀਤਾਂ ਦੇ ਸਾਰੀ ਦੁਨੀਆ ਵਿੱਚ ਪਸੰਦ ਕੀਤੇ ਜਾਣ ਦਾ ਇਹ ਵੱਡਾ ਕਾਰਨ ਹੈ । ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜਾਬੀ ਸ਼ਬਦ ਕੋਸ਼ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਇਸ ਤੋਂ ਦਰਿਆ-ਦਿਲ ਭਾਸ਼ਾ ਕੋਈ ਹੋ ਹੀ ਨਹੀਂ ਸਕਦੀ । ਅਨੇਕ ਭਾਸ਼ਾਵਾਂ, ਬੋਲੀਆਂ ਦੇ ਸ਼ਬਦ ਗੁਰੂ ਸਾਹਿਬ ਨੇ ਆਪਣੇ ਅਨੁਸਾਰ ਅਚਰਜ-ਪੂਰਨ ਢੰਗ ਨਾਲ ਢਾਲ ਕੇ ਵਰਤੇ, ਜੋ ਮੂਲ ਸ਼ਬਦਾਂ ਤੋਂ ਜ਼ਿਆਦਾ ਖੂਬਸੂਰਤ ਬਣ ਗਏ ।

ਮਨੁੱਖ ਆਪਣੀ ਪਛਾਣ ਕਾਇਮ ਕਰਨ ਲਈ ਦਿਨ-ਰਾਤ ਯਤਨ ਕਰਦਾ ਹੈ । ਆਪਣੀ ਨਿੱਕੀ ਤੋਂ ਨਿੱਕੀ ਯੋਗਤਾ, ਪ੍ਰਾਪਤੀ ਨੂੰ ਵਧਾ -ਚੜ੍ਹਾ ਕੇ ਪ੍ਰਗਟ ਕਰਨ ਵਿੱਚ ਦਿਲਚਸਪੀ ਰੱਖਦਾ ਹੈ । ਮਾਂ ਬੋਲੀ ਵੀ ਤਾਂ ਆਪਣੀ ਹੀ ਪਛਾਣ ਦਾ ਹਿੱਸਾ ਹੈ । ਆਪਣੀ ਤਰੱਕੀ ਲਈ ਅਸੀਂ ਆਪ ਯੋਜਨਾ ਬਣਾਉਂਦੇ ਹਾਂ, ਨਿਯਮ ਤੈਅ ਕਰਦੇ ਹਾਂ, ਯਤਨ ਕਰਦੇ ਹਾਂ ਤਾਂ ਆਪਣੀ ਮਾਂ ਬੋਲੀ ਦੀ ਤਰੱਕੀ ਕਿਵੇਂ ਵਿਸਾਰ ਸਕਦੇ ਹਾਂ, ਜੋ ਸਾਡੀ ਸ਼ਖਸੀਅਤ ਦਾ ਅਭਿੰਨ ਅੰਗ ਹੈ । ਹਰ ਦੇਸ਼, ਪ੍ਰਾਂਤ, ਖੇਤਰ ਦੀ ਆਪਣੀ ਭਾਸ਼ਾ ਹੁੰਦੀ ਹੈ । ਸਾਡਾ ਘਰ ਸਾਡਾ ਦੇਸ਼ ਹੈ । ਆਪਣੇ ਘਰ ਦੇ ਨਿਯਮ ਬਣਾਉਂਦਿਆਂ ਅਸੀਂ ਪੰਜਾਬੀ ਦੀ ਤਰੱਕੀ ਨੂੰ ਵੀ ਸ਼ਾਮਲ ਕਰੀਏ । ਕਿਸੇ ਸਰਕਾਰ, ਕਿਸੇ ਸਰਕਾਰੀ ਸੰਸਥਾ ਦੀ ਆਪਣੀ ਹੱਦ ਹੁੰਦੀ ਹੈ । ਆਪਣੇ ਘਰ ਅੰਦਰ ਪੰਜਾਬੀ ਦੇ ਸਨਮਾਨ ਦਾ ਸਾਨੂੰ ਅਸੀਮਤ ਹੱਕ ਹੈ । ਘਰ ਅੰਦਰ ਪੰਜਾਬੀ ਬੋਲਣ ਦਾ ਨਿਯਮ ਹੋਵੇ । ਬੱਚੇ ਬਾਹਰ ਦੂਜੀਆਂ ਭਾਸ਼ਾਵਾਂ ਸਿੱਖ ਜਾਣਗੇ। ਪਰ ਪੰਜਾਬ ਤੋਂ ਬਾਹਰ ਭਾਰਤ ਦੇ ਕਿਸੇ ਵੀ ਪ੍ਰਾਂਤ, ਦੁਨੀਆ ਦੇ ਕਿਸੇ ਵੀ ਦੇਸ਼ ਵਿੱਚ ਪੰਜਾਬੀ ਬੋਲਣ ਤੇ ਸਿੱਖਣ ਦਾ ਅਫਸਰ ਘਰ ਵਿੱਚ ਹੀ ਮਿਲ ਸਕਦਾ ਹੈ । ਇੰਟਰਨੈੱਟ ਨੇ ਪੰਜਾਬੀ ਸਿੱਖਣਾ ਬਹੁਤ ਸੌਖਾ ਕਰ ਦਿੱਤਾ ਹੈ । ਕਈ ਐਪ ਮੌਜੂਦ ਹਨ , ਆਨ ਲਾਈਨ ਕਲਾਸ ਕੀਤੀ ਜਾ ਸਕਦੀ ਹੈ । ਘਰ ਦੇ ਵੱਡੇ ਪੰਜਾਬੀ ਦੀ ਵਰਤੋਂ ਕਰਨਗੇ ਤਾਂ ਬੱਚੇ ਆਪ ਹੀ ਪ੍ਰੇਰਿਤ ਹੋਣਗੇ । ਸੰਕਲਪ ਹੋਣਾ ਚਾਹੀਦਾ ਹੈ । ਸੰਕਲਪ ਹੋਵੇ ਤਾਂ ਰਾਹ ਆਪ ਨਿਕਲ ਆਉਂਦੀ ਹੈ । ਆਸਟ੍ਰੇਲੀਆ ਵਿੱਚ ਰਹਿ ਕੇ ਵੀ ਪੰਜਾਬੀ ਦਾ ਸੰਕਲਪ ਰੱਖਣ ਵਾਲੇ ਨੌਜਵਾਨ ਸਰਦਾਰ ਇੰਦਰਪਾਲ ਸਿੰਘ ਦੇ ਨਿਯਮ ਆਪ ਹੀ ਬਣ ਜਾਂਦੇ ਹਨ । ਉਨ੍ਹਾਂ ਦੀ ਬੇਟੀ ਸੁਹਾਵੀ ਕੌਰ ਨੂੰ ਸਕੂਲ ਦੀ ਲਾਇਬ੍ਰੇਰੀ ਤੋਂ ਅੰਗਰੇਜ਼ੀ ਦੀਆਂ ਕਿਤਾਬਾਂ ਮਿਲਦੀਆਂ ਹਨ । ਸਰਦਾਰ ਇੰਦਰਪਾਲ ਸਿੰਘ ਬੱਚੀ ਨੂੰ ਕਿਤਾਬ ਦੀ ਸਟੋਰੀ ਪੜ੍ਹਾਉਂਦੇ ਹਨ , ਅੰਗਰੇਜ਼ੀ ਵਿੱਚ ਹੀ ਸਮਝਾਉਂਦੇ ਹਨ ਤਾਂ ਜੋ ਸਕੂਲ ਵਿੱਚ ਟਾਸਕ ਪੂਰਾ ਕਰ ਸਕੇ, ਪਰ ਫਿਰ ਮਿਹਨਤ ਕਰ ਬੱਚੀ ਨੂੰ ਪੰਜਾਬੀ ਵਿੱਚ ਵੀ ਸਮਝਾਉਂਦੇ ਹਨ । ਜਦੋਂ ਦਾਦਾ , ਦਾਦੀ ਦਾ ਫੋਨ ਆਉਂਦਾ ਹੈ ਤਾਂ ਸੁਹਾਵੀ ਉਨ੍ਹਾਂ ਨੂੰ ਸਟੋਰੀ ਪੰਜਾਬੀ ਵਿੱਚ ਸੁਣਾਉਂਦੀ ਹੈ । ਜਦੋਂ ਉਸ ਦੀ ਤਾਰੀਫ ਹੁੰਦੀ ਹੈ ਤਾਂ ਮਨ ਵਿੱਚ ਭਾਵ ਦ੍ਰਿੜ੍ਹ ਹੁੰਦਾ ਹੈ ਕਿ ਪੰਜਾਬੀ ਉਸ ਨੂੰ ਮਾਣ ਦਿਵਾਉਣ ਵਾਲੀ ਹੈ । ਜਿਸ ਦੇ ਮਨ ਅੰਦਰ ਸੰਕਲਪ ਹੋਵੇ, ਉਹ ਆਪ ਨਿਯਮ ਬਣਾ ਲੈਂਦਾ ਹੈ । ਮਾਂ ਜੀਵਨ ਦੇ ਕਿਸੇ ਮੋੜ 'ਤੇ ਸਾਥ ਛੱਡ ਜਾਂਦੀ ਹੈ ਪਰ ਮਾਂ ਬੋਲੀ ਦਾ ਸਾਥ ਅੰਤਮ ਸਵਾਸ ਤੱਕ ਦਾ ਹੈ । ਇਹ ਛੁੱਟ ਨਹੀਂ ਸਕਦਾ । ਆਪਣੇ-ਆਪ ਨੂੰ ਤੇ ਆਪਣਿਆਂ ਨੂੰ ਪਛਾਨਣ ਦੀ ਲੋੜ ਹੈ।

*# ਸੰਪਰਕ : 84178-52899, 94159-60533*

# ਪੁੱਤਰ ਨੂੰ ਇਨਸਾਫ ਦਿਵਾਉਣ ਲਈ ਵਰਤਾਂਗਾ ਹਰ ਹੀਲਾ : ਬਲਕੌਰ ਸਿੰਘ ਸਿੱਧੂ

- ਸਿੱਧੂ ਮੂਸੇਵਾਲਾ ਸਿਰਫ਼ ਕਲਾਕਾਰ ਹੀ ਨਹੀਂ, ਸਗੋਂ ਪੂਰੇ ਪੰਜਾਬ ਦੀ ਆਵਾਜ਼ ਸੀ : ਜੀਤਮਹਿੰਦਰ
- ਮੂਸੇਵਾਲਾ ਦੀ ਤੀਸਰੀ ਬਰਸੀ ਮੌਕੇ ਪ੍ਰਸ਼ੰਸਕਾਂ ਵੱਲੋਂ ਵੱਡਾ ਇਕੱਠ



ਮਾਨਸਾ (ਆਤਮਾ ਸਿੰਘ ਪਮਾਰ)

ਸੰਸਾਰ ਪ੍ਰਸਿੱਧ ਗਾਇਕ ਮਰਹੂਮ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ, ਜਿਸ ਨੂੰ ਕਿ ਅੱਜ ਤੋਂ ਤਿੰਨ ਸਾਲ ਪਹਿਲਾਂ ਗੈਂਗਸਟਰਾਂ ਦੇ ਇੱਕ ਗਰੁੱਪ ਵੱਲੋਂ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਖੇ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ, ਦੀ ਤੀਸਰੀ ਬਰਸੀ ਸਮੇਂ ਅੱਜ ਉਨ੍ਹਾਂ ਦੇ ਜੱਦੀ ਪਿੰਡ ਮੂਸਾ ਵਿਖੇ ਸ਼ਰਧਾਂਜਲੀ ਅਰਪਿਤ ਕਰਨ ਲਈ ਉਨ੍ਹਾਂ ਦੇ ਪ੍ਰਸ਼ੰਸਕਾਂ ਦੀ ਇੱਕ ਵੱਡੀ ਇਕੱਤਰਤਾ ਹੋਈ।ਇਸ ਸਮੇਂ ਸ਼ੁਭਦੀਪ ਨਮਿਤ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠਾਂ ਦੇ ਭੋਗ ਵੀ ਪਾਏ ਗਏ।

ਇਸ ਮੌਕੇ ਵੱਡੀ ਗਿਣਤੀ 'ਚ ਪਹੁੰਚੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਮਰਹੂਮ ਸ਼ੁਭਦੀਪ ਦੇ ਪਿਤਾ ਸ੍ਰ. ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਅੱਜ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਇੱਕਜੁੱਟ ਹੋਣ ਦੀ ਲੋੜ ਹੈ, ਅਜਿਹਾ ਨਾ ਹੋਣ ਦੀ ਸੂਰਤ ਵਿੱਚ ਮੇਰੇ ਵਰਗੇ ਪਰਵਾਰਾਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋ ਸਕਦਾ ਹੈ।ਉਨ੍ਹਾਂ ਸਮੇਂ ਦੀਆਂ ਸਰਕਾਰਾਂ ਤੇ ਪੁਲਸ ਪ੍ਰਸ਼ਾਸਨ 'ਤੇ ਦੋਸ਼ ਲਗਾਇਆ ਕਿ ਸਿੱਧੂ ਨਾਲ ਸਬੰਧਤ ਕਿਸੇ ਵੀ ਫਾਈਲ ਨੂੰ ਉਨ੍ਹਾਂ ਹੱਥ ਲਾਉਣ ਤੋਂ ਗਰੇਜ਼ ਹੀ ਕੀਤਾ, ਕਿਉਂਕਿ ਸਰਕਾਰ ਦੇ ਹੁਕਮਾਂ ਨੂੰ ਉਹ ਹੂਬਹੂ ਲਾਗੂ ਕਰਨ ਲਈ ਪਾਬੰਦ ਹਨ।ਅਜਿਹੀਆਂ ਸਥਿਤੀਆਂ 'ਚ ਇਨਸਾਫ ਤਾਂ ਦੂਰ ਦੀ ਗੱਲ ਹੈ।ਉਨ੍ਹਾਂ ਸੰਗਤਾਂ ਨੂੰ ਕਿਹਾ ਕਿ ਜੇਕਰ ਤੁਹਾਡਾ ਸਹਿਯੋਗ ਨਾ ਮਿਲਿਆ ਹੁੰਦਾ ਤਾਂ ਸ਼ਾਇਦ ਇਹ ਕੇਸ ਅੱਜ ਜਿੱਥੇ ਤੱਕ ਪਹੁੰਚਿਆ ਹੈ, ਉਥੋਂ ਤੱਕ ਵੀ ਨਾ ਪਹੁੰਚਦਾ।ਉਨ੍ਹਾਂ ਕਿਹਾ ਕਿ ਸ਼ੁਭਦੀਪ ਨੂੰ ਇਨਸਾਫ ਦਿਵਾਉਣ ਲਈ ਉਹ ਹਰ ਢੰਗ ਤਰੀਕਾ ਅਪਣਾਉਣ ਤੋਂ ਵੀ ਗੁਰੇਜ਼ ਨਹੀਂ ਕਰਨਗੇ।ਇਸ ਸਮੇਂ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਨੇ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਸਿੱਧੂ ਕੋਈ ਸਧਾਰਨ ਨੌਜਵਾਨ ਨਹੀਂ ਸੀ।ਮੈਂ ਤਾਂ ਉਸ ਨੂੰ ਇੱਕ ਕਲਾਕਾਰ ਹੀ ਨਹੀਂ ਮੰਨਦਾ, ਉਹ ਤਾਂ ਸਗੋਂ ਪੰਜਾਬ ਦੀ ਆਵਾਜ਼ ਸੀ।

ਉਨ੍ਹਾਂ ਕਿਹਾ ਕਿ ਅਜਿਹੇ ਨੌਜਵਾਨ ਵਾਰ ਵਾਰ ਪੈਦਾ ਨਹੀਂ ਹੋਇਆ ਕਰਦੇ। ਉਨ੍ਹਾਂ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਨੂੰ ਸਿੱਧੂ ਪਰਵਾਰ ਨੂੰ ਢੁੱਕਵਾਂ ਇਨਸਾਫ ਨਾ ਦੇਣ ਕਾਰਨ ਕੋਸਦਿਆਂ ਖ਼ੂਬ ਸਿਆਸੀ ਰਗੜੇ ਵੀ ਲਗਾਏ।ਉਨ੍ਹਾਂ ਕਿਹਾ ਕਿ ਪਾਰਟੀ ਪੀੜਤ ਪਰਿਵਾਰ ਨਾਲ ਚਟਾਨ ਵਾਂਗ ਖੜੀ ਹੈ।ਉਨ੍ਹਾਂ ਹਾਜ਼ਰੀਨ ਨੂੰ ਅਪੀਲ ਕੀਤੀ ਕਿ ਪਰਵਾਰ ਨੂੰ ਹਰ ਤਰ੍ਹਾਂ ਨਾਲ ਸਹਿਯੋਗ ਕਰਨਾ ਹੀ ਸ਼ੁਭਦੀਪ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਇਸ ਸਮੇਂ ਕਾਂਗਰਸ ਪਾਰਟੀ ਸਮੇਤ ਹੋਰਨਾਂ ਰਾਜਨੀਤਕ ਪਾਰਟੀਆਂ ਦੇ ਆਗੂ ਤੇ ਵਰਕਰਾਂ ਤੋਂ ਇਲਾਵਾ ਵੱਖ ਵੱਖ ਜਨਤਕ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।ਇਸ ਮੌਕੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾ. ਮਨਜੀਤ ਸਿੰਘ ਸੀਨੀਅਰ ਕਾਂਗਰਸੀ ਆਗੂ ਵੱਲੋਂ ਨਿਭਾਈ ਗਈ।ਚਮਕੌਰ ਸਿੰਘ ਸਿੱਧੂ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਸਹਯੋਗ ਦੀ ਮੰਗ ਵੀ ਕੀਤੀ।ਸ਼ਰਧਾਂਜਲੀ ਸਮਾਗਮ ਦੌਰਾਨ ਸ਼ਰਧਾਂਜਲੀ ਦੇਣ ਵਾਲਿਆਂ 'ਚ ਹਲਕਾ ਵਿਧਾਇਕ ਸਰਦੂਲਗੜ੍ਹ ਗੁਰਪ੍ਰੀਤ ਸਿੰਘ ਬਣਾਂਵਾਲੀ, ਦੇਵ ਖਰੌੜ ਸਿੱਧੂ ਗਾਇਕ, ਗੁਲਾਬ ਸਿੰਘ, ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਡਾ. ਜਨਕ ਰਾਜ ਸਿੰਗਲਾ, ਐਡਵੋਕੇਟ ਸਿਮਰਜੀਤ ਸਿੰਘ ਮਾਨਸ਼ਾਹੀਆ, ਬਲਜੀਤ ਸ਼ਰਮਾ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਿਸਾਨ ਸੈੱਲ ਮਾਨਸਾ, ਇਕਬਾਲ ਸਿੰਘ ਫੇਫੜੇ, ਮਨਜੀਤ ਸਿੰਘ ਮੀਹਾਂ ਤੇ ਧੰਨਾ ਸਿੰਘ ਸਮਾਓਂ ਤੋਂ ਇਲਾਵਾ ਵੱਡੀ ਗਿਣਤੀ ਸ਼ੁਭਦੀਪ ਪ੍ਰਸ਼ੰਸਕ ਤੇ ਆਮ ਲੋਕ ਹਾਜ਼ਰ ਸਨ।

# ਈਰਾਨ 'ਚ ਅਗਵਾ ਹੋਏ ਹੁਸਨਪ੍ਰੀਤ ਦਾ ਪਰਵਾਰ ਪ੍ਰੇਸ਼ਾਨ

## *ਮਾਂ ਨੇ ਕੇਂਦਰ ਸਰਕਾਰ ਤੋਂ ਸੁਰੱਖਿਅਤ ਵਤਨ ਵਾਪਸੀ ਕਰਵਾਉਣ ਦੀ ਕੀਤੀ ਮੰਗ*



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਈਰਾਨ ਵਿੱਚ ਤਿੰਨ ਪੰਜਾਬੀ ਨੌਜਵਾਨਾਂ ਨੂੰ ਕਥਿਤ ਤੌਰ 'ਤੇ ਪਾਕਿਸਤਾਨੀ ਡੌਂਕਰਾਂ ਵੱਲੋਂ ਅਗਵਾ ਕੀਤੇ ਜਾਣ ਵਿੱਚ ਸਥਾਨਕ ਸ਼ਹਿਰ ਦੇ ਸੰਗਤਪੁਰਾ ਮੁਹੱਲਾ ਦੇ ਹੁਸਨਪ੍ਰੀਤ ਵੀ ਸ਼ਾਮਲ ਦੱਸਿਆ ਜਾ ਰਿਹਾ ਹੈ।ਮਿਲੀ ਜਾਣਕਾਰੀ ਮੁਤਾਬਿਕ ਹੁਸਨਪ੍ਰੀਤ ਸਿੰਘ ਪਰਵਾਰ ਦੀਆਂ ਤੰਗੀਆਂ ਤੁਰਸ਼ੀਆਂ ਦੂਰ ਕਰਨ ਲਈ ਆਸਟਰੇਲੀਆ ਜਾਣ ਲਈ ਕਿਸੇ ਏਜੰਟ ਰਾਹੀਂ ਲੱਖਾਂ ਰੁਪੈ ਖਰਚ ਕਰਕੇ ਵਿਦੇਸ਼ ਗਿਆ ਸੀ।ਅਗਵਾ ਹੋਏ ਹੁਸਨਪ੍ਰੀਤ ਦੀ ਮਾਤਾ ਬਲਵਿੰਦਰ ਕੌਰ ਦੀ ਭਾਜਪਾ ਆਗੂ ਰਣਦੀਪ ਸਿੰਘ ਦਿਓਲ ਨਾਲ ਫ਼ੋਨ 'ਤੇ ਹੋਈ ਗੱਲਬਾਤ ਦੀ ਸੋਸ਼ਲ ਮੀਡੀਆ 'ਤੇ ਵਾਈਰਲ ਹੋਈਆਂ ਵੀਡੀਓ ਵਿੱਚ ਬਲਵਿੰਦਰ ਕੌਰ ਨੇ ਦੱਸਿਆ ਕਿ ਉਸ ਦੇ ਪੁੱਤਰ ਨੇ ਕਿਸੇ ਏਜੰਟ ਨਾਲ ਆਸਟਰੇਲੀਆ ਜਾਣ ਲਈ ਗੱਲ ਕੀਤੀ ਸੀ ਤੇ ਲੰਘੀ 25 ਅਪ੍ਰੈਲ ਨੂੰ ਉਸ ਦਾ ਪੁੱਤਰ ਆਪਣੇ ਦੋ ਹੋਰ ਸਾਥੀਆਂ ਨਾਲ ਵਿਦੇਸ਼ ਜਾਣ ਲਈ ਘਰੋਂ ਚਲਿਆ ਗਿਆ ਸੀ।ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕੁੱਝ ਪਾਕਿਸਤਾਨੀ ਵਿਅਕਤੀਆਂ ਵੱਲੋਂ ਕਾਲ ਕਰਕੇ ਉਸ ਦੇ ਪੁੱਤਰ ਤੇ ਉਸ ਦੇ ਸਾਥੀਆਂ ਦੀ ਰਿਹਾਈ ਲਈ ਦੋ ਕਰੋੜ ਰੁਪੈ ਦੀ ਮੰਗ ਕੀਤੀ ਗਈ ਹੈ ਅਤੇ ਉਨ੍ਹਾਂ ਦੀ ਕੁੱਟਮਾਰ ਕਰਦਿਆਂ ਦੀ ਸਾਨੂੰ ਵੀਡੀਓ ਭੇਜੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਸਾਰੇ ਮਾਮਲੇ ਸਬੰਧੀ ਈਰਾਨ 'ਚ ਭਾਰਤੀ ਦੂਤਾਵਾਸ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਰਾਜਪਾਲ ਪੰਜਾਬ ਸਮੇਤ ਕਈ ਥਾਈਂ ਈ-ਮੇਲਾਂ ਕਰ ਕੇ ਦੁੱਖ ਰੋਇਆ ਹੈ।ਉਂਜ ਬਾਰਾਂ ਤੇਰਾਂ ਦਿਨਾਂ ਤੋਂ ਉਨ੍ਹਾਂ ਦੀ ਹੁਸਨਪ੍ਰੀਤ ਹੁਰਾਂ ਨਾਲ ਕੋਈ ਗੱਲਬਾਤ ਨਹੀਂ ਹੋਈ।ਬਲਵਿੰਦਰ ਕੌਰ ਨੇ ਦੱਸਿਆ ਕਿ ਉਹ ਖੁਦ ਆਪਣੀ ਵਿਧਵਾ ਸੱਸ ਤੇ ਆਪਣੇ ਪੁੱਤਰ ਹੁਸਨਪ੍ਰੀਤ ਨਾਲ ਰਹਿੰਦੇ ਹਨ ਅਤੇ ਉਨ੍ਹਾਂ ਦੇ ਪਰਵਾਰ ਵਿੱਚ ਉਸ ਦੇ ਪੁੱਤਰ ਹੁਸਨਪ੍ਰੀਤ ਤੋਂ ਇਲਾਵਾ ਕੋਈ ਵੀ ਕਮਾਊ ਨਹੀਂ ਹੈ।ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਤੋਂ ਆਪਣੇ ਪੁੱਤਰ ਤੇ ਸਾਥੀਆਂ ਦੀ ਰਿਹਾਈ ਦੀ ਮੰਗ ਕਰਦਿਆਂ ਉਨ੍ਹਾਂ ਦੀ ਸੁਰੱਖਿਅਤ ਵਤਨ ਵਾਪਸੀ ਦੀ ਮੰਗ ਕੀਤੀ ਹੈ।ਐੱਸ ਐੱਚ ਓ ਸਿਟੀ ਧੂਰੀ ਜਸਵੀਰ ਸਿੰਘ ਤੂਰ ਨੇ ਦੱਸਿਆ ਕਿ ਉਨ੍ਹਾਂ ਕੋਲ ਅਜਿਹੀ ਸ਼ਿਕਾਇਤ ਨਹੀਂ ਆਈ।

# ਸੰਧਵਾਂ ਨੇ ਵੱਖ-ਵੱਖ ਥਾਵਾਂ 'ਤੇ ਨਸ਼ਾ ਮੁਕਤੀ ਯਾਤਰਾਵਾਂ ਦੀ ਕੀਤੀ ਅਗਵਾਈ

## ਹਰ ਪਿੰਡ, ਕਸਬੇ ਤੇ ਸ਼ਹਿਰ ਨੂੰ ਨਸ਼ਾ ਮੁਕਤ ਕਰਨ ਲਈ ਲੋਕਾਂ ਨੂੰ ਕੀਤਾ ਜਾਗਰੂਕ



ਕੋਟਕਪੂਰਾ (ਰਛਪਾਲ ਭੁੱਲਰ)

ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਜਾ ਰਹੀ ਪੰਜਾਬ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡ ਕੰਮੇਆਣਾ, ਮਚਾਕੀ ਮੱਲ ਸਿੰਘ, ਰੱਤੀ ਰੋੜੀ, ਹਰੀਏਵਾਲਾ, ਪਿੰਡ ਵਾਰਡ ਨੰ. 1, 28, 29, ਗੁਰਦੁਆਰਾ ਸਾਹਿਬ, ਜਲਾਲੇਆਣਾ ਰੋਡ, ਕੋਟਕਪੂਰਾ, ਵਾਰਡ ਨੰ. 2, 3, 5, ਗਊਸ਼ਾਲਾ, ਸਿੱਖਾਂਵਾਲਾ ਰੋਡ, ਕੋਟਕਪੂਰਾ, ਵਾਰਡ ਨੰ. 4, 12, 13, ਡਾ. ਹਰੀ ਸਿੰਘ ਸੇਵਕ ਸਕੂਲ ਆਫ ਐਮੀਨੈਂਸ ਵਿਖੇ ਪ੍ਰੋਗਰਾਮਾਂ ਵਿੱਚ ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਉਚੇਚੇ ਤੌਰ 'ਤੇ ਪੁਹੰਚ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਪ੍ਰਣ ਕਰਵਾਇਆ।

ਇਸ ਮੌਕੇ ਲੋਕਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਦੇ ਹੋਏ ਸਪੀਕਰ ਸੰਧਵਾਂ ਨੇ ਕਿਹਾ ਕਿ ਜਿੱਥੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ, ਉੱਥੇ ਹੀ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਨਸ਼ੇ ਛਡਾਉਣ ਲਈ ਉਨ੍ਹਾਂ ਦਾ ਇਲਾਜ ਕਰਨ ਉਪਰੰਤ ਰੋਜ਼ਗਾਰ ਵਿਭਾਗ ਵੱਲੋਂ ਵੀ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਰੁਜ਼ਗਾਰ ਦਿਵਾਉਣ ਵਿੱਚ ਮਦਦ ਕੀਤੀ ਜਾ ਰਹੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਸਰਕਾਰ ਦਾ ਸਾਥ ਦੇਣ ਤਾਂ ਜੋ ਇਸ ਮੁਹਿੰਮ ਦੇ ਸਾਰਥਿਕ ਸਿੱਟੇ ਨਿਕਲ ਕੇ ਸਾਹਮਣੇ ਆਉਣ 'ਤੇ ਪੰਜਾਬ ਜਲਦੀ ਹੀ ਮੁੜ ਤੋਂ ਸਿਹਤਮੰਦ ਪੰਜਾਬ ਬਣ ਜਾਵੇ।

ਉਨ੍ਹਾਂ ਕਿਹਾ ਕਿ ਉਹ ਅੱਜ ਹਲਕੇ ਦੇ ਲੋਕਾਂ ਦੀ ਬਦੌਲਤ ਹੀ ਸਪੀਕਰ ਦੇ ਅਹੁਦੇ 'ਤੇ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਨਸ਼ਾ, ਜਿਸ ਘਰ ਵਿੱਚ ਚੱਲਾ ਜਾਂਦਾ ਹੈ, ਉਸ ਘਰ ਦੀ ਰਾਤ ਦੇ ਨਾਲ ਨਾਲ ਦਿਨ ਵੀ ਕਾਲਾ ਹੋ ਜਾਂਦਾ ਹੈ।ਉਨ੍ਹਾਂ ਪਿਛਲੇ ਸਮੇਂ ਵਿੱਚ ਪੁਲਸ ਦੁਆਰਾ ਕੀਤੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨਸ਼ਾ ਤਸਕਰਾਂ ਦੇ ਘਰ ਅੱਗੇ ਵੀ ਇਸੇ ਤਰ੍ਹਾਂ ਹੀ ਢਾਹੇ ਜਾਣਗੇ।ਉਨ੍ਹਾਂ ਕਿਹਾ ਕਿ ਇਹ ਸਭ ਲੋਕਾਂ ਦੇ ਸਹਿਯੋਗ ਨਾਲ ਹੀ ਪੂਰਾ ਕੀਤਾ ਜਾ ਸਕਦਾ ਹੈ।

ਇਸ ਮੌਕੇ ਸਿਵਲ ਸਰਜਨ ਡਾ. ਚੰਦਰ ਸ਼ੇਖਰ, ਸੀਨੀਅਰ ਮੈਡੀਕਲ ਅਫਸਰ ਜੰਡ ਸਾਹਿਬ ਡਾ. ਰਾਜੀਵ ਭੰਡਾਰੀ, ਰਾਜੇਸ਼ ਕੁਮਾਰ ਐੱਸ.ਐੱਚ.ਓ., ਡਾ. ਰਾਜਪਾਲ ਸਿੰਘ ਜ਼ਿਲ੍ਹਾ ਕੁਆਰਡੀਨੇਟਰ, ਸੁਖਚੈਨ ਸਿੰਘ ਪੰਚਾਇਤ ਸੈਕਟਰੀ, ਦਵਿੰਦਰ ਪਾਲ ਸਿੰਘ ਏ.ਡੀ.ਓ. ਸੁਖਜਿੰਦਰ ਸਿੰਘ, ਮਨਦੀਪ ਸਿੰਘ, ਚਰਨਜੀਤ ਸਿੰਘ, ਸਿਮਰਜੀਤ ਕੌਰ, ਅਮਰਜੀਤ ਕੌਰ, ਰੁਪਿੰਦਰ ਕੌਰ ਸਿਹਤ ਵਿਭਾਗ, ਮਨਜੀਤ ਕੌਰ ਸਰਪੰਚ, ਹਰਬੰਸ ਕੌਰ ਸਰਪੰਚ, ਗੁਰਜੀਤ ਸਿੰਘ ਸਰਪੰਚ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਕਾਤਰਾਂ

### ਹਨੀ ਫੱਤਣਵਾਲਾ ਵੱਲੋਂ ਮਾਤਾ ਗੁਰਦੇਵ ਕੌਰ ਦੇ ਦੇਹਾਂਤ 'ਤੇ ਦੁੱਖ ਪ੍ਰਗਟ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੰਡੀ ਬਰੀਵਾਲਾ ਨਿਵਾਸੀ ਮਾਤਾ ਗੁਰਦੇਵ ਕੌਰ ਸਾਬਕਾ ਐੱਮ ਸੀ ਧਰਮਪਤਨੀ ਸਵ. ਨੱਥਾ ਸਿੰਘ, ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੇ ਦਿਹਾਂਤ 'ਤੇ ਮ੍ਰਿਤਕ ਦੇ ਬੇਟੇ ਮੇਜਰ ਸਿੰਘ ਸੰਧੂ ਨਾਲ ਅਫਸੋਸ ਪ੍ਰਗਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਦੁਖੀ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ।ਹਨੀ ਫੱਤਣਵਾਲਾ ਨੇ ਕਿਹਾ ਕਿ ਮਾਤਾ ਗੁਰਦੇਵ ਕੌਰ ਦੇ ਚਲੇ ਜਾਣ ਨਾਲ ਪਰਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਜੋ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ।ਇਸ ਮੌਕੇ ਮੁਕੇਸ਼ ਬਰੀਵਾਲਾ, ਸਲਵਿੰਦਰ ਸਿੰਘ ਸ਼ੈਲੀ ਸੰਧੂ, ਜਸਪਾਲ ਸਿੰਘ ਸੰਧੂ, ਇਕਬਾਲ ਸਿੰਘ ਤੋਂ ਇਲਾਵਾ ਹੋਰ ਵੀ ਪਿੰਡ ਵਾਸੀ ਤੇ ਰਿਸ਼ਤੇਦਾਰ ਹਾਜ਼ਰ ਸਨ।

### ਕੁੜੀਆਂ ਦੇ ਕਾਲਜ ਦੀ ਜ਼ਮੀਨ 'ਤੇ ਕਬਜ਼ੇ ਨੂੰ ਰੋਕਣ ਲਈ ਸਮਰਥਨ

**ਲੁਧਿਆਣਾ (ਐਮ ਐਸ ਭਾਟੀਆ)**-ਸਰਕਾਰੀ ਕੁੜੀਆਂ ਦੇ ਕਾਲਜ ਦੇ ਖੇਡ ਮੈਦਾਨ 'ਤੇ ਇੱਕ ਧਾਰਮਿਕ ਸਥਾਨ ਵੱਲੋਂ ਸਥਾਈ ਤੌਰ 'ਤੇ ਪਾਰਕਿੰਗ ਬਣਾਉਣ ਦੀਆਂ ਮੀਡੀਆ ਰਿਪੋਰਟਾਂ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਇਸਤ੍ਰੀ ਸਭਾ (ਰਜਿ.) ਨੇ ਕਾਲਜ ਦੀਆਂ ਵਿਦਿਆਰਥਣਾਂ ਤੇ ਅਧਿਆਪਕਾਂ ਦਾ ਸਮਰਥਨ ਕੀਤਾ ਹੈ।ਸਾਨੂੰ ਦੁੱਖ ਹੈ ਕਿ ਧਾਰਮਿਕ ਤੇ ਰਾਜਨੀਤਿਕ ਨੇਤਾਵਾਂ ਦੀ ਬੇਸਮਝੀ ਕਾਰਨ ਸਾਡੀਆਂ ਧੀਆਂ ਨੂੰ ਤੇਜ਼ ਗਰਮੀ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਕੀਤਾ ਗਿਆ ਹੈ, ਜਦੋਂ ਕਿ ਜ਼ਿਲ੍ਹਾ ਪ੍ਰਸ਼ਾਸਨ ਇਸ ਮੁੱਦੇ 'ਤੇ ਚੁੱਪ ਹੈ।ਅਹੁਦੇਦਾਰਾਂ ਨੇ ਕਿਹਾ ਕਿ ਅਸੀਂ ਰਾਜਨੀਤਿਕ-ਧਾਰਮਿਕ ਗੱਠਜੋੜ ਵੱਲੋਂ ਇਸ ਮੁੱਦੇ 'ਤੇ ਸਰਕਾਰੀ ਕਾਲਜ ਲੜਕੀਆਂ ਦੇ ਪ੍ਰਿੰਸੀਪਲ 'ਤੇ ਪਾਏ ਜਾ ਰਹੇ ਦਬਾਅ ਦੀ ਨਿੰਦਾ ਕਰਦੇ ਹਾਂ। ਕਾਲਜ ਨੇ ਸੂਬੇ ਦੇ ਕਈ ਕਾਲਜਾਂ ਤੇ ਸਕੂਲਾਂ ਨੂੰ ਵੀ ਬਹੁਤ ਸਾਰੇ ਚੰਗੇ ਅਧਿਆਪਕ ਦਿੱਤੇ ਹਨ।ਮੁਕਾਬਲੇ ਦੀ ਤਿਆਰੀ ਤੇ ਖੇਡ ਸਹੂਲਤਾਂ ਲਈ ਕੋਈ ਸੰਸਥਾ ਸਥਾਪਤ ਕਰਨ ਦੀ ਬਜਾਏ ਸਰਕਾਰ ਨਾਜਾਇਜ਼ ਕਬਜ਼ੇ ਦੀ ਚੁੱਪ-ਚਾਪ ਗਵਾਹ ਬਣੀ ਹੋਈ ਹੈ।

### ਚੋਰੀ ਦੇ ਸਮਾਨ ਸਮੇਤ ਕਾਬੂ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਇੰਸਪੈਕਟਰ ਗੁਰਮੇਲ ਸਿੰਘ ਮੁੱਖ ਅਫ਼ਸਰ ਥਾਣਾ ਬੱਧਨੀ ਕਲਾਂ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ 29.5.25 ਨੂੰ ਏ ਐੱਸ ਆਈ ਸੰਦੀਪ ਕੁਮਾਰ 716/ਮੋਗਾ ਨੇ ਪੁਲਸ ਪਾਰਟੀ ਦੌਰਾਨ ਗਲਤ ਮੁਖਬਰ ਖਾਸ ਦੀ ਇਤਲਾਹ 'ਤੇ ਦੋਸ਼ੀ ਗਗਨਦੀਪ ਸਿੰਘ ਪੁੱਤਰ ਰੂਪ ਸਿੰਘ, ਨਵਤੇਜ ਸਿੰਘ ਪੁੱਤਰ ਨਿਰਮਲ ਸਿੰਘ, ਪਰਵਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਅਤੇ ਗੁਰਜੀਤ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਰਣੀਆਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 2 ਮੱਛੀ ਮੋਟਰਾਂ ਤਾਰਾਂ, 2 ਸਟਾਟਰ ਅਤੇ ਇੱਕ ਵੈਗਨਰ ਗੱਡੀ ਨੰਬਰੀ ਪੀ ਬੀ-01-ਸੀ - 5785 ਬਰਾਮਦ ਕਰਕੇ ਮੁੱਕਦਮਾ ਨੰਬਰ 81 ਮਿਤੀ 29.5.25 ਅਪਰਾਧਿਕ 303 (2) 317 (2) ਬੀ ਐਨ ਐਸ ਥਾਣਾ ਬੱਧਨੀ ਕਲਾਂ ਦਰਜ ਰਜਿਸਟਰਡ ਕੀਤਾ ਗਿਆ।

# ਵਿਆਹ ਸਮਾਗਮ ਤੋਂ ਵਾਪਸ ਆਉਂਦੇ ਸਮੇਂ ਫਾਰਚੂਨਰ ਖੜੇ ਟਰੱਕ 'ਚ ਵੱਜੀ, ਦੋ ਦੀ ਮੌਤ



**ਨਾਭਾ (ਵਰਿੰਦਰ ਵਰਮਾ)**-ਨਾਭਾ-ਭਾਦਸੋਂ ਰੋਡ ਉੱਪਰ ਮੁੜ ਸਵੇਰੇ 2 ਵਜੇ ਦੇ ਕਰੀਬ ਹਾਦਸਾ ਵਾਪਰਿਆ, ਜਿਸ ਦੌਰਾਨ ਇੱਕ ਪਰਿਵਾਰ ਦੇ ਅੱਠ ਮੈਂਬਰ, ਜੋ ਕਿ ਆਪਣੀ ਫੋਰਚੂਨਰ ਗੱਡੀ ਵਿੱਚ ਲੇਡੀ ਸੰਗੀਤ ਤੋਂ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਦੀ ਗੱਡੀ ਖੜ੍ਹੇ ਟਰੱਕ ਵਿੱਚ ਜਾ ਵੱਜੀ, ਜੋ ਲੋਹੇ ਦੇ ਪਾਈਪਾਂ ਦਾ ਭਰਿਆ ਹੋਇਆ ਸੀ।ਇਸ ਘਟਨਾ 'ਚ ਗੱਡੀ ਵਿੱਚ ਸਵਾਰ ਜਗਪਾਲ ਸਿੰਘ ਉਮਰ ਕਰੀਬ 40 ਸਾਲ, ਹਰਲੀਨ ਕੌਰ ਉਮਰ ਡੇਢ ਸਾਲ ਦੀ ਬੱਚੀ ਦੀ ਮੌਤ ਹੋ ਗਈ, ਜਗਪਾਲ ਸਿੰਘ ਕਿਲ੍ਹਾ ਰਾਏਪੁਰ ਦਾ ਰਹਿਣ ਵਾਲਾ ਹੈ ਤੇ ਨਾਭੇ ਉਸ ਦੇ ਸਹੁਰੇ ਹਨ।ਹਾਦਸੇ ਦੌਰਾਨ ਗੱਡੀ ਤੇ ਪਰਿਵਾਰਕ ਮੈਂਬਰਾਂ ਦਾ ਇੰਨਾ ਬੁਰਾ ਹਾਲ ਸੀ ਕਿ ਗੱਡੀ ਨੂੰ ਤੋੜ ਕੇ ਤੇ ਕਟਰ ਨਾਲ ਕੱਟ ਕੇ ਪਰਿਵਾਰਕ ਮੈਂਬਰਾਂ ਨੂੰ ਗੱਡੀ ਵਿੱਚੋਂ ਬਾਹਰ ਕੱਢਿਆ ਗਿਆ।ਜਗਪਾਲ ਸਿੰਘ ਦੇ ਸਾਲੇ ਲਾਡੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਸ ਦੀਆਂ ਦੋ ਭੈਣਾਂ, ਇੱਕ ਜੀਜਾ, ਦੋ ਭਾਣਜੀਆਂ, ਇੱਕ ਚਾਚੇ ਦਾ ਬੇਟਾ ਬਿੱਟੂ, ਇੱਕ ਉਸ ਦੀ ਧਰਮ ਸੁਪਤਨੀ ਤੇ ਇੱਕ ਭਤੀਜੀ ਗੱਡੀ ਵਿੱਚ ਸਵਾਰ ਸਨ।ਦੋਵੇਂ ਭੈਣਾਂ ਨਾਭਾ ਦੇ ਸਰਕਾਰੀ ਹਸਪਤਾਲ ਵਿੱਚ, ਬਿੱਟੂ ਤੇ ਉਸ ਦੀ ਧਰਮ ਸੁਪਤਨੀ ਪਟਿਆਲਾ ਦੇ ਕੋਲੰਬੀਆ ਏਸ਼ੀਆ ਵਿੱਚ ਜ਼ੇਰੇ ਇਲਾਜ ਹਨ।ਲਾਡੀ ਸਮੇਤ ਸਮੁੱਚੇ ਪਰਿਵਾਰ ਵੱਲੋਂ ਇਨਸਾਫ ਦੀ ਮੰਗ ਕੀਤੀ ਗਈ ਹੈ।ਪਰਿਵਾਰਕ ਮੈਂਬਰਾਂ ਦਾ ਰੋ ਰੋ ਕੇ ਬੁਰਾ ਹਾਲ ਹੈ।ਥਾਣਾ ਸਦਰ ਮੁਖੀ ਗੁਰਪ੍ਰੀਤ ਸਿੰਘ ਮੁਤਾਬਕ ਟਰੱਕ ਮਾਲਕ ਉੱਪਰ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਕਰਦਿਆਂ ਮਾਮਲਾ ਦਰਜ ਕੀਤਾ ਜਾ ਰਿਹਾ ਹੈ।

# ਕੌਮੀ ਇਨਸਾਫ ਮੋਰਚੇ ਦੇ ਸੱਦੇ 'ਤੇ ਵੱਖ-ਵੱਖ ਜਥੇਬੰਦੀਆਂ ਨੇ ਰਾਸ਼ਟਰਪਤੀ ਤੇ ਰਾਜਪਾਲ ਦੇ ਨਾਂਅ ਸੌਂਪੇ ਮੰਗ ਪੱਤਰ




**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੀਆਂ ਵੱਖ ਵੱਖ ਜਥੇਬੰਦੀਆਂ ਕੌਮੀ ਇਨਸਾਫ ਮੋਰਚੇ ਦੇ ਸੱਦੇ 'ਤੇ ਕਿਸਾਨ, ਮਜ਼ਦੂਰ, ਧਾਰਮਿਕ ਤੇ ਵਪਾਰੀ ਜਥੇਬੰਦੀਆਂ ਦੀ ਇੱਕ ਵਿਸ਼ੇਸ਼ ਜ਼ਰੂਰੀ ਇਕੱਤਰਤਾ 16 ਮਈ ਨੂੰ ਬਠਿੰਡਾ ਵਿੱਚ ਹੋਈ ਸੀ। ਉਸ 'ਚ ਲਏ ਫੈਸਲਿਆਂ ਅਨੁਸਾਰ ਸਬ ਡਵੀਜ਼ਨ ਪੱਧਰ 'ਤੇ ਕੇਂਦਰ ਦੀ ਮੋਦੀ ਸਰਕਾਰ ਜੰਗੀ ਨੀਤੀਆਂ ਵਿਰੁੱਧ ਅਤੇ ਪੰਜਾਬ ਸਰਕਾਰ ਤੇ ਵਿਸ਼ੇਸ਼ ਕਰ ਪੰਜਾਬ ਦੇ ਮੁੱਖ ਮੰਤਰੀ ਵਿਰੁੱਧ ਰਾਸ਼ਟਰਪਤੀ ਤੇ ਰਾਜਪਾਲ ਨੂੰ ਚੇਤਾਵਨੀ ਪੱਤਰ ਸੌਂਪਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਰੋਜ਼ਾਨਾ ਝੂਠੇ ਪੁਲਸ ਮੁਕਾਬਲੇ, ਪੁਲਸ ਹਿਰਾਸਤ ਵਿੱਚ ਮੌਤਾਂ, ਭ੍ਰਿਸ਼ਟਾਚਾਰ, ਨਸ਼ੇ ਹਰ ਖੇਤਰ ਦੇ ਮਾਫੀਆ ਗਰੋਹ, ਨਜਾਇਜ਼ ਪੁਲਸ ਗ੍ਰਿਫਤਾਰੀਆਂ, ਸਾਲਾਂਬੱਧੀ ਬਿਨਾਂ ਮੁਕੱਦਮੇ ਚਲਾਏ ਅਨੇਕਾਂ ਵਿਅਕਤੀ ਜੇਲ੍ਹਾਂ ਵਿੱਚ ਬੰਦ, ਪੰਜਾਬ ਤੋਂ ਬਾਹਰ ਹਜ਼ਾਰਾਂ ਮੀਲ ਦੂਰ ਬੰਦੀਆਂ ਨੂੰ ਜੇਲ੍ਹਾਂ ਵਿੱਚ ਰੱਖਣਾ, ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਜਥੇਦਾਰ ਜਗਤਾਰ ਸਿੰਘ ਹਵਾਰਾ, ਭਾਈ ਅਮ੍ਰਿਤਪਾਲ ਸਿੰਘ ਮੈਂਬਰ ਪਾਰਲੀਮੈਂਟ ਦੇ ਸਮੇਤ ਅਨੇਕਾਂ ਨੌਜਵਾਨਾਂ ਨੂੰ ਪੰਜਾਬ ਤੋਂ ਦੂਰ ਜੇਲ੍ਹਾਂ ਵਿੱਚ ਬੰਦ ਕੀਤਾ ਹੈ। ਇਸੇ ਤਰ੍ਹਾਂ ਕਿਸਾਨਾਂ, ਮਜ਼ਦੂਰਾਂ ਨਾਲ ਵਿਆਪਕ ਪੱਧਰ 'ਤੇ ਤਸ਼ੱਦਦ ਦੀਆਂ ਉਦਾਹਰਨਾਂ ਸਾਹਮਣੇ ਹਨ। ਦਹਾਕਿਆਂ ਤੋਂ ਪੰਜਾਬ ਵਿੱਚ ਬੇਚੈਨੀ ਹੈ। ਪੰਜਾਬ ਦੇਸ਼ ਦੀ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਕਰਨ ਵਾਲਾ ਰਾਜ ਲਗਾਤਾਰ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਵੱਲੋਂ ਅਣਗੌਲਿਆ ਕੀਤਾ ਜਾ ਰਿਹਾ ਹੈ। ਅਸੀਂ ਇਸ ਮੰਗ ਪੱਤਰ ਰਾਹੀਂ ਆਪ ਜੀ ਨੂੰ ਇਨ੍ਹਾਂ ਮਸਲਿਆਂ ਦੇ ਹੱਲ ਲਈ ਦਖਲਅੰਦਾਜ਼ੀ ਦੀ ਅਪੀਲ ਕਰਦੇ ਹਾਂ। ਪੰਜਾਬ ਦੇ ਹਾਲਾਤਾਂ ਤੇ ਜਾਇਜ਼ ਮਸਲਿਆਂ ਪ੍ਰਤੀ ਅਣਗਹਿਲੀ, ਹੰਕਾਰੀ ਸੰਵੇਦਨਹੀਨਤਾ ਅਨਿਆ ਪੂਰਬਕ ਤੇ ਜਾਬਰ ਨੀਤੀਆਂ ਕਾਰਨ ਪੰਜਾਬ ਦੇ ਲੋਕਾਂ 'ਚ ਵੱਡੇ ਪੱਧਰ 'ਤੇ ਰੋਸ ਹੈ। ਆਗੂਆਂ ਨੇ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਬੰਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀਆਂ ਰਿਹਾਈਆਂ ਦੇ ਨਾਲ ਨਾਲ ਸਾਲਾਂ ਤੋਂ ਬੰਦ ਸਾਰੇ ਬੰਦੀਆਂ ਦੇ ਕੇਸਾਂ ਦੀ ਇੱਕ ਜੁਡੀਸ਼ਲ ਕਮਿਸ਼ਨ ਬਣਾ ਕੇ ਪੁਨਰ ਵਿਚਾਰ ਕੀਤੇ ਜਾਣ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਾਰੇ ਗੁਰੂ ਧਰਮਾਂ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਲਈ ਸਖਤ ਕਾਨੂੰਨ ਬਣਾਏ ਜਾਣ। ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ ਵਿੱਚ ਸਰਕਾਰ ਵੱਲੋਂ ਬਣਾਈਆਂ ਸਿੱਟਾਂ ਦੇ ਚਲਾਨ ਤੁਰੰਤ ਪੇਸ਼ ਕਰਦਿਆਂ ਕਾਰਵਾਈ ਤੇਜ਼ ਕੀਤੀ ਜਾਵੇ।

# ਐਕਸਿਸ ਬੈਂਕ ਦੀ ਕੰਧ ਪਾੜ ਕੇ 9 ਲੱਖ ਲੁੱਟੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਹਰਿਆਣਾ ਸਰਹੱਦ ਉੱਤੇ ਸਬ ਡਵੀਜ਼ਨ ਪਾਤੜਾਂ ਦੇ ਪਿੰਡ ਸ਼ੇਰਗੜ੍ਹ ਵਿਖੇ ਖਨੌਰੀ ਕੈਥਲ ਮੇਨ ਸੜਕ ਉੱਤੇ ਐਕਸਿਸ ਬੈਂਕ ਦੀ ਨਵੀਂ ਖੋਡ ਬਰਾਂਚ ਵਿੱਚ ਚੋਰਾਂ ਵੱਲੋਂ ਰਾਤ ਸਮੇਂ ਬੈਂਕ ਦੀ ਕੰਧ ਵਿੱਚ ਪਾੜ ਲਾ ਕੇ ਬੈਂਕ ਦੇ ਕੈਸ਼ ਵੋਲਟ ਵਿੱਚੋਂ ਨਗਦੀ, ਇੱਕ ਸੀਪੀਓ ਤੇ ਸੀਸੀਟੀਵੀ ਕੈਮਰਿਆਂ ਦਾ ਡੀਵੀਆਰ ਚੋਰੀ ਕਰਨ ਲਾਏ ਜਾਣ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ।ਘਟਨਾ ਦਾ ਪਤਾ ਲੱਗਦਿਆਂ ਹੀ ਡੀਐੱਸਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਪੁਲਸ ਫੋਰਸ ਨੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ।ਇਸ ਦੌਰਾਨ ਪੁਲਸ ਵੱਲੋਂ ਫਰਾਂਸਿਕ ਮਾਹਰਾਂ ਤੇ ਖੋਜੀ ਕੁੱਤਿਆਂ ਦੀ ਮਦਦ ਨਾਲ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਦਾ ਪਤਾ ਲਗਾਉਣ ਦੀਆਂ ਕੋਸ਼ਿਸ਼ਾਂ ਦੇ ਨਾਲ-ਨਾਲ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਡੀ ਐੱਸ ਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਰਾਤ ਸਮੇਂ ਹੋਈ ਵਾਰਦਾਤ ਦਾ ਪਤਾ ਲੱਗਣ 'ਤੇ ਬੈਂਕ ਮੈਨੇਜਰ ਪ੍ਰਿਤਪਾਲ ਸਿੰਘ ਦੀ ਸ਼ਿਕਾਇਤ ਉੱਤੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਮੁੱਢਲੀ ਪੜਤਾਲ ਮੁਤਾਬਕ ਬੈਂਕ ਵਿੱਚੋਂ ਕੰਧ ਨੂੰ ਪਾੜ ਲਾ ਕੇ ਬੈਂਕ ਦੇ ਕੈਸ਼ ਵੋਲਟ ਵਿੱਚੋਂ ਕਰੀਬ 9 ਲੱਖ ਰੁਪਏ, ਇੱਕ ਸੀਪੀਓ ਤੇ ਸੀਸੀਟੀਵੀ ਕੈਮਰਿਆਂ ਦਾ ਡੀਵੀਆਰ ਚੋਰੀ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਪੁਲਸ ਪ੍ਰਸ਼ਾਸਨ ਵੱਲੋਂ ਕਈ ਵਾਰ ਹਦਾਇਤਾਂ ਦੇ ਬਾਵਜੂਦ ਬੈਂਕ ਵੱਲੋਂ ਇਸ ਬਰਾਂਚ ਵਿੱਚ ਰਾਤ ਸਮੇਂ ਕੋਈ ਵੀ ਗਾਰਡ ਤਾਇਨਾਤ ਨਹੀਂ ਕੀਤਾ ਗਿਆ।



# ਸਰਕਾਰੀ ਸਕੂਲਾਂ 'ਚ ਉਦਘਾਟਨ ਸਮਾਰੋਹਾਂ ਨੇ ਅਧਿਆਪਕਾਂ ਤੇ ਸਕੂਲ ਮੁਖੀਆਂ ਦੀਆਂ ਜੇਬਾਂ 'ਤੇ ਚਲਾਈ ਕੈਂਚੀ

- ਯੂਨੀਅਨ ਵੱਲੋਂ ਸਮਾਗਮਾਂ ਦੇ ਅਸਲ ਖਰਚਿਆਂ ਮੁਤਾਬਿਕ ਸਬੰਧਤ ਸਕੂਲਾਂ ਨੂੰ ਅਦਾਇਗੀ ਕਰਨ ਦੀ ਮੰਗ

**ਕੋਟਕਪੂਰਾ (ਰਛਪਾਲ ਭੁੱਲਰ)**-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਧਿਆਨ ਵਿੱਚ ਆਇਆ ਹੈ ਕਿ ਪਿਛਲੇ ਦਿਨਾਂ ਦੌਰਾਨ ਸਿੱਖਿਆ ਵਿਭਾਗ ਪੰਜਾਬ ਦੇ ਉੱਚ ਅਧਿਕਾਰੀਆਂ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ



ਮੁਤਾਬਕ ਰਾਜ ਭਰ ਦੇ ਸਾਰੇ ਸਰਕਾਰੀ ਸੀਨੀਅਰ ਸੈਕੰਡਰੀ, ਹਾਈ ਤੇ ਐਲੀਮੈਂਟਰੀ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਲਿਆਉਣ ਦੇ ਨਾਂਅ ਹੇਠ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਲਈ 7 ਅਪ੍ਰੈਲ ਤੋਂ ਮਈ ਮਹੀਨੇ ਦੇ ਆਖਰੀ ਦਿਨਾਂ ਤੱਕ ਵੱਡੇ ਵੱਡੇ ਸਮਾਗਮ ਕਰਕੇ ਉਦਘਾਟਨੀ ਸਮਾਰੋਹ ਕੀਤੇ ਗਏ।ਇਨ੍ਹਾਂ ਉਦਘਾਟਨੀ ਸਮਾਰੋਹ ਦੇ ਮੁੱਖ ਮਹਿਮਾਨ ਵਜੋਂ ਪੰਜਾਬ ਸਰਕਾਰ ਦੇ ਵੱਖ ਵੱਖ ਮੰਤਰੀ ਸਾਹਿਬਾਨ ਜਾਂ ਵਿਧਾਨ ਸਭਾ ਹਲਕਿਆਂ ਦੇ ਵਿਧਾਇਕਾਂ ਨੂੰ ਬਣਾਇਆ ਗਿਆ।

ਸਿੱਖਿਆ ਵਿਭਾਗ ਪੰਜਾਬ ਦੇ ਉੱਚ ਅਧਿਕਾਰੀਆਂ ਵੱਲੋਂ ਉਦਘਾਟਨੀ ਸਮਾਰੋਹ ਦੇ ਪੱਥਰ ਤਿਆਰ ਕਰਨ ਤੇ ਸਮਾਗਮਾਂ ਦੇ ਪ੍ਰਬੰਧਾਂ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ 20000 ਰੁਪਏ, ਸਰਕਾਰੀ ਹਾਈ ਸਕੂਲਾਂ ਨੂੰ 10000 ਰੁਪਏ, ਸਰਕਾਰੀ ਐਲੀਮੈਂਟਰੀ ਸਕੂਲਾਂ ਨੂੰ 5000 ਰੁਪਏ ਤੇ ਹਰ ਸਕੂਲ ਨੂੰ ਉਦਘਾਟਨੀ ਪੱਥਰ ਤਿਆਰ ਕਰਨ ਲਈ 5000 ਰੁਪਏ ਦੀ ਅਦਾਇਗੀ ਕਰਨ ਦੇ ਆਦੇਸ਼ ਦਿੱਤੇ ਗਏ ਸਨ।ਇਸ ਸਬੰਧ ਵਿੱਚ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਸਲਾਹਕਾਰ ਬਲਕਾਰ ਵਲਟੋਹਾ, ਕਾਰਜ ਸਿੰਘ ਕੈਰੋਂ ਤੇ ਪ੍ਰੇਮ ਚਾਵਲਾ ਨੂੰ ਆਪਣੇ ਸਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਰਾਜ ਭਰ ਦੇ ਬਹੁਤ ਸਾਰੇ ਸਰਕਾਰੀ ਸਕੂਲਾਂ ਦੇ ਮੁਖੀਆਂ ਨੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਆਪਣੇ ਆਪਣੇ ਸਕੂਲਾਂ ਵਿੱਚ ਸਮਾਗਮ ਕਰ ਲਏ ਹਨ।ਉਨ੍ਹਾਂ ਦੱਸਿਆ ਕਿ ਜਥੇਬੰਦੀ ਦੇ ਧਿਆਨ ਵਿੱਚ ਆਇਆ ਹੈ ਕਿ ਇਨ੍ਹਾਂ ਸਮਾਗਮਾਂ ਦੇ ਮੁੱਖ ਮਹਿਮਾਨਾਂ ਵੱਲੋਂ ਸਕੂਲ ਮੁਖੀਆਂ ਨੂੰ ਵੱਧ ਤੋਂ ਵੱਧ ਇਕੱਠ ਕਰਨ, ਸਾਰੇ ਹਾਜ਼ਰੀਨ ਲਈ ਖਾਣ-ਪੀਣ ਦੇ ਵਧੀਆ ਪ੍ਰਬੰਧ ਕਰਨ, ਮੁੱਖ ਮਹਿਮਾਨ ਦੇ ਨਾਲ ਆਈਆਂ ਸਾਰੀਆਂ ਸ਼ਖਸੀਅਤਾਂ ਤੇ ਸਿੱਖਿਆ ਵਿਭਾਗ ਪੰਜਾਬ ਦੇ ਆਏ ਉੱਚ ਅਧਿਕਾਰੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕਰਨ, ਸਮਾਗਮ ਦੇ ਪ੍ਰਬੰਧਾਂ ਲਈ ਵਧੀਆ ਟੈਂਟ ਤੇ ਗਰਮੀ ਦੇ ਮੌਸਮ ਕਾਰਨ ਪੱਖਿਆਂ ਦਾ ਵਧੀਆ ਪ੍ਰਬੰਧ ਕਰਨਾ ਆਦਿ ਦੇ ਬਹੁਤ ਸਾਰੇ ਖਰਚੇ ਕਰਨ ਲਈ ਸਕੂਲ ਮੁਖੀਆਂ ਤੇ ਅਧਿਆਪਕਾਂ ਨੂੰ ਮਜਬੂਰ ਕੀਤਾ ਗਿਆ।ਅਫਸੋਸ ਦੀ ਗੱਲ ਇਹ ਹੈ ਕਿ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਕਿਸੇ ਵੀ ਸਕੂਲ ਨੂੰ ਇਸ ਮਕਸਦ ਲਈ ਭੇਜੀ ਜਾਣ ਵਾਲੀ ਵਾਲੀ ਰਾਸ਼ੀ ਵਿੱਚੋਂ ਇੱਕ ਧੇਲਾ ਵੀ ਭੇਜਣਾ ਮੁਨਾਸਬ ਨਹੀਂ ਸਮਝਿਆ।ਕਈ ਸਕੂਲਾਂ ਵਿੱਚ ਸਮਾਗਮਾਂ ਦੇ ਹੋਏ ਅਸਲ ਖਰਚੇ ਨਿਰਧਾਰਤ ਰਾਸ਼ੀ ਤੋਂ ਕਈ ਗੁਣਾਂ ਵੱਧ ਹੋਏ ਹਨ।ਇਨ੍ਹਾਂ ਖਰਚਿਆਂ ਦਾ ਭਾਰ ਸਕੂਲ ਮੁਖੀਆਂ ਤੇ ਅਧਿਆਪਕਾਂ 'ਤੇ ਪਿਆ ਹੈ ਤੇ ਇਹ ਕੈਂਚੀ ਸਕੂਲ ਮੁਖੀਆਂ ਤੇ ਅਧਿਆਪਕਾਂ ਦੀਆਂ ਜੇਬਾਂ 'ਤੇ ਚੱਲ ਰਹੀ ਹੈ।ਜਥੇਬੰਦੀ ਨੇ ਸਿੱਖਿਆ ਵਿਭਾਗ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਉਦਘਾਟਨੀ ਸਮਾਰੋਹਾਂ ਲਈ ਹੋਏ ਅਸਲ ਖਰਚਿਆਂ ਦੀ ਸਕੂਲ ਮੁਖੀਆਂ ਤੋਂ ਤੁਰੰਤ ਰਿਪੋਰਟ ਲੈ ਕੇ ਸਬੰਧਤ ਸਕੂਲਾਂ ਨੂੰ ਤੁਰੰਤ ਬਣਦੀ ਅਦਾਇਗੀ ਕਰਨੀ ਯਕੀਨੀ ਬਣਾਈ ਜਾਵੇ।

# ਸੁਖਦੇਵ ਸਿੰਘ ਢੀਂਡਸਾ ਦੀ ਮੌਤ 'ਤੇ ਦੁੱਖ ਪ੍ਰਗਟ

**ਦਿੜ੍ਹਬਾ (ਜਸਵੀਰ ਲਾਡੀ)**-ਪੰਜਾਬ ਦੀ ਸਿਆਸਤ ਦੇ ਥੰਮ ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣੇ ਕਰ ਜਾਣ 'ਤੇ ਸਮੁੱਚੇ ਪੰਜਾਬ ਅੰਦਰ ਸ਼ੋਗ ਦੀ ਲਹਿਰ ਦੌੜ ਗਈ ਹੈ। ਸੁਖਦੇਵ ਸਿੰਘ ਢੀਂਡਸਾ ਜਿੱਥੇ ਪੰਜਾਬ ਸਰਕਾਰ ਵਿੱਚ ਟਰਾਂਸਪੋਰਟ ਮੰਤਰੀ ਤੇ ਕੇਂਦਰ ਵਿੱਚ ਵੀ ਮੰਤਰੀ, ਰਾਜ ਸਭਾ ਦੇ ਮੈਂਬਰ ਰਹੇ, ਉੱਥੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਵੀ ਰਹੇ।ਉਨ੍ਹਾਂ ਦੇ ਅਕਾਲ ਚਲਾਣੇ 'ਤੇ ਅਕਾਲੀ ਦਲ ਦੇ ਸੀਨੀਅਰ ਆਗੂ ਤੇਜਾ ਸਿੰਘ ਕਮਾਲਪੁਰ, ਗੁਰਬਚਨ ਸਿੰਘ ਬੱਚੀ, ਕੋਰ ਸਿੰਘ ਮੋੜਾ, ਰਣਧੀਰ ਸਿੰਘ ਸਮੂਰਾਂ, ਭਗਵਾਨ ਸਿੰਘ ਢੰਡੋਲੀ, ਜੀਵਨ ਗਰਗ, ਗੋਰਾ ਕੋਹਰੀਆਂ, ਬਿਕਰਮਜੀਤ ਸਿੰਘ 'ਵਿੱਕੀ' ਛਾਜਲੀ, ਮਾਸਟਰ ਰਣਜੀਤ ਸਿੰਘ ਛਾਜਲਾ, ਜੀਤ ਸਿੰਘ ਧਾਲੀਵਾਲ ਸਾਬਕਾ ਸਰਪੰਚ ਛਾਜਲੀ, ਜਥੇਦਾਰ ਭਰਭੂਰ ਸਿੰਘ ਛਾਜਲੀ, ਨਿਸ਼ਾਨ ਸਿੰਘ ਸਰਾਓ, ਮਾਸਟਰ ਦਰਬਾਰਾ ਸਿੰਘ ਛਾਜਲੀ, ਭੋਲਾ ਸਿੰਘ ਸਮਰਾਓ, ਸੰਸਾਰ ਸਿੰਘ ਬੋਲਾ ਛਾਜਲੀ, ਨਿੱਕਾ ਸਿੰਘ ਘੁਮਾਣ, ਰਾਣਾ ਸਿੰਘ ਸ਼ੇਰਗਿੱਲ, ਤਾਰੀ ਸਰਪੰਚ ਰੰਘੜਿਆਲ, ਕਸ਼ਮੀਰ ਸਿੰਘ ਰੋੜੇਆਲ, ਕਰਨੈਲ ਸਿੰਘ ਖਨਾਲ ਖੁਰਦ ਬਲਾਕ ਸੰਮਤੀ ਮੈਂਬਰ, ਜੀਤ ਸਿੰਘ ਕਮਾਲਪੁਰ, ਗਿੰਨੀ ਕਮਾਲਪੁਰ, ਹਰਦੇਵ ਸਿੰਘ ਗੁੱਜਰਾਂ, ਭੁਪਿੰਦਰ ਸਿੰਘ ਮੋੜ, ਅਜੈਬ ਸਿੰਘ ਛਾਹੜ, ਰੋਡਾ ਸਿੰਘ ਖਡਿਆਲ, ਰਜਿੰਦਰ ਸਿੰਘ ਮਹਿਲਾ, ਸੁਖਦੇਵ ਛਾਹੜ ਅਤੇ ਰਿੰਕਾ ਢੰਡਲੀ ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਪਹਿਲਵਾਨ ਖਿਡਾਰੀਆਂ ਨੂੰ ਇਨਸਾਫ਼ ਲਈ ਲੜਾਈ ਜਾਰੀ ਰੱਖਣੀ ਹੋਵੇਗੀ : ਆਗੂ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਾਹੂਬਲੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੇ ਉਸ ਖਿਲਾਫ਼ 2023 ਵਿੱਚ ਇੱਕ ਨਾਬਾਲਗ ਪਹਿਲਵਾਨ ਖਿਡਾਰਨ ਵੱਲੋਂ ਦਰਜ ਕਰਵਾਏ ਪੋਸਕੋ ਐਕਟ ਤਹਿਤ ਦਰਜ ਕੇਸ ਵਿੱਚ ਬਿਆਨ ਬਦਲਣ ਉਪਰੰਤ (ਬਿਆਨ ਕਿਨ੍ਹਾਂ ਹਾਲਤਾਂ ਵਿੱਚ, ਕਿਉਂ ਬਦਲੇ ਵੱਖਰਾ ਵਿਸ਼ਾ ਹੈ, ਪਰ ਹੈ ਬੜਾ ਦਿਲਚਸਪ) ਕਲੋਜ਼ਰ ਰਿਪੋਰਟ ਮਨਜ਼ੂਰ ਕਰਨ ਤੋਂ ਬਾਅਦ 100 ਐੱਸ ਯੂ ਵੀ ਤੇ ਆਪਣੇ 10,000 ਭਾੜੇ ਦੇ ਟੱਟੂਆਂ ਨਾਲ ਅਯੁੱਧਿਆ ਹਵਾਈ ਅੱਡੇ 'ਤੇ ਉੱਤਰਨ ਤੋਂ ਬਾਅਦ ਜੇਤੂ ਜਲੂਸ ਕੱਢਿਆ। ਪ੍ਰੈੱਸ ਬਿਆਨ ਜਾਰੀ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਅਪ੍ਰੈਲ-ਮਈ 2023 ਵਿੱਚ ਇਹ ਪਹਿਲਵਾਨ ਖਿਡਾਰੀ ਤਪਦੀ ਧੁੱਪ ਵਿੱਚ ਸੜਕਾਂ 'ਤੇ ਪੁਲਸ ਦੀਆਂ ਡਾਂਗਾਂ ਦਾ ਸੇਕ ਆਪਣੇ ਪਿੰਡੇ 'ਤੇ ਝੱਲ ਕੇ ਵੀ ਅਡੋਲ ਰਹੇ। ਇਨ੍ਹਾਂ ਪਹਿਲਵਾਨ ਖਿਡਾਰੀਆਂ ਨੂੰ ਵਿਸ਼ਾਲ ਹਮਾਇਤ ਹਾਸਲ ਹੋਈ। ਪੰਜਾਬ ਦੇ ਬਹਾਦਰ ਕਿਸਾਨ ਮਰਦ-ਔਰਤ ਕਾਫ਼ਲਿਆਂ ਨੇ ਹਿੱਕ ਡਾਹ ਕੇ ਪਹਿਲਵਾਨ ਖਿਡਾਰੀਆਂ ਨੂੰ ਇਨਸਾਫ਼ ਦਿਵਾਉਣ ਵਿੱਚ ਅਹਿਮ ਰੋਲ ਅਦਾ ਕੀਤਾ। ਇਸ ਸਮੇਂ ਪਹਿਲਵਾਨ ਖਿਡਾਰੀਆਂ ਦੀ ਅਗਵਾਈ ਕਰਨ ਵਾਲੀ ਟੀਮ ਦੀ ਅਹਿਮ ਕੜੀ ਵਿਨੇਸ਼ ਫੋਗਾਟ ਨੇ ਬ੍ਰਿਜ ਭੂਸ਼ਨ ਦੇ ਇਸ ਕਥਿਤ ਜੇਤੂ ਜਲੂਸ ਕੱਢੇ ਜਾਣ ਉੱਪਰ ਸਟੀਕ ਟਿੱਪਣੀ ਕਰਦਿਆਂ ਕਿਹਾ ਕਿ 'ਫ਼ੌਜ ਤੁਹਾਡੀ ਹੈ, ਨੇਤਾ ਵੀ ਤੁਹਾਡਾ ਹੈ, ਤੁਸੀਂ ਝੂਠ ਨੂੰ ਸੱਚ ਲਿਖਦੇ ਹੋ, ਅਖ਼ਬਾਰ ਵੀ ਤੁਹਾਡਾ ਹੈ! ਜੇ ਅਸੀਂ ਇਸ ਬਾਰੇ ਸ਼ਿਕਾਇਤ ਕਰੀਏ, ਤਾਂ ਅਸੀਂ ਕਿੱਥੇ ਜਾਵਾਂਗੇ? ਸਰਕਾਰ ਤੁਹਾਡੀ ਹੈ, ਰਾਜਪਾਲ ਵੀ ਤੁਹਾਡਾ ਹੈ!!' ਪਹਿਲਵਾਨ ਖਿਡਾਰੀਆਂ ਦੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਖਿਲਾਫ਼ ਲੜਾਈ ਮੁੱਕੀ ਨਹੀਂ, ਨਵੇਂ ਪੜਾਅ ਵਿੱਚ ਦਾਖ਼ਲ ਹੋ ਗਈ ਹੈ। 6 ਪਹਿਲਵਾਨ ਖਿਡਾਰੀਆਂ ਵੱਲੋਂ ਸਰੀਰਕ ਸ਼ੋਸ਼ਣ ਦਾ ਦਰਜ ਮੁਕੱਦਮਾ ਚੱਲ ਰਿਹਾ ਹੈ। ਇਹ ਠੀਕ ਹੈ ਕਿ ਸਿਆਸਤਦਾਨ, ਅਫ਼ਸਰਸ਼ਾਹੀ ਤੇ ਅਦਾਲਤੀ ਪ੍ਰਬੰਧ ਆਮ ਲੋਕਾਂ ਦਾ ਨਾ ਹੋ ਕੇ ਬ੍ਰਿਜ ਭੂਸ਼ਨ ਜਿਹੇ ਲੁਟੇਰੇ ਬਾਹੂਬਲੀਆਂ ਦੇ ਪੱਖ ਵਿੱਚ ਭੁਗਤ ਜਾਂਦਾ ਹੈ। ਬ੍ਰਿਜ ਭੂਸ਼ਨ ਸ਼ਰਨ ਸਿੰਘ ਜਿਹੇ ਬਾਹੂਬਲੀਆਂ ਦੀ ਜੰਮਣ ਭੋਇੰ ਭਾਜਪਾ ਵੱਲੋਂ ਅਪਣਾਈ ਘੋਰ ਪਿਛਾਖੜੀ ਔਰਤ ਵਿਰੋਧੀ ਮਨੂੰਵਾਦੀ ਵਿਚਾਰਧਾਰਾ ਵਿੱਚ ਸਮੋਈ ਹੋਈ ਹੈ। ਇਨਕਲਾਬੀ ਕੇਂਦਰ ਦੇ ਸੂਬਾ ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਸਿੰਘ ਲਹਿਰਾ ਮੁਹੱਬਤ ਤੇ ਜਸਵੰਤ ਜੀਰਖ ਨੇ ਕਿਹਾ ਕਿ ਇਸ ਸਭ ਕੁੱਝ ਦੇ ਬਾਵਜੂਦ ਇਨਸਾਫ਼ ਹਾਸਲ ਕਰਨ ਲਈ ਸੰਘਰਸ਼ ਜਾਰੀ ਰੱਖਣਾ ਹੀ ਹੋਵੇਗਾ। ਜਬਰ ਖ਼ਿਲਾਫ਼ ਟਾਕਰੇ ਦੀ ਮਿਸਾਲ 'ਮਹਿਲ ਕਲਾਂ ਲੋਕ ਘੋਲ' ਤੋਂ ਸਬਕ ਸਿੱਖਦਿਆਂ ਔਰਤਾਂ ਨੂੰ ਮੁਕੰਮਲ ਮੁਕਤੀ ਲਈ ਲੜਾਈ ਨੂੰ ਇਸ ਲੋਕ ਦੋਖੀ ਪ੍ਰਬੰਧ ਖਿਲਾਫ ਸੇਧਤ ਕਰਨਾ ਚਾਹੀਦਾ ਹੈ।

# ਟੀ ਬੀ ਐੱਸ ਸਕੂਲ 'ਚ ਡੈਂਟਲ ਚੈੱਕਅੱਪ ਕੈਂਪ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੋਗਾ ਰੋਡ 'ਤੇ ਸਥਿਤ ਟੀ ਬੀ ਐੱਸ ਇੰਟਰਨੈਸ਼ਨਲ ਸਕੂਲ ਵਿੱਚ ਜੈਨੇਸਿਸ ਡੈਂਟਲ ਕਾਲਜ ਵੱਲੋਂ ਇੱਕ ਡੈਂਟਲ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਕਾਲਜ ਦੇ ਮਾਹਰ ਡਾਕਟਰਾਂ ਡਾ. ਅਰੁਣ ਤੇ ਡਾ. ਰਾਹੁਲ ਯਾਦਵ ਨੇ ਸਕੂਲ ਦੇ ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ ਤੇ ਉਨ੍ਹਾਂ ਨੂੰ ਮੂੰਹ ਦੀ ਸਫਾਈ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾਕਟਰਾਂ ਨੇ ਬੱਚਿਆਂ ਨੂੰ ਦੰਦਾਂ ਦੀ ਨਿਯਮਤ ਸਫਾਈ ਕਰਨ, ਦਿਨ ਵਿੱਚ ਦੋ ਵਾਰੀ ਬਰਸ਼ ਕਰਨ ਤੇ ਵੱਧ ਮਿੱਠੇ ਪਦਾਰਥਾਂ ਦੇ ਸੇਵਨ ਤੋਂ ਬਚਣ ਦੀ ਸਲਾਹ ਦਿੱਤੀ। ਸਕੂਲ ਦੀ ਐੱਮ ਡੀ ਦੀਪਾਲੀ ਸ਼ਰਮਾ ਨੇ ਕੈਂਪ ਦੀ ਸਰਾਹਨਾ ਕਰਦਿਆਂ ਜੈਨੇਸਿਸ ਡੈਂਟਲ ਕਾਲਜ ਦੀ ਟੀਮ ਦਾ ਧੰਨਵਾਦ ਕੀਤਾ ਤੇ ਸਕੂਲ ਵੱਲੋਂ ਸਾਰੇ ਡਾਕਟਰਾਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਵੀ ਡਾਕਟਰਾਂ ਦਾ ਧੰਨਵਾਦ ਕੀਤਾ ਤੇ ਬੱਚਿਆਂ ਨੂੰ ਸਮੇਂ-ਸਮੇਂ 'ਤੇ ਸਿਹਤ ਜਾਂਚ ਕਰਵਾਉਣ ਲਈ ਪ੍ਰੇਰਿਤ ਕੀਤਾ। ਕੈਂਪ ਦੇ ਸਫਲ ਆਯੋਜਨ ਵਿੱਚ ਕਾਲਜ ਦੇ ਪੀਆਰਓ ਰਣਜੀਤ ਸਿੰਘ ਤੇ ਮਨਜੀਤ ਸਿੰਘ ਦਾ ਖ਼ਾਸ ਯੋਗਦਾਨ ਰਿਹਾ।

# 2 ਦੀ ਪੁਲਸ ਜਬਰ ਵਿਰੁੱਧ ਰੈਲੀ ਮਾਨ ਹਕੂਮਤ ਦੇ ਗਰੂਰ ਨੂੰ ਚਕਨਾਚੂਰ ਕਰੇਗੀ : ਧਨੇਰ




**ਜਗਰਾਉਂ (ਨਛੱਤਰ ਸੰਧੂ)**-ਪੰਜਾਬ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੁਣ ਦਿੱਲੀ 'ਚੋਂ ਨਕਾਰ ਦਿੱਤੇ ਗਏ ਪਾਰਟੀ ਪ੍ਰਧਾਨ ਦੀ ਉਂਗਲ ਫੜ ਕੇ ਅਪਣੇ ਨਕਾਰੇ ਜਾਣ ਦਾ ਰਾਹ ਪੱਧਰਾ ਕਰ ਰਿਹਾ ਹੈ।ਸੱਤਾ ਦੇ ਨਸ਼ੇ 'ਚ ਹੁਣ ਭਗਵੰਤ ਮਾਨ ਸਰਕਾਰ, ਜਿਸ ਬਦਲਾਅ ਦਾ ਢਿੰਡੋਰਾ ਪਿੱਟ ਕੇ ਸੱਤਾ 'ਤੇ ਕਾਬਜ਼ ਹੋਈ ਸੀ, ਹੁਣ ਹੱਕ ਮੰਗਦੇ ਮਜ਼ਦੂਰਾਂ, ਕਿਸਾਨਾਂ, ਬੇਰੁਜ਼ਗਾਰਾਂ ਨੂੰ ਜੇਲ੍ਹਾਂ 'ਚ ਸੁੱਟ ਰਿਹਾ ਹੈ, ਅੰਨ੍ਹਾ ਜਬਰ ਢਾਹ ਰਿਹਾ ਹੈ, ਜਿਸ ਦਾ ਖਮਿਆਜ਼ਾ ਉਸ ਨੂੰ ਹਰ ਹਾਲਤ ਭੁਗਤਣਾ ਪਏਗਾ।ਸਾਢੇ ਤਿੰਨ ਸਾਲ 'ਚ ਹੀ ਲੋਕਾਂ ਦੇ ਮਨਾਂ 'ਚੋਂ ਲਹਿ ਚੁੱਕੇ ਮਾਨ ਨੇ ਸੱਤਾ ਬਚਾਉਣ ਲਈ ਹਿਟਲਰ ਦਾ ਰਾਹ ਫੜ ਲਿਆ ਹੈ।ਪਹਿਲਾਂ ਪੰਜ ਮਾਰਚ ਨੂੰ ਚੰਡੀਗੜ੍ਹ ਮੁਜ਼ਾਹਰੇ 'ਤੇ ਜਾਂਦੇ ਕਿਸਾਨਾਂ ਨੂੰ ਗ੍ਰਿਫਤਾਰ ਕਰਨਾ, ਜੇਲ੍ਹਾਂ 'ਚ ਬੰਦ ਕਰਨਾ, ਘਰਾਂ 'ਚ ਨਜ਼ਰਬੰਦ ਕਰਨਾ, ਸ਼ੰਭੂ ਤੇ ਖਨੌਰੀ ਬਾਰਡਰ 'ਤੇ ਪੰਜਾਬ ਸਰਕਾਰ ਵੱਲੋਂ ਬੋਲਿਆ ਹੱਲਾ ਤੇ ਧੋਖੇ 'ਚ ਰੱਖ ਕੇ ਕਿਸਾਨ ਆਗੂਆਂ ਦੀਆਂ ਕੀਤੀਆਂ ਗ੍ਰਿਫਤਾਰੀਆਂ, ਲੁਧਿਆਣਾ 'ਚ ਅਖਾੜਾ, ਭੂੰਦੜੀ, ਮੁਸ਼ਕਾਬਾਦ, ਬੱਗਾ ਕਲਾਂ, ਭੋਗਪੁਰ (ਜਲੰਧਰ) 'ਚ ਬਾਇਓ ਗੈਸ ਫੈਕਟਰੀਆਂ ਖਿਲਾਫ ਚੱਲ ਰਹੇ ਮੋਰਚਿਆਂ 'ਤੇ ਅੰਨ੍ਹੇ ਤਸ਼ੱਦਦ ਤੇ ਸਰਕਾਰੀ ਦਹਿਸ਼ਤ ਪਾਉਣ ਵਿਰੁੱਧ, ਚੰਦਭਾਨ, ਜਿਓਂਦ, ਚੌਂਕੇ, ਪਾਇਲ 'ਚ ਮਜ਼ਦੂਰਾਂ, ਕਿਸਾਨਾਂ 'ਤੇ ਪੁਲਸ ਜਬਰ ਤੇ ਝੂਠੇ ਪਰਚੇ ਦਰਜ ਕਰਨ ਵਿਰੁੱਧ, ਗੁਰਦਾਸਪੁਰ, ਅੰਮ੍ਰਿਤਸਰ 'ਚ ਭਾਰਤ ਮਾਲਾ ਪ੍ਰੋਜੈਕਟ ਦਾ ਵਿਰੋਧ ਕਰਦੇ ਕਿਸਾਨ ਮਰਦ, ਔਰਤਾਂ ਤੇ ਪੁਲਸ ਜਬਰ, ਬੀਤੀ 20 ਮਈ ਨੂੰ ਸੰਗਰੂਰ 'ਚ ਜੀਂਦ ਦੇ ਰਾਜੇ ਦੀ ਜ਼ਮੀਨ 'ਤੇ ਬੇਗਮਪੁਰਾ ਵਸਾਉਣ ਤੁਰੇ ਮਜ਼ਦੂਰਾਂ ਦੀਆਂ ਵੱਡੇ ਪੱਧਰ 'ਤੇ ਗ੍ਰਿਫਤਾਰੀਆਂ ਤੇ ਜੇਲ੍ਹਾਂ 'ਚ ਬੰਦ ਕਰਨ, ਪੁਲਸ ਵੱਲੋਂ ਨੌਜਵਾਨ ਨਰਿੰਦਰ ਸਿੰਘ ਨੂੰ ਥਾਣੇ 'ਚ ਕਰੰਟ ਲਾ ਕੇ ਮਾਰਨ ਦੇ ਦੋਸ਼ੀਆਂ, ਪਟਿਆਲਾ 'ਚ ਕਰਨਲ ਬਾਠ 'ਤੇ ਪੁਲਸੀਆ ਗੁੰਡਾਗਰਦੀ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀਆਂ ਮੰਗਾਂ ਨੂੰ ਲੈ ਕੇ ਪੁਲਸ ਜਬਰ ਖਿਲਾਫ 2 ਜੂਨ ਸਵੇਰੇ ਠੀਕ 11 ਵਜੇ ਨਵੀਂ ਦਾਣਾ ਮੰਡੀ ਜਗਰਾਉਂ ਵਿਖੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ।ਇਸ ਰੈਲੀ ਦੀ ਤਿਆਰੀ ਹਿੱਤ ਇੱਥੇ ਸੰਯੁਕਤ ਕਿਸਾਨ ਮੋਰਚੇ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਕਿਸਾਨ ਆਗੂ ਮਨਜੀਤ ਸਿੰਘ ਧਨੇਰ ਦੀ ਅਗਵਾਈ 'ਚ ਹੋਈ ਮੀਟਿੰਗ 'ਚ ਰੈਲੀ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ।ਪ੍ਰਬੰਧਕੀ ਡਿਊਟੀਆਂ ਦੀ ਵੰਡ ਕੀਤੀ ਗਈ।ਇਸ ਸਮੇਂ ਹਾਜ਼ਰ ਕਿਸਾਨ ਆਗੂਆਂ ਨੇ ਦੱਸਿਆ ਕਿ ਲੋਕ ਮਸਲਿਆਂ ਦਾ ਹੱਲ ਕਰਨ ਤੋਂ ਇਨਕਾਰੀ ਮਾਨ ਸਰਕਾਰ ਨੇ ਹੁਣ ਡੰਡੇ ਦਾ ਰਾਹ ਫੜ ਲਿਆ ਹੈ।ਇਸ ਅੰਨ੍ਹੀਂ ਸਰਕਾਰੀ ਦਹਿਸ਼ਤਗਰਦੀ ਦਾ ਜ਼ੋਰਦਾਰ ਜਵਾਬ ਦੇਣ ਲਈ ਸੰਗਰੂਰ, ਬਠਿੰਡਾ ਵਿਖੇ ਪੁਲਸ ਜਬਰ ਖਿਲਾਫ ਵਿਸ਼ਾਲ ਮੁਜ਼ਾਹਰੇ ਹੋ ਚੁੱਕੇ ਹਨ ਤੇ ਹੁਣ ਦੋ ਜੂਨ ਨੂੰ ਜਗਰਾਉਂ ਰੈਲੀ 'ਚ ਮਾਨ ਸਰਕਾਰ ਨੂੰ ਲੋਕ ਸੰਘਰਸ਼ਾਂ ਤੋਂ ਅਪਣੇ ਨਾਪਾਕ ਹੱਥ ਪਰੇ ਰੱਖਣ ਦੀ ਜ਼ੋਰਦਾਰ ਚਿਤਾਵਨੀ ਦਿੱਤੀ ਜਾਵੇਗੀ।ਰੈਲੀ ਉਪਰੰਤ ਸ਼ਹਿਰ 'ਚ ਜ਼ਬਰਦਸਤ ਮੁਜ਼ਾਹਰਾ ਵੀ ਕੀਤਾ ਜਾਵੇਗਾ।

ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਇੰਦਰਜੀਤ ਸਿੰਘ ਧਾਲੀਵਾਲ, ਜਗਜੀਤ ਸਿੰਘ ਕਲੇਰ, ਹਾਕਮ ਸਿੰਘ ਭੱਟੀਆਂ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਚਰਨ ਸਿੰਘ ਨੂਰਪੁਰਾ, ਜਸਵੰਤ ਸਿੰਘ ਭੱਟੀਆਂ, ਜਮਹੂਰੀ ਕਿਸਾਨ ਸਭਾ ਵੱਲੋਂ ਬਲਰਾਜ ਸਿੰਘ ਕੋਟਉਮਰਾ, ਗੁਰਮੇਲ ਸਿੰਘ ਰੂਮੀ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵੱਲੋਂ ਜੋਗਿੰਦਰ ਸਿੰਘ ਢਿੱਲੋਂ, ਕਿਰਤੀ ਕਿਸਾਨ ਯੂਨੀਅਨ ਵੱਲੋਂ ਬਲਵਿੰਦਰ ਸਿੰਘ ਕੋਠੇ ਪੋਨਾ, ਬਾਇਓ ਗੈਸ ਫੈਕਟਰੀ ਵਿਰੋਧੀ ਸੰਘਰਸ਼ ਤਾਲਮੇਲ ਕਮੇਟੀ ਵੱਲੋਂ ਕੰਵਲਜੀਤ ਖੰਨਾ ਆਦਿ ਹਾਜ਼ਰ ਸਨ।

# ਗਰਮੀ ਵਧਣ ਕਾਰਨ ਪੰਜਾਬ 'ਚ ਬਿਜਲੀ ਦੀ ਮੰਗ ਵਧੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿਛਲੇ ਦਿਨੀਂ ਮੀਂਹ ਪੈਣ ਕਾਰਨ ਭਾਵੇਂ ਇੱਕ ਵਾਰ ਬਿਜਲੀ ਦੀ ਮੰਗ ਘੱਟ ਗਈ ਸੀ, ਪਰ ਹੁਣ ਮੁੜ ਤੋਂ ਤਪਸ ਵਧਣ ਕਾਰਨ ਬਿਜਲੀ ਦੀ ਮੰਗ ਵੱਧ ਗਈ ਹੈ। ਮੀਂਹ ਤੋਂ ਪਹਿਲਾਂ ਬਿਜਲੀ ਦੀ ਮੰਗ 14 ਹਜ਼ਾਰ ਮੈਗਾਵਾਟ ਤੋਂ ਵੀ ਟੱਪ ਗਈ ਸੀ। ਬੀਤੇ ਦਿਨ ਮੀਂਹ ਪੈਣ ਕਾਰਨ ਬਿਜਲੀ ਦੀ ਮੰਗ 11 ਹਜ਼ਾਰ ਮੈਗਾਵਾਟ ਰਹੀ, ਪਰ ਅੱਜ ਇਹ ਮੰਗ 12 ਹਜ਼ਾਰ ਮੈਗਾਵਾਟ 'ਤੇ ਜਾ ਅੱਪੜੀ। ਬੀਤੇ ਦਿਨ ਪੰਜਾਬ 'ਚ ਵੱਧ ਤੋਂ ਵੱਧ ਤਾਪਮਾਨ 40.9 ਸੈਲਸੀਅਸ ਡਿਗਰੀ ਸੀ, ਜਦਕਿ ਅੱਜ ਇਹ ਅੰਕੜਾ ਕਰੀਬ 42 ਸੈਲਸੀਅਸ ਡਿਗਰੀ 'ਤੇ ਪੁੱਜ ਗਿਆ। ਉਧਰ, ਬਿਜਲੀ ਦੀ ਵਧ ਰਹੀ ਮੰਗ ਦੇ ਚੱਲਦਿਆਂ ਪੰਜਾਬ ਵਿਚਲੇ ਸਰਕਾਰੀ ਤੇ ਪ੍ਰਾਈਵੇਟ ਥਰਮਲ ਪਲਾਂਟਾਂ ਦੇ 14 ਵਿੱਚੋਂ 12 ਯੂਨਿਟ ਚੱਲ ਰਹੇ ਹਨ। ਤਿੰਨ ਸਰਕਾਰੀ ਥਰਮਲ ਪਲਾਟਾਂ ਵਿਚਲੇ 10 ਯੂਨਿਟਾਂ ਵਿੱਚੋਂ 9 ਚੱਲ ਰਹੇ ਹਨ, ਜਦਕਿ ਰੋਪੜ ਥਰਮਲ ਪਲਾਂਟ ਦਾ ਇੱਕ ਯੂਨਿਟ ਤਕਨੀਕੀ ਕਾਰਨਾਂ ਕਰਕੇ ਬੰਦ ਕੀਤਾ ਗਿਆ ਹੈ। ਇਸ ਦੌਰਾਨ ਰੋਪੜ ਥਰਮਲ ਤੋਂ 515 ਮੈਗਾਵਾਟ, ਲਹਿਰਾ ਮੁਹੱਬਤ ਥਰਮਲ ਤੋਂ 873 ਤੇ ਗੋਇੰਦਵਾਲ ਸਾਹਿਬ 'ਤੇ ਅਧਾਰਤ ਸਰਕਾਰੀ ਥਰਮਲ ਪਲਾਂਟ ਤੋਂ 502 ਮੈਗਾਵਾਟ ਬਿਜਲੀ ਦੀ ਪੈਦਾਵਾਰ ਹੋ ਰਹੀ ਹੈ। ਦੂਜੇ ਬੰਨ੍ਹੇ ਪ੍ਰਾਈਵੇਟ ਥਰਮਲਾਂ ਵਿਚਲੇ 5 ਵਿੱਚੋਂ 4 ਯੂਨਿਟ ਚਾਲੂ ਹਾਲਤ 'ਚ ਹਨ। ਇਨ੍ਹਾਂ ਵਿੱਚੋਂ ਰਾਜਪੁਰਾ ਵਿਚਲੇ ਪਲਾਂਟ ਦੇ ਦੋਵੇਂ ਯੂਨਿਟ ਚੱਲ ਰਹੇ ਹਨ, ਜੋ ਇਸ ਵੇਲੇ ਇੱਥੋਂ 1300 ਮੈਗਾਵਾਟ ਬਿਜਲੀ ਦੀ ਪੈਦਾਵਾਰ ਹੋ ਰਹੀ ਹੈ। ਤਲਵੰਡੀ ਸਾਬੋ ਥਰਮਲ ਪਲਾਂਟ ਦੇ ਚੱਲ ਰਹੇ ਦੋ ਯੂਨਿਟ 1250 ਮੈਗਾਵਾਟ ਬਿਜਲੀ ਪੈਦਾ ਕਰ ਰਹੇ ਹਨ, ਜਦਕਿ ਇਸ ਥਰਮਲ ਦਾ ਵੀ ਇੱਕ ਯੂਨਿਟ ਤਕਨੀਕੀ ਕਾਰਨਾਂ ਕਰਕੇ ਬੰਦ ਪਿਆ ਹੈ। ਪਾਵਰਕਾਮ ਦੇ ਬੁਲਾਰੇ ਦਾ ਕਹਿਣਾ ਸੀ ਕਿ ਗਰਮੀ ਤੇ ਝੋਨੇ ਦੇ ਸੀਜ਼ਨ ਲਈ ਬਿਜਲੀ ਸਪਲਾਈ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ।

# ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



ਬੁਢਲਾਡਾ (ਅਸ਼ੋਕ ਲਾਕੜਾ)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਸਹੀਦੀ ਗੁਰਪੁਰਬ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਵੀਨ ਬੁਢਲਾਡਾ ਵਿਖੇ 28, 29 ਤੇ 30 ਮਈ ਨੂੰ ਸਮੂਹ ਸਾਧ ਸੰਗਤ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਹੀ ਲੜੀ ਤਹਿਤ 28 ਮਈ ਨੂੰ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਸਵੇਰੇ 10 ਵਜੇ ਰੱਖੇ ਗਏ ਉਪਰੰਤ ਦੁਪਹਿਰ 2 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਹਾਨ ਅਲੌਕਿਕ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਰਵਾਨਾ ਹੋਇਆ, ਜੋ ਗਾਂਧੀ ਬਜ਼ਾਰ, ਗੋਲ ਚੱਕਰ, ਭੀਖੀ ਰੋਡ, ਬੱਸ ਸਟੈਂਡ ਰੋਡ, ਬੁਢਲਾਡਾ ਪਿੰਡ ਦੀ ਫਿਰਨੀ, ਫੁਹਾਰਾ ਚੌਂਕ ਤੇ ਰੇਲਵੇ ਰੋਡ ਤੋਂ ਹੁੰਦਾ ਹੋਇਆ ਦੇਰ ਰਾਤ ਗੁਰਦੁਆਰਾ ਸਾਹਿਬ ਵਿਖੇ ਪਹੁੰਚਿਆ। ਨਗਰ ਕੀਰਤਨ ਦੌਰਾਨ ਸਹੀਦ ਬਾਬਾ ਦੀਪ ਸਿੰਘ ਅਖਾੜਾ ਗੱਤਕਾ ਪਾਰਟੀ (ਬੁਢਲਾਡਾ), ਪ੍ਰਿੰਸ ਬੈਂਡ (ਸੁਨਾਮ), ਧਾਰਮਿਕ ਸੰਸਥਾਵਾਂ ਤੇ ਸਕੂਲਾਂ ਦੇ ਬੱਚਿਆਂ ਨੇ ਨਗਰ ਕੀਰਤਨ ਦੀ ਸ਼ੋਭਾ ਨੂੰ ਵਧਾਇਆ। ਨਗਰ ਕੀਰਤਨ ਦੌਰਾਨ ਬਾਹਰ ਤੋਂ ਆਏ ਰਾਗੀ ਜਥੇ ਭਾਈ ਪ੍ਰਗਟ ਸਿੰਘ ਜੀ ਚੰਡੀਗੜ੍ਹ ਵਾਲੇ ਅਤੇ ਹਜੂਰੀ ਰਾਗੀ ਜਥੇ ਨੇ ਮਨੋਹਰ ਗੁਰਬਾਣੀ ਕੀਰਤਨ ਰਾਹੀਂ ਗੁਰੂ ਜਸ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਨਗਰ ਕੀਰਤਨ ਦੌਰਾਨ ਇਲਾਕੇ ਦੀਆਂ ਸੰਗਤਾਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਤੇ ਲੰਗਰ ਲਾਏ ਗਏ। ਨਗਰ ਕੀਰਤਨ ਦੌਰਾਨ ਸ਼ਹਿਰ ਦੀਆਂ ਸੰਗਤਾਂ ਵੱਲੋਂ ਗੁਰੂ ਸਾਹਿਬ ਨੂੰ ਨਤਮਸਤਕ ਹੋ ਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ 29 ਮਈ ਨੂੰ ਰਾਤ 7:30 ਵਜੇ ਤੋਂ 9 ਵਜੇ ਤੱਕ ਬਾਲ ਕਵੀ ਦਰਬਾਰ ਤੇ ਕੀਰਤਨ ਦਰਬਾਰ ਸਜਾਇਆ ਜਾਵੇਗਾ। 30 ਮਈ ਨੂੰ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਸਵੇਰੇ 8 ਵਜੇ ਪਾਏ ਜਾਣਗੇ। ਉਪਰੰਤ 9 ਤੋਂ 11:30 ਵਜੇ ਤੱਕ ਕੀਰਤਨ ਦਰਬਾਰ ਕਰਾਇਆ ਜਾਵੇਗਾ। ਗੁਰੂ ਦਾ ਮਹਾਨ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਕਾਮਰੇਡ ਗਾਡਾ ਸਿੰਘ ਨਮਿੱਤ ਭੋਗ ਪਹਿਲੀ ਨੂੰ

**ਲੁਧਿਆਣਾ (ਨ ਜ਼ ਸ)**-ਕਾਮਰੇਡ ਗਾਡਾ ਸਿੰਘ ਉਰਫ ਗੁਰਦੇਵ ਸਿੰਘ, ਉਮਰ 85 ਸਾਲ ਰਿਆਇਸ ਸਲੇਮਪੁਰਾ, ਮੁਹੱਲਾ ਗਰੀਨ ਸ਼ਾਹ, ਸਿੱਧਵਾਂ ਬੇਟ, ਪਿਛਲੇ ਦਿਨੀਂ ਸਾਨੂੰ ਵਿਛੋੜਾ ਦੇ ਗਏ ਹਨ। ਉਨ੍ਹਾਂ ਨਮਿੱਤ ਭੋਗ ਇਕ ਜੂਨ ਐਤਵਾਰ ਨੂੰ ਉਨ੍ਹਾਂ ਦੇ ਪਿੰਡ ਵਿਖੇ ਪਏਗਾ। ਉਹ 1967 ਵਿੱਚ ਉੱਥੇ ਆਏ ਤੇ ਇਲਾਕੇ ਨੂੰ ਆਬਾਦ ਕੀਤਾ। ਉਨ੍ਹਾਂ ਨੇ ਕਾਮਰੇਡਾਂ ਨਾਲ ਰਲ ਕੇ ਅਨੇਕਾਂ ਕਿਸਾਨ ਸੰਘਰਸ਼ਾਂ ਵਿੱਚ ਯੋਗਦਾਨ ਪਾਇਆ ਤੇ ਖੇਤ ਮਜ਼ਦੂਰ ਸਭਾ ਵਿੱਚ ਵੀ ਕੰਮ ਕੀਤਾ।

# ਸੁਖਦੇਵ ਸਿੰਘ ਢੀਂਡਸਾ ਦੀ ਮੌਤ 'ਤੇ ਕਾਂਗੜ ਵੱਲੋਂ ਦੁੱਖ ਦਾ ਪ੍ਰਗਟਾਵਾ

ਬਠਿੰਡਾ (ਰਾਜੀਵ ਗੋਇਲ)-ਸੀਨੀਅਰ ਅਕਾਲੀ ਆਗੂ ਤੇ ਵਡੇਰੀ ਉਮਰ ਦੇ ਕੇਂਦਰੀ ਮੰਤਰੀ ਰਹਿ ਚੁੱਕੇ ਸ੍ਰ. ਸੁਖਦੇਵ ਸਿੰਘ ਢੀਂਡਸਾ ਦੇ ਇਸ ਸੰਸਾਰ ਨੂੰ ਅਲਵਿਦਾ ਆਖ ਜਾਣ 'ਤੇ ਸਮੂਹ ਢੀਂਡਸਾ ਪਰਵਾਰ ਨਾਲ ਕਾਂਗਰਸ ਦੇ ਸੀਨੀਅਰ ਨੇਤਾ ਤੇ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਨੇ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਢੀਂਡਸਾ ਸਾਹਿਬ ਇਕ ਚੰਗੀ ਸੋਚ ਵਾਲੇ ਸਿਆਸਤਦਾਨ ਸਨ ਤੇ ਉਨ੍ਹਾਂ ਢੀਂਡਸਾ ਦੀ ਮੌਤ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਇਸ ਮੌਕੇ ਉਨ੍ਹਾਂ ਨਾਲ ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਪਰਮਜੀਤ ਬਿਦਰ, ਹਰਿੰਦਰ ਬਰਾੜ, ਇੰਦਰਜੀਤ ਨਾਗਪਾਲ, ਜਸਮੀਤ ਬਰਾੜ, ਹਰਿੰਦਰ ਬਰਾੜ, ਲਖਵੀਰ ਸਿੱਧੂ, ਲੱਕੀ ਜਲਾਲ, ਗੁਰਤੇਜ ਸਿੰਘ, ਪਰਮਿੰਦਰ ਸਿੰਘ, ਇੰਦਰਜੀਤ ਸਿੰਘ ਜੱਗਾ, ਰਾਮ ਸਿੰਘ ਬਾਦਲ ਸਮੇਤ ਸਮੂਹ ਕਾਂਗਰਸੀ ਆਗੂ ਹਾਜ਼ਰ ਸਨ।

## ਅਦਾਲਤੀ ਇਸ਼ਤਿਹਾਰ

(1) ... (2) ਹਰਨੇਕ ਸਿੰਘ ਪੁੱਤਰ ਕਿਸ਼ਨ ਸਿੰਘ ਪੁੱਤਰ ਜਗਤ ਸਿੰਘ (3) ਅਵਤਾਰ ਸਿੰਘ (4) ਰਛਪਾਲ ਸਿੰਘ ਪੁੱਤਰਾਨ ਹਰਚੰਦ ਸਿੰਘ ਪੁੱਤਰ ਕੇਹਰ ਸਿੰਘ, ਸਾਰੇ ਵਾਸੀਆਨ ਪਿੰਡ ਲੁਹਾਰਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (5) ਮੈਨੇਜਰ ਆਈ.ਸੀ.ਆਈ.ਸੀ.ਆਈ. ਬੈਂਕ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

## ਅਦਾਲਤੀ ਇਸ਼ਤਿਹਾਰ

(4) ਗੁਰਚਰਨ ਸਿੰਘ ਪੁੱਤਰਾਨ ਨਰੰਜਣ ਸਿੰਘ ਪੁੱਤਰ ਸੁੰਦਰ ਸਿੰਘ (5) ਮਨਜੀਤ ਕੌਰ ਵਿਧਵਾ (6) ਗਗਨਦੀਪ ਕੌਰ ਪੁੱਤਰੀ (7) ਜਤਿੰਦਰ ਸਿੰਘ ਪੁੱਤਰ (8) ਅਮਨਦੀਪ ਕੌਰ ਪੁੱਤਰੀ ਕਰਨੈਲ ਸਿੰਘ ਪੁੱਤਰ ਅਮਰ ਸਿੰਘ (9) ਬੂਟਾ ਸਿੰਘ (10) ਸੁਖਦੇਵ ਸਿੰਘ ਪੁੱਤਰਾਨ ਜੀਤ ਸਿੰਘ ਪੁੱਤਰ ਮੁਨਸ਼ੀ ਸਿੰਘ, ਸਾਰੇ ਵਾਸੀਆਨ ਪਿੰਡ ਕੁੱਸਾ ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ।

## COURT NOTICE

(U/o 5 Rule 20 CPC)
In The Court of
Sh. Sanjiv Joshi
Additional District and Sessions Judge-II, Kapurthala
CNR No. PBKP01-003418-2022
Next Date:- 09-07-2025
Capital Small Finance Bank
Vs. Jarnail Singh
Publication Issued To:
3. Sukhchain Singh S/o Gurmukh Singh
:- Village Baja Burewal, Tehsil Sultanpur Lodhi, Kapurthala.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 09-07-2025 at 10:00 a.m.

For details logon to https://highcourtchd.gov.in/?mod=district_notice&district=Kapurthala

Additional District and Sessions Judge-II Kapurthala
Dated, this day of 28-05-202

## COURT NOTICE

(U/o 5 Rule 20 CPC)
(Under Guardian And Ward Act)
In The Court Of
Ms. Manni Arora
Civil Judge (Senior Division), Patiala
CNR No. PBPT02-001693-2025
Next Date:- 11-07-2025
Sachveer Singh Chandel
Vs.
General Public
Notice To:
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 11-07-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge (Senior Division) Patiala
Dated, this day of 28-05-2025

## COURT NOTICE

(U/o 5 Rule 20 CPC)
In The Court of
Hasan Deep Singh Bajwa
Additional Civil Judge (Senior Division), Kharar
CNR No. PBSAA0-000544-2025
Next Date:- 11-08-2025
SUCC/4/2025
Lakhwinder Singh S/O Late Roop Singh R/O Vill Jhanjheri, Tehsil Kharar, Distt Mohli 2. Rumal Kaur W/O Late Roop Singh 3. Charanjit Kaur D/O Late. Roop Singh R/O Vill Jhanjheri, Tehsil Kharar Distt Mohali
Vs.
General Public
Publication Issued To:
General Public
:- General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 11-08-2025 at 10:00 a.m.

For details logon to https://highcourtchd.gov.in/?mod=district notice&district=mogacourt

Additional Civil Judge (Senior Division) Kharar
Dated, this day of 29-05-2025

## COURT NOTICE

(U/o 5 Rule 20 CPC)
In The Court of
Hasan Deep Singh Bajwa
Additional Civil Judge (Senior Division), Kharar
CNR No. PBSAA0-000636-2025
Next Date:- 03-07-2025
SUCC/6/2025
Kuldeep Kaur Wd/O Jit Singh 2. Gurinder Singh 3. Harinder Singh Both S/O Jit Singh All R/O Vill Bharaujian, Tehsil Kharar, Distt Mohali 4. Surinder Kaur D/O Jit Singh W/O Balwinder Singh R/O H.No. 126, Milk Colony Dhanas, Chandigarh
Vs. General Public
Publication Issued To:
General Public

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 03-07-2025 at 10:00 a.m.

For details logon to https://highcourtchd.gov.in/?mod=district_notice&district=moga-court

Additional Civil Judge (Senior Division) Kharar
Dated this day of 29-05-2025

## COURT NOTICE

(U/o 5 Rule 20 CPC)
(Succession Case)
In The Court of
Parminder Kaur Bains
Civil Judge (Senior Division), Amritsar
CNR No. PBAS02-002260-2025
Next Date:- 25-07-2025
Succ
Sanjay Bhatia S/o LT. Lachman Dass R/o H. No. 1674, Gali Loharan Wali, Chowk Phullan Wala, Katra Charat Singh, Amritsar
Vs.
General Public
Notice To: General Public
Whom may its concern

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 25-07-2025 at 10:00 a.m.

For details logon to https://highcourtchd.gov.in/?trs=district_notice& district=Amritsar

Civil Judge (Senior Division) Amritsar
Dated, this day of 27-05-2025

## PUBLIC NOTICE

Under the instruction of IDFC FIRST BANK LTD, I hereby informed the general public that Sukhpreet Singh s/o Sukhbir Singh is absolute owner Property Plot Private no 106 measuring length 41 feet width 25.4 feet, Total measuring 115.40 Sq Yards Khasra no.71//9 min bounded as East: Plot no 107, West: Plot no 105, North: Plot no 109, South: Gali 15 feet wide, situated at Kala Ghanupur Sub Urban AbadiMilap Avenue, Tehsil & District Amritsar. That as per documents Avinash Rani w/o Satpal sold 115.40 sq yards of property to Kashmir Singh s/o Mukhtiar Singh vide sale deed regd dated 19.11.2008 as doc no.11186 of which mutation no.18577 has been sanctioned by revenue authorities and same is shown as owner of 4 Marlas in the Jamabandi for the year 2008-09, 2013-14. Then Kashmir Singh s/o Mukhtiar Singh through GPA Khazan Singh s/o Gurmeet Singh through SPA Sukhbir Singh s/o Wazir Singh sold 115.40 sq yards of property to Sukhpreet Singh s/o Sukhbir Singh vide sale deed regd dated 08.07.2015 as doc no.4812 of which mutation no.30296 has been sanctioned by revenue authorities and same is shown as owner of 4 Marlas in the Jamabandi for the year 2018-19. Sukhpreet Singh S/o Sukhbir Singh has lost Original Sale Deed executed by Avinash Rani w/o Satpal in favour of Kashmir Singh s/o Mukhtiar Singh vide sale deed regd dated 19.11.2008 as doc no.11186. LOST Information report has been got registered dt 29.5.2025 no 598161/2025. Anybody having claim or claiming any prior rights or interest in any manner in this property or has raised loan by depositing the aforesaid sale deed to any person/bank/corporation/financial institution may approach the undersigned and may submit objection in writing 7 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with IDFC FIRST BANK LTD. Adv. VikasVerma District Court Amritsar MB. 9815156302

## PUBLIC NOTICE

Under the instruction of IDFC FIRST BANK LTD, I hereby informed the general public Mamta Rani w/o Vipan Kumar is absolute owner of Property H.No. 20 Portion Measuring 3 Marla, in khasra nos.369/130/2, situated at Wakia Abadi Manjit Nagar, Basti Gujan, Jalandhar have agreed mortgage the property and to mortgage to my/our client IDFC First Bank Ltd, SCO 27, 1 st Floor, puda complex Ladowali road, Jalandhar 144001 the said property free from all Charges or encumbrances. The property was owned by Vipan Kumar vide sale deed No. 6756 dt. 23.01.2009 for 3 Marla after his death, the same was inherited by Mamta Rani w/o Vipan Kumar and Amit Kumar S/o Vipan Kumar vide mutation No. 7857. Mamta Rani w/o Vipan Kumar Executed Transfer deed No. 2024-25/187/1/10709 dt.13.01.2025 in favour of Amit Kumar, S/o Vipan Kumar, duly registered with sub registrar for 1.5 Marla. Amit Kumar executed Transfer deed No.2024-25/187/1/11882 dt. 7-2-2025 in favour of Mamta Rani W/o Vipan Kumar for 3 Marla Mutation No. 8003 is sanctioned.

Further All persons claiming any share, interest or right in the said property or any part thereof by way of sale, transfer, assignment, mortgage, charge, lease, license, lien, tenancy, trust, gift easement, possession regarding inheritance of Vipan Kumar or otherwise, however are hereby required to make the same known to the undersigned in writing, within (7) Seven days from the date of publication of this notice, with all supporting documents, failing which mortgage over the said property shall be created and without reference to all claims if any, and the same shall be deemed to waived/ and or abandoned and will not be binding on my/our clients.

Advocate Vikas Sood Co. Mob. 098140-94356 , E-mail: Vikassood.co@gmail.com
For and on Behalf of IDFC First Bank Ltd, SCO 27, 1st Floor, puda complex, Ladowali Road Jalandhar 144001

## ਪੰਜਾਬ ਨੈਸ਼ਨਲ ਬੈਂਕ

ਪੁਰਾਣੀ ਜੇਲ੍ਹ ਰੋਡ (072140), ਅੰਮ੍ਰਿਤਸਰ

### ਬਰਾਂਚ ਵਿਚ ਲਾਕਰਾਂ ਦੇ ਕਿਰਾਏ ਦੇ ਬਕਾਏ ਲਈ ਨੋਟਿਸ

ਇਹ ਕਿ ਪੰਜਾਬ ਨੈਸ਼ਨਲ ਬੈਂਕ ਨੇ ਹੇਠਾਂ ਦਿੱਤੀ ਸਾਰਣੀ ਵਿੱਚ ਦਰਸਾਏ ਅਨੁਸਾਰ ਸੰਬੰਧਤ ਲਾਕਰ ਕਿਰਾਏਦਾਰਾਂ ਨੂੰ ਸੇਫ ਡਿਪਾਜ਼ਿਟ ਵੈਲਟਸ (ਲਾਕਰ) ਕਿਰਾਏ 'ਤੇ ਦਿੱਤੇ ਸਨ। ਲਾਕਰ ਦੇ ਕਿਰਾਏਦਾਰਾਂ ਵੱਲੋਂ 3 ਸਾਲ ਤੋਂ ਵੱਧ ਸਮੇਂ ਲਈ ਕਿਰਾਏ ਦਾ ਭੁਗਤਾਨ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਵੱਲ ਕਿਰਾਇਆ ਬਕਾਇਆ ਹੈ। ਬੈਂਕ ਨੇ ਬਕਾਇਆ ਰਹਿੰਦੇ ਲਾਕਰ ਦੇ ਕਿਰਾਏ ਦੇ ਭੁਗਤਾਨ ਲਈ ਰੀਮਾਈਂਡਰ ਨੋਟਿਸ, ਟਰਮੀਨੇਸ਼ਨ ਨੋਟਿਸ ਅਤੇ ਫਾਈਨਲ ਨੋਟਿਸ ਭੇਜੇ ਪਰ ਲਾਕਰ ਦੇ ਕਿਰਾਏਦਾਰ (ਕਿਰਾਏਦਾਰਾਂ) ਨੇ ਹੁਣ ਤੱਕ ਬਕਾਇਆ ਕਿਰਾਏ ਦਾ ਭੁਗਤਾਨ ਨਹੀਂ ਕੀਤਾ।

| ਲੜੀ ਨੰ. | ਲਾਕਰ ਨੰਬਰ | | ਬਕਾਇਆ ਕਿਰਾਏ ਦੀ ਮਿਆਦ |
|---|---|---|---|
| 1. | EE199 | | 14 ਤਾਰੀ ... ਅੰਮ੍ਰਿਤਸਰ |

ਮਿਤੀ : 30.05.2025 ਸਥਾਨ : ਅੰਮ੍ਰਿਤਸਰ ਅਧਿਕਾਰਤ ਅਫਸਰ (ਪੰਜਾਬ ਨੈਸ਼ਨਲ ਬੈਂਕ)

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ... ਸਹਾਇਕ ਕੁਲੈਕਟਰ ਦਰਜਾ ਅੱਵਲ, ਫਿਲੌਰ

ਮਿਸਲ ਨੰ: 329/NT, 330/NT, ... 27.03.2025, ... 19.06.2025

ਮਿਤੀ : 27.05.2025 ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ, ਫਿਲੌਰ (ਕਪੂਰਥਲਾ)

## COURT NOTICE

(U/o 5 Rule 20 CPC)
In The Court of
Prabhjot Kaur Virdi
Civil Judge (Junior Division), Kharar
CS/14/24
CNR No. PBSAA0-000005-2024
Next Date:- 28-07-2025
Manjeet Kaur Vs. 1. Daljit Singh
Publication Issued To:
1. Daljit Singh S/O Lakha Singh R/O H. No. 722 Gillco Valley Sector 117 Kharar
2. Dalbir Singh Sandhu S/O Sewa Singh R/O Near Gurudwara Prab Millan Ka Chau Talwandi Bhangaria, Distt. Moga
3. Sukhwinder Singh S/O Hazura Singh R/O H. No. 469, Sector 16, Chandigarh.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 28-07-2025 at 10:00 a.m.

For details logon to https://highcourtchd.gov.in/?mod=district_notice& district=mogacourt

Civil Judge ( Junior Division) Kharar
Dated, this day of 28-05-2025




## Change of Name

I Surinderpalsingh alias Pal Singh R/o Village Boparai Khurd PO Goraya, Tehsil Phillaur, Jalandhar Have changed my name from Surinder Pal Singh alias Pal Singh to Pal Singh. Concerned Please Note

I Prakriti Sood alias Supriya wife of Divyanshu Goel Resident of H. No S-6, Dhole Wala Khuh, Mithapur, Navi Abadi, District Jalandhar have changed my name to Prakriti Goel after marriage.

I, Rakesh S/O Lekh Raj R/O 14, Kanjli Road, Ajit Avenue, Kapurthala, declares that I have changed my name from Rakesh to Rakesh Kumar. Concerned please note.

I, Sonika W/o Surjit Kumar R/o Vill. Bhagwanpur, PO. Lambra, Distt. Jalandhar have changed my name as Sonika to Sonika Dadra.

I, Harpreet Singh (Passport No. V3744529) s/o Surjit Singh R/o VPO. Lallian Kalan, Distt. Jalandhar have changed my name Harpreet Singh to Harpreet Singh Kang.

I, Loveleen Chandel W/o Abdesh Kumar R/o H.No.101, Radha Enclave Colony, Amloh Road, Galwadhi, Distt.Ludhiana, Punjab have changed my name from Loveleen Kumari to Loveleen Chandel. (Chandel as Surname). All please note.

I Dilpreet Kaur W/O Sandeep Kumar R/O Vill. Malla Bedian , Po. Aur , Teh. Nawanshahr Distt.s.b.s Nagar 144417 I Have Changed My Name From Dilpreet Kaur To Kaur Dilpreet.

I Sandeep Kumar S/O Gurmej Ram R/O Vill. Malla Bedian , Po. Aur , Teh. Nawanshahr Distt.s.b.s Nagar 144417 I Have Changed My Minor Son Name From Samuel Kumar To Kumar Samuel.

I Sandeep Kumar S/O Gurmej Ram R/O Vill. Malla Bedian , Po. Aur , Teh. Nawanshahr Distt.s.b.s Nagar 144417 I Have Changed My Name From Sandeep Kumar To Kumar Sandeep.

I, Anita W/O Harbans Lal R/O Hno.151, Khurla Khingra, Kurala, Distt. Jalandhar - 144003, Punjab have changed my name from Anita to Anita Devi. All note.

I, Sapna Wife of Jasvir resident of H. No. 107, Village Dhina P.O. Jalandhar Cantt. District Jalandhar after marriage have changed my name to Chumber as surname and Sapna as given name. All concerned may note please.

I, Gurminder Singh Randhawa S/O Sukhdev Singh R/O VPO Mehta Chowk, Tehsil Baba Bakala, Distt. Amritsar, Punjab have changed my name from Gurminder Singh Randhawa to Gurminder Singh. Concerned note.

I Vinay Kumar Luther S/o Kasturi Lal R/O H.No. 17/A, Ujala Nagar, Basti Sheikh , Jalandhar, have changed my name from Vinay Kumar Luther to Vinay Kumar. All concerned noted.

I, Jaskaran S/o Vijay Kumar R/o V.P.O. Harta Distt. Hoshiarpur Punjab have changed my name from Jaskaran to Jaskaran Kahlon. Concerned note.

I, Sonia W/o Arun Sandhu R/o Village Ahrana Khurd, PO Ahrana Kalan Distt. Hoshiarpur Punjab declare that my name is Sonia Sandhu. Sandhu is my surname and my given name is Sonia.

I, Pawan Kumar Singh C/O Naresh Kumar, R/o Gali No. 05, Near Jhanda Mal School, Preet Nagar, Kapurthala, Punjab, Declare that I Have to change my name from Pawan Kumar to Pawan Kumar Singh. All concerned please note.

I, Aakshit S/o Baldev Raj, R/o 62, Masti Wali Gali, Mian Mohalla Batala, Gurdaspur, Punjab- 143505, have changed my name and shall hereafter be Known as Akshit Kumar.

I, Rakesh Kaswan S/o Badan Singh, R/o 415 Matani(111), PO-Matani, Dist-Bhiwani, Haryana-127028, I have changed the name of my minor Son Dipanshu aged about 6 Years and He shall hereafter be known as Dipanshu Kaswan.

I, Anil Kumar S/o Badan Singh, R/o 415, Matani(111), Matani, Siwani, Bhiwani, Haryana- 127028, I have changed the name of my minor Son Vishant aged about 7 Years and He shall hereafter be known as Vishant Kaswan.

I, Jasbir Kaur W/o Bhupinder Singh R/o VPO. Nawan Pind Donewal, Tehsil Shahkot, Distt. Jalandhar, Punjab have changed my name from Jasbir Kaur to Jasvir Kaur. All Note.

I, Ritu Rani D/o Rajinder Pal, Residing At Randhawa Masandan, Jalandhar, Punjab 144004, Declare That My Given Name As Ritu And Surname As Rani.

I, Jaswinder Kaur W/o Kashmira Singh R/o H.No. 16, Ajit Nagar, Kapurthala have changed my name from JASWINDER KAUR TO KAUR JASWINDER.

I Swati Dhunna W/o Aman Gupta R/o H.No.31-A Gali No.2 Ranjit Vihar Loharka Road Amritsar have changed my name to Swati Sharma.

I, Shami Bala W/o Sabha Jit Mahajan R/o 10, Nagina Avenue, Near Power House Majitha Road, Amritsar have changed my name from Shami Bala to Shashi Mahajan.

I, Kirandeep Kaur W/o Mandip Singh R/o Vill Bhattiwal, PO. Ghoman Tehsil Batala District Gurdaspur have declare that Gurneer Kaur is my Daughter Gurneer her Given name and Kaur is her Surname.

I, Kirandeep Kaur W/o Mandip Singh R/o Vill Bhattiwal, PO. Ghoman Tehsil Batala District Gurdaspur have declare that Aishleen Kaur is my daughter Aishleen her Given name and Kaur is her Surname.

I, Arpanveer Singh S/o Paramjit Singh Sekhon R/o Village and Post Office Sekhwan District Ferozepur have changed my name from Arpanveer Singh to Arpanveer Singh Sekhon.

I, Vijay Kumar Bhatia S/o Roshan Lal Bhatia R/o H.No.2316, Ward No.27, Sharifpura, Near OBC Bank Amritsar have changed my name from Vijay Kumar Bhatia to Vijay Kumar.

I, Arwinder Kaur W/o Paramjit Singh Sekhon R/o Village and Post Office Sekhwan District Ferozepur have changed my name from Arwinder Kaur to Arvinder Kaur Sekhon.

## Change of Name

I, Arvinder Kaur W/o Paramjit Singh Sekhon R/o Village and Post Office Sekhwan District Ferozepur have changed my name from Arvinder Kaur to Arvinder Kaur Sekhon

I, Parmjeet Singh S/o Naib Singh R/o Village and Post Office Sekhwan District Ferozepur have changed my name from Parmjeet Singh to Paramjit Singh Sekhon

I, Paramjit Singh S/o Naib Singh R/o Village and Post Office Sekhwan District Ferozepur have changed my name from Paramjit Singh to Paramjit Singh Sekhon

I, Rahul S/o Ganesh Shah R/o Village H.No.12 A, F.G.C Road, Kapoor Avenue Dayanand Nagar, Nangli Bhatta Amritsar Pin Code-143001 have change my name to Rahul to Rahul Shah

I, Jyoti Verma W/o Rajeev Narula R/o 153-54/5, Katra Mit Singh Khoti Bazar have changed my name from Jyoti Verma to Jyoti

I, Rajni Bala w/o Balkaran Kumar Kainth r/o Vill. Dhadda, Po.Hazara, Distt. Jalandhar have changed my name to Rajni Bala Kainth (Surname as Kainth) All Please Note.

I, Manjinder Singh s/o Jarnail Singh R/o Vill. Kangniwal, Po. Hazara, Distt. Jalandhar have changed my name to Manjinder Singh Jhattu (Surname as Jhattu) All Please Note.

I, Sonu s/o Bindeshwar Choudhary r/o H.No.155, Gali No.2, Pink City Kabir Vihar, Near Hanuman Mandir, Basti Bawa Khel, Jalandhar have changed my name to Sonu Choudhary. All Please Note.

I, Jaskaranjit Singh s/o Paramjit Singh r/o Patti Daffar Ki, VPO. Sarih, Tehsil Nakodar, Distt. Jalandhar have changed my name to Given name as Jaskaranjit & Surname as Singh. All Please Note.

I, Famous s/o Raj Kumar r/o H.No.231, Ward No.10, Mandi Mohala, Kartarpur, Jalandhar, Punjab-144801 have changed the spelling of my name from Famasm to Famous. All Please Note.

I, Renu Kaushal w/o Anup Kumar Ratti r/o H.No.98, Guru Gobind Singh Avenue, Jalandhar-144009, Punjab have changed my name to Renu Ratti, Aftar Marriage. All Please Note.

I, Stphen s/o Resham r/o VPO.Kadianwali, Po.Jamsher Khas, Distt. Jalandhar have changed the spelling of my name to Stephan. All Please Note.

I, Kapil Dev Farmahan s/o Kamal Kishore r/o VPO. Jamsher Khas, Patti Sikhwan, Jalandhar, Punjab have delete my surname as Kapil Dev. All Please Note.

I, hitherto known as Babu Ram S/o Bhagat Ram R/o Ward no. 7, VPO. Lohian Khas, Tehsil Shahkot, Jalandhar, Punjab-144629 have changed my name and shall hereafter be known as Babu Lal.

I, Prabh Dayal S/o Shiv Dayal R/o H.No. 166, B S F Colony, Jalandhar, Punjab have changed my name from Prabh Dayal to Prabh Dyal Chopra. All Please Note.

I, Sushila D/o Prem Lal W/o Nitish Kumar Sharma R/o H.No.77, Guru Ram Das Enclave, Basti Peer Dad, Po. Basti Bawa Khel, Jalandhar, Punjab-144021 have changed my name from Sushila to Sushila Sharma, after marriage. All Please Note.

I, Anjana Devi W/o Dalip Singh R/o H.No. 6698-A, Ward No. 9, Mohalla Garhian, Nakodar, Distt. Jalandhar, Punjab have changed the spelling of my name from Anjana Devi to Anjna Devi. All Please Note.

I, Raghav S/o Rakesh Kumar R/o H.No. 220, New Suncity, Phase-1, Basti Danishmanda, Jalandhar-144002, Punjab have changed my name from Raghav to Raghav Arora. All Please Note.

I, Bheeta S/o Bawa Singh R/o Village Jawandpur, Tehsil Khadoor Sahib, PO Mianwind, Distt. TarnTaran, Punjab-143112 have changed my name from Bheeta to Bhita.

I, Gurkamaldip Singh S/o Jasvir Singh R/o Shekhupur Kalan, Hoshiarpur, Punjab-144305 have changed my name from Gurkamaldip Singh to Singh is my surname and Gurkamaldip is my given name.

I, Jaskaran Singh S/o Jagtar Singh R/o Post Office Bagge Kalan, Tehsil Ajnala, Lalla Afgana, Distt. Amritsar, Punjab-143101 have changed my name from Jaskaran Singh to Singh is my surname and Jaskaran is my given name.

I, Jaspreet S/o Lehamber Chand R/o Vill Pharwala Teh. Phillaur, Distt Jalandhar have changed my name Jaspreet to Jaspreet Chumber.

## PUBLIC NOTICE

I, Inderjit Kaur w/o Davinder Singh R/o Village Bagrian, Tehsil Bholath, Distt Kapurthala, Punjab (India). My Passport No. X8658628 The name my spelling have been written as Inderjeet Kaur. but Correct spelling of my name Inderjit Kaur.

I, Karanveer Singh S/o Dilbag Singh R/o WP-229, Chet Vihar, Basti Sheikh, Near Govt. Girls School, Jalandhar. Affirming that I have lost Sale Deed Bearing No.2654 Dt. 01.08.2012 in favour of Sukhwinder Kaur W/o Pritpal Singh of the property situated at H.No. WP-229, Basti Sheikh, Jalandhar. I have lodged the complaint SR No.598283/2025 dated 29-05-2025 at PSOC Div No.5, Jalandhar. Though if any person find the same kindly return me on above noted address & contact me Advocate Vikas Sood, Jalandhar Mob: 98140-94356. All Please Note.

I, Ajay Verma S/o Dwarka Dass R/o BP-45, New Bashirpua, Jalandhar. Affirming that I have lost Original General Power of Attorney Bearing No.1556 Dt.13.06.2005 S.R. Jalandhar in favour of Harminder Kumar S/o Bishambar Dass of the property situated at Mohalla Bashirpura, Jalandhar of House area measuring 2.25 Marla comprised in khasra no.8361, 8362. I have lodged the complaint SR No.598212/2025 dated 29-05-2025 at PSOC Rama Mandi, Jalandhar. Though if any person find the same kindly return me on above noted address & contact me Mob: 98773-97052. All Please Note.

## ਨਾਂਅ ਦੀ ਬਦਲੀ

## ਆਮ ਸੂਚਨਾ

## ਬੇਦਖਲੀ ਨੋਟਿਸ


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਸ਼ਤਿਹਾਰ ਦੇਣ ਵਾਲਿਆਂ ਦੇ ਦਾਅਵਿਆਂ ਦੀ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਸਰਕਾਰੀ ਸਕੂਲਾਂ ਦੇ ਵਿਦਿਆਰਥੀ ਮਾਰ ਰਹੇ ਨੇ ਵੱਡੀਆਂ ਮੱਲਾਂ : ਵਿਧਾਇਕ ਕੁਲਵੰਤ ਸਿੰਘ



ਐੱਸ.ਏ.ਐੱਸ ਨਗਰ, (ਗੁਰਜੀਤ ਬਿੱਲਾ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੁਚੱਜੀ ਅਗਵਾਈ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨ ਲਈ ਇਤਿਹਾਸਿਕ ਫੈਸਲਾ ਲੈ ਕੇ ਸਿੱਖਿਆ ਦੇ ਖੇਤਰ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਕੇ, ਜ਼ਿਲ੍ਹੇ ਦੇ ਸਮੁੱਚੇ ਸਰਕਾਰੀ ਸਕੂਲਾਂ ਨੂੰ ਸਿੱਖਿਆ ਦੇ ਮਿਆਰਾਂ ਦੇ ਅਨੁਕੂਲ ਅਪਗ੍ਰੇਡ ਕੀਤਾ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਨੇ 19 ਲੱਖ 90 ਹਜ਼ਾਰ ਰੁਪਏ ਦੀ ਲਾਗਤ ਨਾਲ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਸੈਦਪੁਰ, ਸਰਕਾਰੀ ਹਾਈ ਸਕੂਲ ਸੈਦਪੁਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਗੋਬਿੰਦਗੜ੍ਹ ਵਿਖੇ ਸਕੂਲਾਂ ਦੇ ਨਵੀਨੀਕਰਨ ਦਾ ਉਦਘਾਟਨ ਕਰਨ ਉਪਰੰਤ ਵਿਦਿਆਰਥੀਆਂ ਨੂੰ ਸਮਰਪਤ ਕਰਨ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ ਮੁਹਿੰਮ ਤਹਿਤ ਜ਼ਿਲ੍ਹੇ ਦੇ ਪ੍ਰਾਇਮਰੀ ਅਤੇ ਹਾਈ ਸਕੂਲਾਂ ਦੇ ਬੁਨਿਆਂਦੀ ਢਾਂਚੇ ਦੀ ਨੁਹਾਰ ਬਦਲਣ ਦੇ ਉਪਰਾਲੇ ਕੀਤੇ ਜਾ ਰਹੇ ਹਨ, ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਆਮ ਘਰ ਦੇ ਵਿਦਿਆਰਥੀਆਂ ਨੂੰ ਉੱਚ ਮਿਆਰ ਦਾ ਸਿੱਖਿਆ ਦਾ ਮਾਹੌਲ ਮਿਲ ਸਕੇ।ਵਿਧਾਇਕ ਕੁਲਵੰਤ ਸਿੰਘ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਸੈਦਪੁਰ ਵਿੱਚ 5 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੀ ਨਵੀਂ ਚਾਰਦੀਵਾਰੀ ਅਤੇ ਹਾਈ ਸਕੂਲ ਪਿੰਡ ਸੈਦਪੁਰ ਵਿਖੇ 6.50 ਹਜ਼ਾਰ ਦੀ ਲਾਗਤ ਨਾਲ ਚਾਰਦੀਵਾਰੀ ਦੀ ਉਸਾਰੀ ਅਤੇ ਰਿਪੇਅਰ ਦਾ ਕੰਮ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਗੋਬਿੰਦਗੜ੍ਹ ਵਿਖੇ 8 ਲੱਖ 40 ਹਜ਼ਾਰ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਦਾ ਕੰਮ ਮੁਕੰਮਲ ਕਰਵਾਇਆ ਗਿਆ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੀ ਨੁਹਾਰ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਉਨ੍ਹਾਂ ਨੂੰ ਨਵੇਂ ਯੁੱਗ ਦੇ ਤਕਨੀਕੀ ਅਤੇ ਬੁਨਿਆਦੀ ਢਾਂਚਿਆਂ ਨਾਲ ਲੈਸ ਕੀਤਾ ਜਾ ਰਿਹਾ ਹੈ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ, ਸੈਕੰਡਰੀ, ਗਿੰਨੀ ਦੁੱਗਲ, ਸਕੂਲਾਂ ਦੇ ਅਧਿਆਪਕ, ਬੱਚਿਆਂ ਦੇ ਮਾਤਾ ਪਿਤਾ ਅਤੇ ਸਕੂਲਾਂ ਦੇ ਵਿਦਿਆਰਥੀਆਂ ਸਮੇਤ ਪਿੰਡਾਂ ਦੇ ਮੋਹਤਬਰ ਵਿਅਕਤੀ ਅਤੇ ਆਮ ਆਦਮੀ ਪਾਰਟੀ ਦੇ ਆਗੂ ਮੌਜੂਦ ਸਨ।

# ਡਾ. ਰਵਜੋਤ ਸਿੰਘ ਵੱਲੋਂ ਜ਼ੀਰਕਪੁਰ ਨਗਰ ਕੌਂਸਲ ਨੂੰ ਕਾਰਪੋਰੇਸ਼ਨ ਦਾ ਦਰਜਾ ਦੇਣ ਦਾ ਐਲਾਨ



... ਲਗਾਏ ਜਾ ਰਹੇ ਹਨ। ਸਨੌਲੀ ਵਿਖੇ 47 ਐਮਐਲਡੀ ਲਈ ਜਗ੍ਹਾ ਦੀ ਪਛਾਣ ਕੀਤੀ ਗਈ ਹੈ ਅਤੇ ਇਸਨੂੰ ਜਲ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਸੌਂਪ ਦਿੱਤਾ ਗਿਆ ਹੈ, ਜਦੋਂ ਕਿ ਦੂਜੇ 37 ਐਮਐਲਡੀ ਪਲਾਂਟ ਲਈ ਜਗ੍ਹਾ ਦੀ ਚੋਣ ਚੱਲ ਰਹੀ ਹੈ ਅਤੇ ਜਲਦੀ ਹੀ ਇਸਨੂੰ ਅੰਤਿਮ ਰੂਪ ਦਿੱਤਾ ਜਾਵੇਗਾ।

# ਸੰਤ ਉਂਕਾਰ ਨਾਥ ਦੀ 38ਵੀਂ ਬਰਸੀ ਅੱਜ

## COURT NOTICE

(U/o 5 Rule 20 CPC)
In The Court of Sh. Tanveer Singh Madhav Civil Judge (Junior Division), Kharar
CNR No. PBSAA0-000723-2024
Next Date:- 04-07-2025
Surat Ram Thakur
Vs.
Sant Shri Ashram and Bhagat Kutir Samiti
Publication Issued To:

3. Sh. Naresh Kumar Sharma S/o Sh. Rameshwar Datt, R/o H. No. 209, NFL Enclave, Sector-48-A, Chandigarh , 4. Sh. Narinder Kalra R/o H. No. 2445, Sector-19, Chandigarh, 5. Sh. Kaushik K. Patei (Devotee) Sant Asaramji Ashram, Sabarmati, Ahmedabad, 6. Sh. K.G. Gupta (Devotee) Sant Asaramji Ashram, Sahnewal, Ludhiana, 11. Sh. Ajay Shah (Devotee) Sant Asaramji Ashram, Sabarmati, Ahmedabad, 12. Sh. Vinod Sharma R/o 2208/2, Sector-45-C, Chandigarh, 13. Sh. Naval Sharma (Devotee) Sant Asaramji Ashram, Chandigarh, 21. Sh. Mahesh Raman Verma S/o Sundar Lal Verma, R/o House No. 260, Sector 23-A, Chandigarh.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 04-07-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge ( Junior Division) Kharar
Dated, this day of 29-05-2025

## ਬੇਦਖਲੀ ਨੋਟਿਸ

## ਅਦਾਲਤੀ ਇਸ਼ਤਿਹਾਰ

## ਬਾਬਾ ਸੁੱਧ ਸਿੰਘ ਟੂਸੇ ਵਾਲਿਆਂ ਨੇ ਲੋੜਵੰਦ ਵਿਦਿਆਰਥੀਆਂ ਦੀ ਫੀਸ ਭਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਮਾਜ ਸੇਵੀ ਤੇ ਧਾਰਮਿਕ ਕਾਰਜਾਂ ਵਿੱਚ ਲੱਗੇ ਬਾਬਾ ਸੁੱਧ ਸਿੰਘ ਟੂਸੇ ਵਾਲਿਆਂ ਵੱਲੋਂ ਸਰਕਾਰੀ ਸਕੂਲਾਂ ਵਿੱਚ ਗਿਆਰਵੀਂ ਤੇ ਬਾਰਵੀਂ ਵਿੱਚ ਪੜ੍ਹਦੇ ਲੋੜਵੰਦ ਵਿਦਿਆਰਥੀਆਂ ਦੀ ਸਾਰੇ ਸਾਲ ਦੀ ਫੀਸ ਅਦਾ ਕੀਤੀ ਜਾਵੇਗੀ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਪਿੰਡ ਮਾਣੇਵਾਲ ਸਰਕਾਰੀ ਸਕੂਲ ਵਿੱਚ ਪੁੱਜੇ ਬਾਬਾ ਸੁੱਧ ਸਿੰਘ ਨੇ ਗਿਆਰਵੀਂ ਤੇ ਬਾਰਵੀਂ ਵਿਚ ਪੜ੍ਹਦੇ ਕਰੀਬ 25 ਵਿਦਿਆਰਥੀਆਂ ਦੀ ਫੀਸ ਅਦਾ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਸੁੱਧ ਸਿੰਘ ਟੂਸੇ ਵਾਲਿਆਂ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਕਈ ਗਰੀਬ ਵਿਦਿਆਰਥੀ ਪੜ੍ਹਦੇ ਅਤੇ ਗਿਆਰਵੀਂ ਤੇ ਬਾਰਵੀਂ ਦੀ ਸਿੱਖਿਆ ਦੌਰਾਨ ਉਨ੍ਹਾਂ ਦੀ ਕਰੀਬ 2 ਤੋਂ 3 ਹਜ਼ਾਰ ਰੁਪਏ ਸਾਲਾਨਾ ਫੀਸ ਬਣਦੀ ਹੈ, ਜਿਸ ਨੂੰ ਭਰਨ ਤੋਂ ਕਈ ਪਰਿਵਾਰ ਅਸਮਰੱਥ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਉਨ੍ਹਾਂ ਵੱਲੋਂ 100 ਤੋਂ ਵੱਧ ਬੱਚਿਆਂ ਨੂੰ ਸਿੱਖਿਆ ਲਈ ਸਹਾਇਤਾ ਕਰਨ ਦਾ ਉਦੇਸ਼ ਹੈ, ਜਿਸ ਤਹਿਤ 25 ਬੱਚਿਆਂ ਨੂੰ ਅੱਜ ਜੋ ਬਣਦੀ ਸਾਰੇ ਸਾਲ ਦੀ ਫੀਸ ਅਦਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਭਾਈ ਸੁਰਜੀਤ ਸਿੰਘ, ਬੀਬੀ ਹਰਵਿੰਦਰ ਕੌਰ, ਭਾਈ ਚਰਨਜੀਤ ਸਿੰਘ ਰਾਜਾ ਨੇ ਇਨ੍ਹਾਂ ਵਿਦਿਆਰਥੀਆਂ ਦੀ ਫੀਸ ਅਦਾ ਕਰਨ ਵਿੱਚ ਆਪਣਾ ਯੋਗਦਾਨ ਪਾਇਆ ਹੈ।

## ਵਿਦਿਆਰਥੀਆਂ ਨੂੰ ਕਾਪੀਆਂ ਵੰਡੀਆਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਮਾਜ ਸੇਵੀ ਸੰਸਥਾ ਡਾ. ਬੀ ਆਰ ਅੰਬੇਡਕਰ ਵੈੱਲਫੇਅਰ ਕਲੱਬ (ਰਜਿ) ਹਾਮਝੇੜੀ ਵੱਲੋਂ ਸਰਕਾਰੀ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਕਾਪੀਆਂ ਵੰਡੀਆਂ ਗਈਆਂ। ਇਸ ਮੌਕੇ ਅਸ਼ੋਕ ਰਾਵੇਲ ਪਟਿਆਲਾ ਨੇ ਬੱਚਿਆਂ ਨੂੰ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਦੇ ਕਦਮਾਂ 'ਤੇ ਚੱਲਦਿਆਂ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਿੰਦਰ ਸਿੰਘ ਪਟਿਆਲਾ, ਸੁਖਦੇਵ ਸਿੰਘ ਤੇਈਪੁਰ, ਰਾਹੁਲ ਤੇਈਪੁਰ ਤੇ ਕਲੱਬ ਪ੍ਰਧਾਨ ਮਨਪ੍ਰੀਤ ਸਿੰਘ, ਵਾਈਸ ਪ੍ਰਧਾਨ ਦਿਲਪ੍ਰੀਤ ਸਿੰਘ, ਚੇਅਰਮੈਨ ਸਹਿਜਦੀਪ ਸਿੰਘ, ਖ਼ਜ਼ਾਨਚੀ ਗੁਰਦੀਪ ਸਿੰਘ, ਸੈਕਟਰੀ ਸੰਦੀਪ ਸਿੰਘ, ਮੀਡੀਆ ਇੰਚਾਰਜ ਲਵਪ੍ਰੀਤ ਸਿੰਘ, ਮੁੱਖ ਸਲਾਹਕਾਰ ਰਾਜੂ ਸਿੰਘ, ਸਲਾਹਕਾਰ ਸਤਗੁਰ ਸਿੰਘ, ਸਕੱਤਰ ਗੁਰਤੇਜ ਸਿੰਘ, ਮੈਂਬਰ ਅਮਨਦੀਪ ਸਿੰਘ, ਮੈਂਬਰ ਗੁਰਪ੍ਰੀਤ ਸਿੰਘ, ਮੈਂਬਰ ਮਿਸ਼ਰਾ ਸਿੰਘ ਆਦਿ ਹਾਜ਼ਰ ਸਨ।

## ਜ਼ਿਲ੍ਹਾ ਰਾਈਫਲ ਸ਼ੂਟਿੰਗ ਮੁਕਾਬਲਿਆਂ 'ਚ ਹਾਈਫਨ ਅਕੈਡਮੀ ਦਾ ਸ਼ਾਨਦਾਰ ਪ੍ਰਦਰਸ਼ਨ



**ਧੂਰੀ (ਮਨੋਹਰ ਸਿੰਘ ਸੱਗੂ, ਮਹਿਤ ਗਰਗ, ਬਿੰਨੀ ਗਰਗ)**-ਸਥਾਨਕ ਹਾਈਫਨ ਸ਼ੂਟਿੰਗ ਅਕੈਡਮੀ ਦੇ ਖਿਡਾਰੀਆਂ ਦਾ ਓਪਨ ਸੰਗਰੂਰ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਰਿਹਾ। ਡਾਇਰੈਕਟਰ ਕੋਚ ਲੈਫਟੀਨੈਂਟ ਦਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 10 ਮੀਟਰ ਸਬ ਯੂਥ ਏਅਰ ਰਾਈਫਲ ਮੁਕਾਬਲਿਆਂ ਵਿੱਚ ਸ਼ੁਭਦੀਪ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ, ਇਸ ਦੇ ਨਾਲ ਹੀ 10 ਮੀਟਰ ਏਅਰ ਰਾਈਫਲ ਦੀ ਓਵਰ ਆਲ ਟਰਾਫੀ 'ਤੇ ਕਬਜ਼ਾ ਕੀਤਾ। ਇਸੇ ਕੈਟਾਗਰੀ ਵਿੱਚ ਨਵਤਜ ਸ਼ਰਮਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।10 ਮੀਟਰ ਸਬ ਯੂਥ ਲੜਕੀਆਂ ਦੇ ਮੁਕਾਬਲਿਆਂ ਵਿੱਚ ਆਲੀਆ ਬਾਂਸਲ ਤੀਜੇ ਸਥਾਨ 'ਤੇ ਰਹੀ।ਇਸ ਦੇ ਨਾਲ ਨਾਲ 10 ਮੀਟਰ ਏਅਰ ਰਾਈਫਲ ਯੂਥ ਕੈਟਾਗਰੀ ਵਿੱਚ ਰਣਵੀਰ ਕੌਸ਼ਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਪਿਸਟਲ ਮੁਕਾਬਲਿਆਂ ਵਿੱਚੋਂ ਧਰੁਵ ਸ਼ਰਮਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਨਾਮ ਵੰਡ ਸਮਰੋਹ ਦੀ ਪ੍ਰਧਾਨਗੀ ਭਾਜਪਾ ਆਗੂ ਅਰਵਿੰਦ ਖੰਨਾ ਵੱਲੋਂ ਕੀਤੀ ਗਈ ਤੇ ਉਨ੍ਹਾਂ ਵੱਲੋਂ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।

## ਸਕੂਲ ਆਫ ਐਮੀਨੈਂਸ ਭੁੱਚੋ ਕਲਾਂ ਵਿਖੇ ਤਿੰਨ ਰੋਜ਼ਾ ਓਰੀਐਨਟੇਸ਼ਨ ਪ੍ਰੋਗਰਾਮ ਸੰਪੰਨ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਆਫ ਐਮੀਨੈਂਸ ਭੁੱਚੋ ਕਲਾਂ ਵਿਖੇ ਵਿਦਿਆਰਥੀਆਂ ਦਾ ਚੱਲ ਰਿਹਾ ਤਿੰਨ ਰੋਜ਼ਾ ਓਰੀਐਨਟੇਸ਼ਨ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ ਹੋ ਗਿਆ। ਪ੍ਰੋਗਰਾਮ ਦੇ ਅਖੀਰਲੇ ਦਿਨ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਸ਼ਖ਼ਸੀਅਤਾਂ ਹੋਣ ਦੇ ਨਾਤੇ ਪੁਲਸ ਇੰਸਪੈਕਟਰ ਬਲਜੀਤ ਸਿੰਘ ਤੇ ਵੈਟਰਨਰੀ ਡਾ. ਅਮਨ ਚੱਕ ਫਤਿਹ ਸਿੰਘ ਵਾਲਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਪ੍ਰਿੰਸੀਪਲ ਰਜਿੰਦਰ ਕੌਰ ਨੇ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ। ਪੁਲਸ ਇੰਸਪੈਕਟਰ ਬਲਜੀਤ ਸਿੰਘ ਤੇ ਵੈਟਰਨਰੀ ਡਾ. ਅਮਨ ਨੇ ਸਕੂਲ ਵਿੱਚ ਚੱਲ ਰਹੇ ਓਰੀਐਨਟੇਸ਼ਨ ਪ੍ਰੋਗਰਾਮ ਅਧੀਨ ਵਿਦਿਆਰਥੀਆਂ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦੀ ਸ਼ਲਾਘਾ ਕਰਦਿਆਂ ਸਿੱਖਿਆ ਸੰਬੰਧੀ ਸਰਕਾਰ ਦੁਆਰਾ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਵਰਤੋਂ ਕਰਦੇ ਹੋਏ ਆਪਣੇ ਅਧਿਆਪਕਾਂ ਦੀ ਰਹਿਨੁਮਾਈ ਅਧੀਨ ਪੂਰੀ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ ਲਈ ਉਤਸ਼ਾਹਤ ਕੀਤਾ। ਇਸ ਸਮੇਂ ਵਿਦਿਆਰਥੀਆਂ 'ਚ ਲੀਡਰਸ਼ਿਪ ਤੇ ਜ਼ਿੰਮੇਦਾਰੀ ਦੀ ਭਾਵਨਾ ਵਿਕਸਤ ਕਰਨ ਲਈ ਬਣਾਈ ਗਈ ਵਿਦਿਆਰਥੀਆਂ ਦੀ ਕੈਬਨਿਟ ਦੇ ਹੈੱਡ ਬੁਆਏ ਤੇ ਹੈੱਡ ਗਰਲ ਨੂੰ ਸ਼ੈਸ਼ੇ ਤੇ ਬੈਜ ਵੀ ਪਹਿਨਾਏ। ਪ੍ਰਿੰਸੀਪਲ ਰਜਿੰਦਰ ਕੌਰ ਨੇ ਦੱਸਿਆ ਕਿ ਇਹ ਓਰੀਐਨਟੇਸ਼ਨ ਪ੍ਰੋਗਰਾਮ ਵਿਦਿਆਰਥੀਆਂ ਅੰਦਰ ਅਗਾਂਹ ਵਧੂ ਪ੍ਰੇਰਨਾ ਦੀ ਊਰਜਾ ਭਰਦਾ ਸਮਾਪਤ ਹੋਇਆ ਹੈ, ਜਿਸ ਨਾਲ ਸਾਰੇ ਵਿਦਿਆਰਥੀਆਂ ਦੇ ਵਿੱਦਿਅਕ ਪੱਧਰ ਨੂੰ ਉੱਚਾ ਚੁੱਕਣ ਵਿੱਚ ਭਰਪੂਰ ਮਦਦ ਮਿਲੇਗੀ। ਸਟੇਜ ਦਾ ਸੰਚਾਲਨ ਰਿਤੂ ਗੁਪਤਾ ਗਣਿਤ ਮਿਸਟ੍ਰੈਸ ਨੇ ਕੀਤਾ। ਸਮਾਪਤੀ 'ਤੇ ਗੁਰਵਿੰਦਰਜੀਤ ਕੌਰ ਅੰਗਰੇਜ਼ੀ ਲੈਕਚਰਾਰ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਓਰੀਐਨਟੇਸ਼ਨ ਪ੍ਰੋਗਰਾਮ ਵਿੱਚ ਸਕੂਲ ਦੇ ਸਮੂਹ ਸਟਾਫ ਦਾ ਪੂਰਾ ਯੋਗਦਾਨ ਰਿਹਾ।

## ਆਸਟ੍ਰੇਲੀਆ 'ਚ ਨੌਜਵਾਨਾਂ ਵੱਲੋਂ ਸਿੱਧੂ ਮੂਸੇਵਾਲਾ ਨੂੰ ਸ਼ਰਧਾਂਜਲੀ



**ਹਠੂਰ (ਨਛੱਤਰ ਸੰਧੂ)**-ਆਸਟ੍ਰੇਲੀਆ ਵਿੱਚ ਪੰਜਾਬੀ ਨੌਜਵਾਨਾਂ ਵੱਲੋਂ ਵਿਸ਼ਵ ਪ੍ਰਸਿੱਧ ਗਾਇਕ ਮਰਹੂਮ ਸਿੱਧੂ ਮੂਸੇਵਾਲਾ ਦੀ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਨੌਜਵਾਨਾਂ ਤੇ ਨਿਊ ਜੈਨਰੇਸ਼ਨ ਕੰਪਨੀ ਮੈਲਬੋਰਨ ਦੇ ਸਮੂਹ ਆਗੂਆਂ ਨੇ ਵੱਖਰੇ ਢੰਗ ਨਾਲ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਸਿੱਧੂ ਮੂਸੇਵਾਲਾ ਦੀ ਤਸਵੀਰ ਵਾਲੀਆਂ ਸ਼ਰਟਾਂ ਪਹਿਣ ਕੇ ਤੇ ਹੱਥਾਂ 'ਚ ਤਸਵੀਰਾਂ ਫੜ ਕੇ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਮਰਹੂਮ ਗਾਇਕ ਦੇ ਬਾਕੀ ਰਹਿੰਦੇ ਕਾਤਲਾਂ ਨੂੰ ਸਜ਼ਾਵਾਂ ਦੇਣ ਦੀ ਮੰਗ ਵੀ ਕੀਤੀ। ਉਨ੍ਹਾਂ ਸਿੱਧੂ ਮੂਸੇਵਾਲਾ ਦੀ ਫੋਟੋ ਵਾਲੀਆਂ ਟੀ ਸ਼ਰਟਾਂ ਪਹਿਣ ਕੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਸਰਕਾਰ ਤੋਂ ਇਨਸਾਫ ਦੀ ਮੰਗ ਕੀਤੀ।ਇਨ੍ਹਾਂ ਵਿੱਚ ਜਗਦੀਪ ਸਿੰਘ ਜੱਗੀ, ਪ੍ਰਗਟ ਸਿੰਘ ਲੱਖਾ, ਰਾਜਵੀਰ ਸਿੰਘ ਸਿੱਧੂ, ਜੱਸ ਮਨੀਲਾ ਤੇ ਹੋਰ ਆਗੂ ਹਾਜ਼ਰ ਸਨ।

## 'ਉਮੀਦਾਂ ਨੂੰ ਪੂਰਾ ਕਰਨਾ : ਪ੍ਰੀਖਿਆਵਾਂ ਲਈ ਸਾਬਕਾ ਵਿਦਿਆਰਥੀਆਂ ਦੀ ਅਗਵਾਈ' ਵਿਸ਼ੇ 'ਤੇ ਲੈਕਚਰ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਗਣਿਤ ਵਿਭਾਗ ਨੇ 'ਉਮੀਦਾਂ ਨੂੰ ਪੂਰਾ ਕਰਨਾ : ਪ੍ਰੀਖਿਆਵਾਂ ਲਈ ਸਾਬਕਾ ਵਿਦਿਆਰਥੀਆਂ ਦੀ ਅਗਵਾਈ' ਵਿਸ਼ੇ 'ਤੇ ਇੱਕ ਵਿਸ਼ੇਸ਼ ਐਲੂਮਨੀ ਲੈਕਚਰ ਕਰਵਾਇਆ।ਇਸ ਸੈਸ਼ਨ ਵਿੱਚ ਪਟਵਾਰੀ ਸ੍ਰੀਮਤੀ ਨਵਜੋਤ ਕੌਰ ਤੇ ਪਟਵਾਰੀ ਸ੍ਰੀਮਤੀ ਖੁਸ਼ਪ੍ਰੀਤ ਕੌਰ ਨੇ ਸ਼ਿਰਕਤ ਕੀਤੀ, ਜੋ ਕਿ 2013 ਦੇ ਐੱਮ.ਐੱਸ.ਸੀ. (ਆਨਰਜ਼) ਗਣਿਤ ਬੈਚ ਦੀਆਂ ਮਾਣਮੱਤ ਸਾਬਕਾ ਵਿਦਿਆਰਥਣਾਂ ਹਨ। ਸਮਾਗਮ ਦੀ ਸ਼ੁਰੂਆਤ ਗਣਿਤ ਵਿਭਾਗ ਵਿੱਚ ਸਹਾਇਕ ਪ੍ਰੋਫੈਸਰ ਸ੍ਰੀਮਤੀ ਪ੍ਰੀਨਾ ਦੇ ਰਸਮੀ ਸਵਾਗਤ ਭਾਸ਼ਣ ਨਾਲ ਹੋਈ।ਉਸ ਨੇ ਦੋਵਾਂ ਸਾਬਕਾ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਇਸ ਮੌਕੇ ਸ੍ਰੀਮਤੀ ਖੁਸ਼ਪ੍ਰੀਤ ਕੌਰ, ਸ੍ਰੀਮਤੀ ਨਵਜੋਤ ਕੌਰ ਨੇ ਆਪਣੀ ਗੱਲਬਾਤ ਦੌਰਾਨ ਕੀਮਤੀ ਸੂਝ ਤੇ ਪ੍ਰੇਰਣਾ ਦਿੱਤੀ ਅਤੇ ਵਿਸ਼ਲੇਸ਼ਣਾਤਮਕ ਤਰਕ ਨੂੰ ਵਿਕਸਤ ਕਰਨ ਵਿੱਚ ਗਣਿਤ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ।ਸੈਸ਼ਨ ਵਿੱਚ ਵਿਦਿਆਰਥੀਆਂ ਵੱਲੋਂ ਉਤਸ਼ਾਹਜਨਕ ਭਾਗੀਦਾਰੀ ਦੇਖਣ ਨੂੰ ਮਿਲੀ, ਜਿਨ੍ਹਾਂ ਨੇ ਸਵਾਲ ਪੁੱਛ ਕੇ ਤੇ ਆਪਣੀ ਦਿਲਚਸਪੀ ਦੇ ਖੇਤਰਾਂ 'ਤੇ ਚਰਚਾ ਕਰਕੇ ਸਰਗਰਮੀ ਨਾਲ ਹਿੱਸਾ ਲਿਆ।ਸਾਬਕਾ ਵਿਦਿਆਰਥੀਆਂ ਦੀ ਉਨ੍ਹਾਂ ਦੀ ਕੀਮਤੀ ਸੂਝ ਲਈ ਤਹਿ ਦਿਲੋਂ ਪ੍ਰਸੰਸਾ ਕੀਤੀ ਗਈ।ਵਿਦਿਆਰਥੀਆਂ ਨੇ ਗਣਿਤ ਵਿਭਾਗ ਦਾ ਅਜਿਹੇ ਪ੍ਰੇਰਣਾਦਾਇਕ ਸੈਸ਼ਨ ਦੇ ਆਯੋਜਨ ਲਈ ਦਿਲੋਂ ਧੰਨਵਾਦ ਕੀਤਾ।ਡਾ. ਬ੍ਰਹਮੀਤ ਕੌਰ ਸਹਾਇਕ ਪ੍ਰੋਫੈਸਰ ਗਣਿਤ ਵਿਭਾਗ ਨੇ ਦੋਵਾਂ ਸਾਬਕਾ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਵਧਾਈ ਦਿੱਤੀ ਤੇ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਸੈਸ਼ਨ ਡਾ. ਰਿਚਾ ਬਰਾੜ ਮੁਖੀ ਗਣਿਤ ਵਿਭਾਗ ਵੱਲੋਂ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਇਆ।ਡਾ. ਬਰਾੜ ਨੇ ਸਾਬਕਾ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪ੍ਰਭਾਵਸ਼ਾਲੀ ਭਾਸ਼ਣ ਤੇ ਮਾਰਗਦਰਸ਼ਨ ਲਈ ਪ੍ਰਸੰਸਾ ਕੀਤੀ।

# ਆਰ ਐੱਸ ਐੱਸ ਤੇ ਮੋਦੀ ਸਰਕਾਰ ਸੰਵਿਧਾਨ ਬਦਲ ਕੇ ਦੇਸ਼ ਨੂੰ ਫਿਰਕਿਆਂ 'ਚ ਵੰਡਣ ਲਈ ਯਤਨਸ਼ੀਲ : ਵੜਿੰਗ

■ ਬਲਕੌਰ ਸਿੰਘ ਸਿੱਧੂ ਵੱਲੋਂ ਆਗਾਮੀ ਵਿਧਾਨ ਸਭਾ ਚੋਣ ਲੜਨ ਦਾ ਐਲਾਨ ■ ਗਾਗੋਵਾਲ ਵੱਲੋਂ ਰੈਲੀ ਦੀ ਸਫਲਤਾ ਲਈ ਧੰਨਵਾਦ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਸ਼ਹਿਰ ਦੇ ਪ੍ਰਸਿੱਧ ਪੈਲੇਸ ਡੀ ਈ ਵੋਹਟ ਵਿਖੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਮਾਈਕਲ ਗਾਗੋਵਾਲ ਦੀ ਅਗਵਾਈ ਵਿੱਚ ਜ਼ਿਲ੍ਹਾ ਪੱਧਰੀ ਸੰਵਿਧਾਨ ਬਚਾਓ ਰੈਲੀ ਕੀਤੀ ਗਈ। ਰੈਲੀ ਦੌਰਾਨ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਦੇਸ਼ ਦੀ ਜਨਤਾ ਪ੍ਰਜਾ ਸੀ, ਪ੍ਰੰਤੂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਸੰਵਿਧਾਨ ਦਾ ਨਿਰਮਾਣ ਕਰਕੇ ਦੇਸ਼ ਦੀ ਜਨਤਾ ਨੂੰ ਨਾਗਰਿਕ ਹੋਣ ਦਾ ਮਾਣ ਬਖ਼ਸ਼ ਕੇ ਰਾਜਨੀਤਕ ਅਧਿਕਾਰ ਦਿੱਤੇ, ਜਿਸ ਲਈ ਦੇਸ਼ ਦੇ ਸਮੁੱਚੇ ਲੋਕਾਂ ਨੂੰ ਉਨ੍ਹਾਂ ਦਾ ਅਹਿਸਾਨਮੰਦ ਹੋਣਾ ਚਾਹੀਦਾ ਹੈ। ਦੇਸ਼ ਦੀ ਮੋਦੀ ਸਰਕਾਰ, ਆਰ ਐੱਸ ਐੱਸ ਦੀ ਅਗਵਾਈ ਵਿੱਚ ਦੇਸ਼ ਦੇ ਸੰਵਿਧਾਨ ਨੂੰ ਬਦਲ ਕੇ ਲੋਕਾਂ ਨੂੰ ਜਾਤਾਂ, ਧਰਮਾਂ ਆਦਿ ਵਿੱਚ ਵੰਡਣ ਲਈ ਤਤਪਰ ਹੈ, ਜਿਸ ਖ਼ਿਲਾਫ਼ ਕਾਂਗਰਸ ਪਾਰਟੀ ਵੱਲੋਂ ਸਮੁੱਚੇ ਦੇਸ਼ ਅੰਦਰ ਕਾਂਗਰਸ ਪਾਰਟੀ ਵੱਲੋਂ ਰਾਹੁਲ ਗਾਂਧੀ ਦੀ ਅਗਵਾਈ ਹੇਠ ਲੜਾਈ ਲੜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਿਨਾਂ ਹਥਿਆਰਾਂ ਤੋਂ ਹੀ ਯੁੱਧ ਨਸ਼ਿਆਂ ਵਿਰੁੱਧ ਲੜ ਰਹੀ ਹੈ। ਇਸ ਤੋਂ ਇਲਾਵਾ ਕਿਸਾਨਾਂ ਮਜ਼ਦੂਰਾਂ ਉੱਪਰ ਆਏ ਦਿਨ ਜਬਰ ਕਰ ਰਹੀ ਹੈ। ਸਿੱਖਿਆ ਕ੍ਰਾਂਤੀ ਦੇ ਨਾਮ 'ਤੇ ਲੋਕਾਂ ਨੂੰ ਮੂਰਖ ਬਣਾਇਆ ਜਾ ਰਿਹਾ ਹੈ। ਇਸ ਮੌਕੇ ਪੰਜਾਬ ਦੇ ਸਹਿ ਇੰਚਾਰਜ ਰਵਿੰਦਰ ਡਾਲਵੀ, ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਬਿਕਰਮ ਸਿੰਘ ਮੋਫ਼ਰ, ਰਣਵੀਰ ਕੌਰ ਮੀਆਂ, ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਕੁਲਵੰਤ ਰਾਏ ਸਿੰਗਲਾ, ਗੁਰਪ੍ਰੀਤ ਸਿੰਘ ਵਿੱਕੀ, ਸੱਤਪਾਲ ਸਿੰਘ ਮੂਲੇਵਾਲਾ, ਜੀਵਨ ਦਾਸ ਬਾਵਾ, ਬਲਕੌਰ ਸਿੰਘ ਮੂਸਾ, ਅਮਨ ਸਿੰਗਲਾ ਚੌਪਈ, ਸੁਖਦਰਸ਼ਨ ਸਿੰਘ ਖਾਰਾ, ਬਲਕਰਨ ਸਿੰਘ ਬੱਲੀ ਐਡਵੋਕੇਟ ਨੇ ਕੇਂਦਰ ਦੀ ਮੋਦੀ ਸਰਕਾਰ ਤੇ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਨੂੰ ਰੱਜ ਕੇ ਸਿਆਸੀ ਰਗੜੇ ਲਗਾਏ। ਬਲਜੀਤ ਸ਼ਰਮਾ ਜ਼ਿਲ੍ਹਾ ਪ੍ਰਧਾਨ ਕਿਸਾਨ ਸੈੱਲ, ਹਰਪ੍ਰੀਤ ਸਿੰਘ ਪਿਆਰੀ ਜ਼ਿਲ੍ਹਾ ਪ੍ਰਧਾਨ ਐੱਸ ਸੀ ਸੈੱਲ, ਮਨਜੀਤ ਸਿੰਘ ਮੀਤਾਂ ਆਦਿ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ। ਪ੍ਰੋਗਰਾਮ ਦੇ ਅਖੀਰ 'ਚ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਮਾਈਕਲ ਗਾਗੋਵਾਲ ਨੇ ਉਮੀਦ ਤੋਂ ਵੱਧ ਰੈਲੀ ਦੀ ਸਫਲਤਾ ਲਈ ਆਗੂਆਂ ਤੇ ਵਰਕਰਾਂ ਨੂੰ ਵਧਾਈ ਦਿੰਦਿਆਂ ਸਾਰਿਆਂ ਦਾ ਧੰਨਵਾਦ ਕੀਤਾ। ਰੈਲੀ ਦੌਰਾਨ ਹੀ ਸਵ: ਸ਼ੁਭਦੀਪ ਸਿੰਘ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਵੱਲੋਂ ਆਗਾਮੀ ਚੋਣਾਂ ਦੌਰਾਨ ਵਿਧਾਨ ਸਭਾ ਚੋਣ ਲੜਨ ਦਾ ਐਲਾਨ ਵੀ ਕੀਤਾ ਗਿਆ। ਇਸ ਮੌਕੇ ਨਵੀਨ ਕਾਲਾ ਬੋਹਾ, ਚਰਨਜੀਤ ਸਿੰਘ ਕੋਰਵਾਲਾ, ਅਜੀਤ ਸਿੰਘ ਭੂਨੀਰ, ਸੁਰੇਸ਼ ਨੰਦਗੜ੍ਹੀਆ, ਬਿੱਟੂ ਭੂਪਾਲ, ਹਰਪ੍ਰੀਤ ਸਿੰਘ ਪਿਆਰੀ ਜ਼ਿਲ੍ਹਾ ਪ੍ਰਧਾਨ ਐੱਸ ਸੀ ਸੈੱਲ, ਨੇਮ ਕੁਮਾਰ ਨੇਮਾ ਐੱਸ ਸੀ, ਰਿਪੀ ਬਰਾੜ ਸਰਦੂਲਗੜ੍ਹ, ਤਰਜੀਤ ਸਿੰਘ ਚਹਿਲ, ਹਰਵਿੰਦਰ ਸਿੰਘ ਸਵੀਟੀ ਬੁਢਲਾਡਾ, ਅੰਮ੍ਰਿਤਪਾਲ ਸਿੰਘ ਕੂਕਾ, ਹਰਵਿੰਦਰ ਭਾਰਦਵਾਜ, ਮਿਸਰਨਜੀਤ ਸਿੰਘ ਮਾਨਸ਼ਾਹੀਆ, ਅੰਮ੍ਰਿਤਪਾਲ ਸਿੰਘ ਗੋਗਾ, ਹੰਸਾ ਸਿੰਘ, ਸੰਦੀਪ ਮਹਿਤਾ ਭੀਖੀ, ਕਮਲ ਚੁਨੀਆਂ, ਬੂਟਾ ਸਿੰਘ ਕੱਲੋ, ਸੁਖਦੇਵ ਸਿੰਘ ਉੱਭਾ, ਆਦਿ ਆਗੂ ਤੇ ਵਰਕਰ ਹਾਜ਼ਰ ਸਨ।

## ਭੜੋ ਦੇ ਸਾਬਕਾ ਸਰਪੰਚ ਦੀ ਕੁੱਟਮਾਰ ਦਾ ਮਾਮਲਾ ਭਖਿਆ



**ਸੰਗਰੂਰ (ਪ੍ਰਵੀਨ ਸਿੰਘ)**-ਪਿੰਡ ਭੜੋ ਦੇ ਸਾਬਕਾ ਸਰਪੰਚ ਵਿਕਰਮਜੀਤ ਸਿੰਘ ਵਿੱਕੀ ਦੀ ਕੁੱਝ ਲੋਕਾਂ ਵੱਲੋਂ ਪਿਛਲੇ ਦਿਨੀਂ ਕਥਿਤ ਤੌਰ 'ਤੇ ਕੀਤੀ ਕੁੱਟਮਾਰ ਕਰਨ ਦਾ ਮਾਮਲਾ ਭਖਦਾ ਜਾ ਰਿਹਾ ਹੈ, ਜਿਸ ਸੰਬੰਧੀ ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੀ ਟੀਮ ਵੱਲੋਂ ਸਿਵਲ ਹਸਪਤਾਲ ਪਹੁੰਚ ਕੇ ਸਰਪੰਚ ਦੀ ਸਿਹਤ ਦਾ ਹਾਲ-ਚਾਲ ਪੁੱਛਿਆ ਤੇ ਇਨਸਾਫ ਦਿਵਾਉਣ ਲਈ ਡਟਵਾਂ ਸਾਥ ਦੇਣ ਦਾ ਭਰੋਸਾ ਦਿਵਾਇਆ। ਮਿਸ਼ਨ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ ਨੂੰ ਸਾਬਕਾ ਸਰਪੰਚ ਨੇ ਦੱਸਿਆ ਕਿ ਪਹਿਲਾਂ ਉਹ ਪਿੰਡ ਦੇ ਸਰਪੰਚ ਰਹਿ ਚੁੱਕੇ ਹਨ ਅਤੇ ਹੁਣ ਉਨ੍ਹਾਂ ਦੇ ਮਾਤਾ ਜੀ ਪਿੰਡ ਦੇ ਸਰਪੰਚ ਵਜੋਂ ਸੇਵਾ ਨਿਭਾਅ ਰਹੇ ਹਨ, ਜੋ ਕੁੱਝ ਧਨਾਢ ਲੋਕਾਂ ਨੂੰ ਬਰਦਾਸ਼ਤ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਉਹ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਕੁੱਝ ਪਿੰਡ ਦੇ ਧਨਾਢ ਸੱਤਾਧਾਰੀ ਪਾਰਟੀ ਨਾਲ ਸਬੰਧਤ ਲੋਕਾਂ ਵੱਲੋਂ ਜਾਤੀ ਤੌਰ 'ਤੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਜਾਤੀ ਸੂਚਕ ਸ਼ਬਦ ਬੋਲ ਕੇ ਉਨ੍ਹਾਂ ਨੂੰ ਸਮਾਜ ਅੰਦਰ ਨਿਵਾ ਦਿਖਾਉਣ ਦੀਆਂ ਹਰਕਤਾਂ ਕਰਦੇ ਆ ਰਹੇ ਹਨ। ਉਨ੍ਹਾਂ ਵੱਲੋਂ ਹੀ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਹੈ।ਸ੍ਰੀ ਦਰਸ਼ਨ ਕਾਂਗੜਾ ਨੇ ਸਾਬਕਾ ਸਰਪੰਚ ਨੂੰ ਭਰੋਸਾ ਦਿਵਾਇਆ ਕਿ ਉਹ ਤੇ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਉਨ੍ਹਾਂ ਨਾਲ ਚੱਟਾਨ ਵਾਂਗ ਖੜਾ ਹੈ।ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਡਟਵਾਂ ਸਾਥ ਦੇਣਗੇ ਜੇਕਰ ਜ਼ਰੂਰਤ ਪਈ ਤਾਂ ਉਹ ਵੱਡੇ ਤੋਂ ਵੱਡਾ ਸੰਘਰਸ਼ ਕਰਨ ਤੋਂ ਵੀ ਪਿੱਛੇ ਨਹੀਂ ਹਟਣਗੇ। ਉਨ੍ਹਾਂ ਕਿਹਾ ਕਿ ਅਜਿਹੇ ਹਮਲਾ ਕਰਨ ਵਾਲੇ ਉਨ੍ਹਾਂ ਲੋਕਾਂ ਉੱਪਰ ਬਣਦੀ ਕਾਨੂੰਨੀ ਕਾਰਵਾਈ ਕਰਵਾਉਣਗੇ ਅਤੇ ਉਹ ਜਲਦ ਹੀ ਜ਼ਿਲ੍ਹਾ ਪੁਲਸ ਮੁਖੀ ਨਾਲ ਵੀ ਮੁਲਾਕਾਤ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਮਿਸ਼ਨ ਦੇ ਕੌਮੀ ਜਨਰਲ ਸਕੱਤਰ ਜਗਸੀਰ ਸਿੰਘ ਖੇੜੀਚੰਦਵਾਂ, ਸੂਬਾ ਜਨਰਲ ਸਕੱਤਰ ਨਿਰਭੈ ਸਿੰਘ ਛੰਨਾ, ਮਨੋਜ ਕੁਮਾਰ, ਸਾਜਨ ਕਾਂਗੜਾ ਆਦਿ ਹਾਜ਼ਰ ਸਨ।

## ਅੰਮ੍ਰਿਤਸਰ 'ਚ ਬੰਬ ਧਮਾਕੇ ਅਮਨ-ਕਾਨੂੰਨ ਦੀ ਸਥਿਤੀ 'ਤੇ ਚਿੰਤਾ ਦਾ ਵਿਸ਼ਾ : ਗੁਰਪਿਆਰ ਧੂਰਾ

**ਧੂਰੀ (ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਪੰਜਾਬ ਕਾਂਗਰਸ ਦੇ ਸੂਬਾਈ ਸਕੱਤਰ ਗੁਰਪਿਆਰ ਸਿੰਘ ਧੂਰਾ ਨੇ ਅੰਮ੍ਰਿਤਸਰ ਵਿੱਚ ਬੰਬ ਧਮਾਕੇ ਦੇ ਮੱਦੇਨਜ਼ਰ ਪੰਜਾਬ ਵਿੱਚ ਸੁਰੱਖਿਆ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਧਮਾਕੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਇੱਕ ਅਸ਼ੁਭ ਸੰਕੇਤ ਹੈ ਤੇ ਲੋਕ ਇਸ ਬਾਰ ਡਰੇ ਹੋਏ ਹਨ।ਪੁਲਸ ਦੇ ਹਵਾਲੇ ਨਾਲ ਉਸ ਨੇ ਕਿਹਾ ਕਿ ਮਾਰਿਆ ਗਿਆ ਵਿਅਕਤੀ ਕਥਿਤ ਤੌਰ 'ਤੇ ਬੰਬਾਂ ਦੀ ਇੱਕ ਖੇਪ ਲੈਣ ਆਇਆ ਸੀ, ਜੋ ਉਸ ਦੇ ਹੱਥਾਂ ਵਿੱਚ ਫਟ ਗਿਆ।ਉਨ੍ਹਾਂ ਕਿਹਾ ਕਿ ਅਸੀਂ ਘਬਰਾਉਣਾ ਨਹੀਂ ਚਾਹੁੰਦੇ, ਪਰ ਪੰਜਾਬ ਵਿੱਚ ਸਥਿਤੀ ਦਿਨੋ-ਦਿਨ ਵਿਗੜਦੀ ਜਾ ਰਹੀ ਹੈ।ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਅਪੀਲ ਕੀਤੀ।ਪੰਜਾਬ ਅੱਤਵਾਦ ਦੇ ਇੱਕ ਹੋਰ ਕਾਲੇ ਦੌਰ ਨੂੰ ਬਰਦਾਸ਼ਤ ਨਹੀਂ ਕਰ ਸਕਦਾ।ਇਹ ਅਸ਼ੁਭ ਸੰਕੇਤ ਹਨ, ਪਰ ਉਨ੍ਹਾਂ ਕਿਹਾ ਕਿ ਇਹ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਹੈ ਕਿ ਉਹ ਅੱਗੇ ਆ ਕੇ ਇਸ ਸਥਿਤੀ ਨਾਲ ਨਜਿੱਠਣ।


### ITC LIMITED, FOODS DIVISION

Plot Nos A-1-A & A-1-B, MUIP, Jhalthikriwal, Kapurthala 144601 (Punjab)

Enduring Value

Invites Expression of interest for buying process waste & scrap materials mentioned below from Biscuits, Atta, Snacks & Noodles and Beverages units.

**Non-Plastic waste: -**

1. Biscuits Dough 2. Biscuits Dust 3. Meal Waste 4. Maida Waste (Floor Sweep) 5. Crushed Collette – Fried 6. Crushed Collette – Unfried 7. Steamed Dough Noodles 8. Crushed waste of noodles 9. Carton Waste 10. Paper/Paper Core Scrap 11. M.S. Open Top Empty Barrels with lid and ring 200-300 Kg Cap. 12. Skimmed Oil waste from fat trap/drainage 13. Wooden Waste 14. Aluminium waste 15. MS Waste 16. SS Waste 17. Oily & Burnt Noodles 18. De Oiled Crushed noodles 19. Scrap of Galvanized Iron (GI) 20. Scrap Puff Panels 21. Scrap of Roofing Sheets 22. Wet Sludge mechanical separator 23. Wheat bran 24. Emery bran 25. Gunny bags 26. Broken wheat 27. Sweeping Atta 28. Dust (Mitti, Bhusa, Barik Kaladana)

**Plastic waste: -**

1. Plastic Core Scrap 2. Meal Bag 50 Kg Cap 3. Empty bag HDPE bag 50kg Capacity (Maida, SMP etc) 4. Other HDPE bags / 25 KG Capacity 5. Empty Sugar bag HDPE 50KG 6. Poly Scrap Clean 7. Waste Sleeve 8. Laminate Waste Shredded 9. Plastic Can 5 kg to 65 Kg Capacity 10. Plastic Barrels/Drum 11. PET Bottle waste/Shredded Pet Bottle Scrap 12. Misc Garbage mixed poly Scrap 13. Shrink film 14. Laminate Waste Slitted 15. Torn HDPE Bags 15. PET preform waste.

**Note:**

1. Expression of interests (EOI) are invited from the parties holding valid approvals from Punjab State Pollution Control Board, approvals and registration under PF, ESI, GST and other applicable Laws. EOI is to be submitted latest by 7th June 2025 along with a copy of PAN Card, GST Registration certificate and valid approvals mentioned above. EOI should be addressed to Unit Finance Manager, ITC Limited, Foods Division, Plot Nos A-1-A & A-1-B, MUIP, Jhalthikriwal, Kapurthala 144601 (Punjab).

2. Shortlisted parties shall be allowed for participating in the E-auction bidding process for waste sale contract. The parties shall be communicated bank details through E-mail for deposit of Earnest money deposit of Rs 5 lakhs into ITC Limited Bank A/c before start of E-auction (For Non-Plastic waste) and for Plastic waste Earnest money deposit of Rs 2 Lakhs. The earnest money shall be refunded or adjusted with security deposit post finalisation of contract. Earnest money deposit shall be forfeited in case the selected party fails to enter into waste sale contract post E-auction. Company reserves the right to discard any of the EOI without assigning any reason.

3. Detailed list of scrap items along with quantities and detailed terms & conditions will be shared during the site visit or through E-mail by our action partner.

4. Selected customer shall deploy tractor and trollies for movement of scrap from units to central scrap yard, Grinder, Slitting and crushing machines for process wastes & laminates, manpower for Segregation of mixed material and loading of Scrap materials. Scrap items can be inspected on all working days from 1st June 2025 to 07 th June 2025 between 10 AM to 05 PM at the factory.


### ਪਬਲਿਕ ਨੋਟਿਸ

ਸੂਚਿਤ ਕੀਤਾ ਜਾਂਦਾ ਹੈ ਕਿ ਮੇਰੀ ਇੱਕ ਰਜਿਸਟਰੀ ਅਤੇ ਮੁਖਤਾਰਨਾਮਾ, ਜਿਸ ਦਾ ਪ੍ਰਾਈਵੇਟ ਨੰ. 9, ਕੁੱਲ ਰਕਬਾ 7.54 ਮਰਲੇ ਸਾਢੇ ਪੰਜ ਫੁੱਟ ਲੰਬਾਈ ਇੱਕ ਪਾਸੇ 71 ਫੁੱਟ 3 ਇੰਚ, ਇੱਕ ਪਾਸੇ 68 ਫੁੱਟ 6 ਇੰਚ, ਚੌੜਾਈ ਇੱਕ ਪਾਸੇ 29 ਫੁੱਟ 6 ਇੰਚ, ਇੱਕ ਪਾਸੇ 29 ਫੁੱਟ, ਚੜ੍ਹਦੇ ਵੱਲ ਪਲਾਟ ਨੰ. 10, ਲਹਿੰਦੇ ਵੱਲ ਰਸਤਾ 15 ਫੁੱਟ ਚੌੜਾ, ਪਹਾੜ ਵੱਲ ਮਾਲਕੀ ਦੂਜਿਆਂ ਦੀ, ਦੱਖਣ ਵੱਲ ਰਸਤਾ 17 ਫੁੱਟ, ਖਸਰਾ ਨੰਬਰ ਮਿਨਜੁਲਮਾ 138//15/3, 16, 139//20/1, 139//11/2, ਵਾਕਿਆ ਰਕਬਾ ਜੰਡਿਆਲਾ ਗੁਰੂ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਮਾਲਕੀ ਮੇਰੀ ਖਰੀਦ ਕਿੱਤਾ ਰਾਹੀਂ ਬੈਨਾਮਾ ਤਸਦੀਕ ਮਿਤੀ 6-12-2012, ਵਸੀਕਾ ਨੰਬਰ 1291, ਜਿਲਦ ਨੰ. 42, ਸਫਾ ਨੰਬਰ 53/54 ਤਸਦੀਕਸ਼ੁਦਾ ਦਫਤਰ ਜਾਇੰਟ ਸਬ-ਰਜਿਸਟਰਾਰ ਮਿਤੀ 4-1-2025 ਨੂੰ ਕਿਧਰੇ ਗੁੰਮ ਹੋ ਗਈ ਹੈ, ਜਿਸ ਦੀ ਮੈਂ ਪੁਲਿਸ ਸ਼ਿਕਾਇਤ ਰੋਜ਼ਨਾਮਚਾ ਨੰਬਰ 026 ਮਿਤੀ 26-5-2025 ਦੇ ਅਧੀਨ ਪੁਲਿਸ ਸਟੇਸ਼ਨ ਜੰਡਿਆਲਾ ਗੁਰੂ ਵਿਖੇ ਦਰਜ ਕਰਵਾ ਦਿੱਤੀ ਹੈ। ਜਿਸ ਨੂੰ ਵੀ ਮਿਲੇ, ਕ੍ਰਿਪਾ ਕਰਕੇ ਮੇਰੇ ਪਤੇ 'ਤੇ ਸੂਚਿਤ ਕਰੇ। ਦਲਜੀਤ ਕੌਰ ਪਤਨੀ ਰਜਿੰਦਰ ਸਿੰਘ, ਮਕਾਨ ਨੰ. 4423/ਏ, ਨਵੀਂ ਆਬਾਦੀ, ਜੰਡਿਆਲਾ ਗੁਰੂ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ। ਮੋਬਾਇਲ : 98557-26114

### SARUP INDUSTRIES LIMITED

SIL

Web: www.sarupindustries.com, E-mail: shareholders@bawastl.com, Ph: 0181-5021037

31 ਮਾਰਚ 2025 ਨੂੰ ਖਤਮ ਹੋਈ ਤਿਮਾਹੀ ਦੇ ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਰੁਪਏ ਲੱਖਾਂ 'ਚ)

| ਵੇਰਵੇ | ਤਿਮਾਹੀ ਖਤਮ | | | ਸਾਲ ਖਤਮ | |
|---|---|---|---|---|---|
| | 31.03.25 (ਪੜਤਾਲੇ) | 31.12.24 (ਅਣ-ਪੜਤਾਲੇ) | 31.03.24 (ਪੜਤਾਲੇ) | 31.03.25 (ਪੜਤਾਲੇ) | 31.03.24 (ਪੜਤਾਲੇ) |
| ਕਾਰੋਬਾਰਾਂ ਤੋਂ ਕੁੱਲ ਆਮਦਨ | 489.49 | 468.58 | 384.80 | 1602.53 | 1161.00 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਮਗਰੋਂ #) | 22.80 | 12.63 | 22.69 | 45.15 | -158.66 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) ਟੈਕਸ ਤੋਂ ਪਹਿਲਾਂ (ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਮਗਰੋਂ #) | 22.80 | 12.63 | 22.69 | 45.15 | -158.66 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) ਟੈਕਸ ਤੋਂ ਬਾਅਦ (ਖਾਸ ਅਤੇ ਜਾਂ ਅਸਧਾਰਨ ਆਈਟਮਾਂ ਮਗਰੋਂ #) ਕੰਪਨੀ ਦੇ ਮਾਲਕਾਂ ਦੇ ਫਲਸਰੂਪ | 42.54 | 12.63 | 10.87 | 478.87 | -170.48 |
| ਮਿਆਦ ਲਈ ਕੁੱਲ ਵਿਆਪਕ ਆਮਦਨ (ਸ਼ਾਮਲ ਲਾਭ/(ਹਾਨੀ) ਮਿਆਦ ਵਾਸਤੇ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ) | 42.54 | 12.63 | 10.87 | 478.87 | -170.48 |
| ਇਕੁਇਟੀ ਸ਼ੇਅਰ ਕੈਪੀਟਲ | 325.24 | 325.24 | 325.24 | 325.24 | 325.24 |
| ਰਿਜ਼ਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਿਨਾਂ) ਜਿਵੇਂ ਕਿ ਪਿਛਲੇ ਸਾਲ ਦੀ ਪੜਤਾਲੀ ਬੈਲੇਂਸ ਸ਼ੀਟ 'ਚ ਦਰਸਾਇਆ ਗਿਆ | -626.41 | -1102.84 | -1102.84 | -626.41 | -1102.84 |
| ਪ੍ਰਤੀ ਸ਼ੇਅਰ ਕਮਾਈ (ਰੁਪਏ 10/- ਹਰੇਕ) (ਚਾਲੂ ਅਤੇ ਬੰਦ ਕਾਰੋਬਾਰਾਂ ਲਈ) (1) ਬੇਸਿਕ | 1.31 | 0.39 | 0.33 | 14.72 | -5.24 |
| (2) ਡਲਿਊਟਿਡ | 1.31 | 0.39 | 0.33 | 14.72 | -5.24 |

(ਏ) ਉਪਰੋਕਤ 31 ਮਾਰਚ 2025 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ ਹੈ, ਜੋ ਸੇਬੀ (ਲਿਸਟਿੰਗ ਅਤੇ ਹੋਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ ਕੋਲ ਦਾਇਰ ਕੀਤਾ ਗਿਆ ਹੈ। ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟਸ ਸਟਾਕ ਐਕਸਚੇਂਜ ਦੀ ਵੈੱਬਸਾਈਟ www.bseindia.com ਅਤੇ ਸੂਚੀਬੱਧ ਇਕਾਈ www.sarupindustries.com 'ਤੇ ਉਪਲੱਬਧ ਹੈ।

(ਬੀ) ਉਪਰੋਕਤ ਵਿੱਤੀ ਨਤੀਜੇ ਆਡਿਟ ਕਮੇਟੀ ਵੱਲੋਂ ਰੀਵਿਊ ਕੀਤੇ ਜਾ ਚੁੱਕੇ ਹਨ ਅਤੇ ਬੋਰਡ ਦੇ ਡਾਇਰੈਕਟਰਾਂ ਵੱਲੋਂ 29 ਮਈ 2025 ਨੂੰ ਹੋਈ ਮੀਟਿੰਗ 'ਚ ਇਸ ਨੂੰ ਅਪਣਾਇਆ ਗਿਆ ਹੈ।

(ਸੀ) ਕੰਪਨੀ ਸਿੰਗਲ ਖੰਡ 'ਚ ਕੰਮ ਕਰ ਰਹੀ ਹੈ, ਜਿਵੇਂ ਕਿ ਸ਼ੂਅਜ਼ /ਸ਼ੂਜ਼ ਅੱਪਰਜ਼ ਦੀ ਮੈਨੂਫੈਕਚਰਿੰਗ ਹੈ।

(ਡੀ) ਉਪਰੋਕਤ ਵਿੱਤੀ ਨਤੀਜੇ ਇੰਡੀਅਨ ਅਕਾਊਂਟਿੰਗ ਸਟੈਂਡਰਜ਼ (ਇੰਡ-ਏ ਐੱਸ) ਦੇ ਅਨੁਸਾਰ ਤਿਆਰ ਕੀਤੇ ਗਏ ਹਨ ਅਤੇ ਕੰਪਨੀਜ਼ ਐਕਟ 2013 ਦੇ ਸੈਕਸ਼ਨ 133 ਅਨੁਸਾਰ ਨਿਰਧਾਰਤ ਕੰਪਨੀਜ਼ (ਇੰਡੀਅਨ ਅਕਾਊਟਿੰਗ ਸਟੈਂਡਰਜ਼) ਰੂਲਜ਼ 2015 ਅਧੀਨ ਨੋਟੀਫਾਈਡ ਹਨ।

ਵਾਸਤੇ ਸਰੂਪ ਇੰਡਸਟਰੀਜ਼ ਲਿਮਟਿਡ
ਸਹੀ/-
ਸਥਾਨ : ਜਲੰਧਰ — ਸਿਮਰਜੀਤ ਸਿੰਘ ਬਾਵਾ
ਮਿਤੀ : 29.05.2025 — ਮੈਨੇਜਿੰਗ ਡਾਇਰੈਕਟਰ ਡੀ ਆਈ ਐੱਨ : 00851651

### PAOS INDUSTRIES LTD.

REGD. &CORPORATE OFFICE: VILLAGE PAWA, G.T. ROAD, LUDHIANA-141 120
CIN: L24100PB1990PLC049032, Ph: +91-161-5220000.
Email: paosindustriesltd@gmail.com, Website: www.paosindustries.in

EXTRACT OF STANDALONE AUDITED FINANCIAL RESULTS FOR THE QUARTER AND YEAR ENDED 31ST MARCH 2025 (Amount Rs. in Lakh)

| Particulars | Quarter ended 31.03.2025 (Audited) | Quarter ended 31.03.2024 (Audited) | Quarter ended 31.12.2024 (Audited) | Year to Date 31.03.2025 (Audited) |
|---|---|---|---|---|
| Total Income from operations | 1624.00 | 0.00 | 1800.35 | 5463.62 |
| Other Income | 10.87 | 0.00 | 8.76 | 24.50 |
| **Net Profit/(Loss) for the period (before Tax, Exceptional and/or Extraordinary items)** | (286.68) | (7.07) | 10.38 | (187.68) |
| Net Profit/(Loss) for the period (after Tax, Exceptional and/or Extraordinary items) | (232.39) | (7.07) | 10.60 | (77.09) |
| **Total Comprehensive Income/(Loss) for the period [Comprising Profit for the period (after Tax) and Other Comprehensive Income (after Tax)]** | (232.39) | (7.07) | 10.60 | (77.09) |
| Equity Share Capital Face value of Rs 10/- per share | 610.36 | 610.36 | 610.36 | 610.36 |
| Reserves (excluding Revaluation Reserve) as per last audited FS (31/03/2025) | | | | (2196.35) |
| Earnings Per Share (of Rs. 10/-each) (for continuing and discontinued operations) a) Basic | (3.81) | (0.12) | 0.17 | (1.26) |
| b) Diluted | (3.81) | (0.12) | 0.17 | (1.26) |

**Notes :** The above Standalone Financial Results were reviewed by the Audit Committee and approved by the Board of Directors at their meeting held on 29th May 2025 and the same have been reviewed by the Statutory Auditors and the Auditors Report does not contain any adverse remarks. As financial figures for Standalone Audited Financial Results are the same hence single tabular columnar information has been provided for the both. The figures of previous have been reclassified and regrouped wherever necessary. The above is an extract of the detailed format of the Financial Results for the quarter and year ending on 31st March, 2025 filed with Stock Exchanges under regulation 33 of the SEBI (Listing Obligations and Disclosure Requirement) Regulations, 2015. The full format of the financial results is available on the Company's website www.paosindustries.in and on the website of the stock exchange www.bseindia.com.

For PAOS INDUSTRIES LIMITED
Sd/-
SANJEEV BANSAL
Managing Director (DIN : 00057485)

DATE : 29-05-2025
PLACE : LUDHIANA

ਫਾਰਮ ਨੰ: 14
[ਵੇਖੋ ਨਿਯਮ 33 (2)]
ਪ੍ਰਕਾਸ਼ਨਾ ਰਾਹੀਂ
ਦਫਤਰ ਵਸੂਲੀ ਅਫਸਰ I/II
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 3)
ਹੇਠਲੀ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ-160017
ਡਿਮਾਂਡ ਨੋਟਿਸ (ਪ੍ਰਕਾਸ਼ਨਾ ਰਾਹੀਂ)
ਕਰਜ਼ਾ ਅਤੇ ਦਿਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ
ਆਰ ਸੀ/1516/2019 — 13-03-2025
ਐਕਸਿਸ ਬੈਂਕ ਲਿਮਟਿਡ
ਬਨਾਮ
ਨਿਰਮਲ ਸਿੰਘ

ਸੇਵਾ 'ਚ
(ਸੀ ਡੀ 1) ਸ੍ਰੀ ਨਿਰਮਲ ਸਿੰਘ ਪੁੱਤਰ ਲਾਲ ਸਿੰਘ ਵਾਸੀ ਮਕਾਨ ਨੰ. 377 ਪਿੰਡ ਛਾਜਲੀ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ।
(ਸੀ ਡੀ 2) ਸ੍ਰੀਮਤੀ ਤੇਜ ਕੌਰ ਪਤਨੀ ਲਾਲ ਸਿੰਘ ਵਾਸੀ ਮਕਾਨ ਨੰ. 377 ਪਿੰਡ ਛਾਜਲੀ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ।

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/5712/2017 'ਚ ਰਕਮ ਰੁਪਏ 11,39,380.00/- (ਗਿਆਰਾਂ ਲੱਖ ਉਨਤਾਲੀ ਹਜ਼ਾਰ ਤਿੰਨ ਸੌ ਅੱਸੀ ਰੁਪਏ ਕੇਵਲ) ਸਮੇਤ ਪੈਂਡੈਂਟ ਲਾਈਟ ਅਤੇ ਭਵਿੱਖੀ ਵਿਆਜ 11.00 % ਸਧਾਰਨ ਵਿਆਜ ਸਾਲਾਨਾ 18-11-2017 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ ਰੁਪਏ 52,000/- (ਬਵੰਜਾ ਹਜ਼ਾਰ ਰੁਪਏ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।

2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 03-06-2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ।

4. ਤੁਹਾਨੂੰ, ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ।
(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।
(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ ਅਤੇ ਖਰਚੇ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 13-03-2025 ਨੂੰ ਜਾਰੀ ਕੀਤਾ ਗਿਆ।

ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3)

ਫਾਰਮ ਨੰ: 14
[ਵੇਖੋ ਨਿਯਮ 33 (2)]
ਪ੍ਰਕਾਸ਼ਨਾ ਰਾਹੀਂ
ਦਫਤਰ ਵਸੂਲੀ ਅਫਸਰ I/II
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 3)
ਹੇਠਲੀ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ-160017
ਡਿਮਾਂਡ ਨੋਟਿਸ (ਪ੍ਰਕਾਸ਼ਨਾ ਰਾਹੀਂ)
ਕਰਜ਼ਾ ਅਤੇ ਦਿਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ
ਆਰ ਸੀ/226/2022 — 26.03.2025
ਐਕਸਿਸ ਬੈਂਕ ਲਿਮਟਿਡ
ਬਨਾਮ
ਸ੍ਰੀ ਸੁਰਜਨ ਸਿੰਘ

ਸੇਵਾ 'ਚ
(ਸੀ ਡੀ 1) ਸ੍ਰੀ ਸੁਰਜਨ ਸਿੰਘ ਪੁੱਤਰ ਧਿਆਨ ਸਿੰਘ ਵਾਸੀ ਪਿੰਡ ਨੂਰਪੁਰ ਉਰਫ ਫਰਨਾਵਾਲਾ, ਤਹਿਸੀਲ ਦੂਧਨ ਸਾਧਾਂ ਜ਼ਿਲ੍ਹਾ ਪਟਿਆਲਾ।
(ਸੀ ਡੀ 2) ਸ੍ਰੀ ਹਰਵਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਬੁਧਮੋਰ ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ।

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/5416/2017 'ਚ ਰਕਮ ਰੁਪਏ 24,07,693.00/- (ਚੌਵੀ ਲੱਖ ਸੱਤ ਹਜ਼ਾਰ ਛੇ ਸੌ ਤਰਿਆਨਵੇਂ ਰੁਪਏ ਕੇਵਲ) ਸਮੇਤ ਪੈਂਡੈਂਟ ਲਾਈਟ ਅਤੇ ਭਵਿੱਖੀ ਵਿਆਜ 11.65 % ਸਧਾਰਨ ਵਿਆਜ ਸਾਲਾਨਾ 23-09-2017 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ ਰੁਪਏ 49,000/- (ਉਨੰਜਾ ਹਜ਼ਾਰ ਰੁਪਏ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।

2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 20-06-2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ।

4. ਤੁਹਾਨੂੰ, ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ।
(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।
(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ ਅਤੇ ਖਰਚੇ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 26-03-2025 ਨੂੰ ਜਾਰੀ ਕੀਤਾ ਗਿਆ।

ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3)

### VALLABH STEELS LIMITED

Regd. Off.: G.T. Road, Village Pawa, Sahnewal, Ludhiana-141 120(Punjab), India,
CIN: L27109PB1980PLC004327, Tel.:+91-161-2511413, Fax: +91-161-2511414,
E-mail: fin.ho@vallabhgroup.com website: www.vallabhsteelsltd.in

**AUDITED STANDALONE FINANCIAL RESULTS FOR THE QUARTER AND YEAR ENDED MARCH 31, 2025**

The audited standalone financial results of Vallabh Steels Limited ('the Company') for the quarter and year ended March 31, 2025 was approved by the Board of Directors of the Company at its meeting held on May 28, 2025, in terms of Regulation 33 of SEBI (Listing Obligations and Disclosure Requirements), Regulations, 2015. The aforementioned financial results along with the Audit Reports thereon are available in the Company's website (i.e. www.vallabhsteelsltd.in) and BSE Limited (www.bseindia.com).
The same can be accessed by scanning the QR Code given below:
Scan the QR code to view the results on the website of the Company

For Vallabh Steels Limited
Sd/-
(Neelam Sharma)
Director

Place : Ludhiana
Dated : 28-05-2025

### NOTICE TO APPEAR/ATTEND PROCEEDINGS OF DLM&SFC-LDH

THROUGH THIS PUBLICATION THIS IS FOR CONSTRUCTIVE NOTICE FOR RESPONDANT **M/S LUXMI KNITTING COMPANY SITUATED AT ADDRESS 1 - ST NO. 8, NEAR AXIS BANK, NEW GANESH PURI, NEAR SHIV PURI, PUNJAB NATIONAL BANK ATM, 74 LUDHIANA, PUNJAB. ADDRESS 2- SANTOKH NAGAR, ST. NO. 4-1/2, NEW SHIVPURI, LUDHIANA, PUNJAB, 141008.** TO APPEAR IN PERSON OR THROUGH AUTHORIZED REPRESENTATIVE BEFORE THE DISTRICT LEVEL MICRO & SMALL FACILITATION COUNCIL, LUDHIANA, DISTRICT INDUSTRIAL CENTRE , LUDHIANA ON **24/07/2025** REGARDING CLAIM REFEENCE PETITION SUBMITTED BY CLAIMANT **M/S KRISHNA COLLECTION SITUATED AT 650/1, STREET NO.1, RAHON ROAD, GURU VIHAR, LUDHIANA, PUNJAB.** ACT 2006 BEARING REF. NUMBER **MSEFC/DIC- PB/12/M/LUD/02977**. IF RESPONDENT STILL FALLS OR OMITS TO APPEAR AS ABOVE THEN ARBITRATION PROCEEDINGS SHALL BE CONDUCTED AS PER SECTION 23 & 25, OF ARBITRATION & CONCILIATION ACT AND AWARD SHALL ALSO BE PASSED ON THE BASIS OF EVIDENCE BEFORE IT.

Member Secretary cum General Manager **District Industries Centre,** Industrial Estate, Ludhiana, Ph. No. 0161-2540995, Email Id:-dicludhiana5@gmail.com

### ਉੱਤਰ ਰੇਲਵੇ

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਪੱਤਰ ਨੰ.– 21-2025-26-ADEN-JRC — ਤਾਰੀਕ: 27.05.2025

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 20.06.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ ਬੈਂਕਰਸ ਚੈਂਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਸਿੰਗਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 27.05.2025 | 06.06.2025 | 20.06.2025 15:00 ਵਜੇ |

| ਲ.ਨੰ. | ਨਿਵਿਦਾ ਨੰਬਰ, ਮਿਤੀ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1. | 21-2025-26-ADEN-JRC | ਜਲੰਧਰ ਵਿਚ ਪੀ-ਵੇ ਟ੍ਰੈਕਮੈਨਾਂ ਦੇ ਲਈ ਟਰੇਨਿੰਗ ਸੰਸਥਾਨ ਦੇ ਸੇਵਾ ਭਵਨ ਅਤੇ ਹੋਸਟਲ ਦਾ ਵਿਸਤਾਰ। | | | |
| | ਵਿਗਿਆਪਨ ਮੂਲ (ਰੂ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ | |
| | 4,05,32,037.16/- | 3,52,700.00/- | 60 ਦਿਨ | 12 ਮਹੀਨੇ | |
| | ਸਮਾਨ ਨੇਚਰ ਦਾ ਕੰਮ : "ਭਵਨ/ਕਵਾਟਰ ਦੀ ਉਸਾਰੀ"। | | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

1589/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 27.02.2025 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਸ੍ਰੀ ਦਰਸ਼ਨ ਸਿੰਘ ਪੁੱਤਰ ਰੁਲਦਾ ਸਿੰਘ ਵਾਸੀ ਅਰੋੜਾ ਕਾਲੋਨੀ, ਨੇੜੇ ਵਾਟਰ ਟਰੀਟਮੈਂਟ ਪਲਾਂਟ, ਨਰੰਗਸ਼ਾਹਪੁਰ, ਫਗਵਾੜਾ, ਕਪੂਰਥਲਾ, ਪੰਜਾਬ-144401 2. ਸ੍ਰੀਮਤੀ ਸੁਸ਼ਮਾ ਕੁਮਾਰੀ ਪਤਨੀ ਸ੍ਰੀ ਦਰਸ਼ਨ ਸਿੰਘ ਵਾਸੀ ਮਕਾਨ ਨੰ. 47, ਬੱਬਰ ਅਕਾਲੀ ਮਾਰਕਿਟ, ਸੈਂਟਰਲ ਟਾਊਨ, ਫਗਵਾੜਾ, ਕਪੂਰਥਲਾ, ਪੰਜਾਬ-144401 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀ ਜਸਪ੍ਰੀਤ ਢੀਂਗਰਾ ਪੁੱਤਰ ਸ੍ਰੀ ਪਰਮਜੀਤ ਸਿੰਘ ਵਾਸੀ ਮਕਾਨ ਨੰ. 103, ਗਲੀ ਨੰ. 2, ਗੁਰੂ ਨਾਨਕਪੁਰਾ, ਫਗਵਾੜਾ, ਕਪੂਰਥਲਾ, ਪੰਜਾਬ-144401 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਐੱਚ ਐੱਲ/003611000138 'ਚ ਬਕਾਇਆ ਰਾਸ਼ੀ ਰੁਪਏ 12,14,840.40 ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਚ ਐੱਲ/003611000138 'ਚ ਬਕਾਇਆ ਰਾਸ਼ੀ ਰੁਪਏ 12,14,840.40 ਮਿਤੀ 01.02.2025 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਵਿਕਰੀ ਬੈਨਾਮਾ ਦਸਤਾਵੇਜ਼ ਨੰ. 674 ਮਿਤੀ 17.05.2017 ਅਨੁਸਾਰ ਸ੍ਰੀਮਤੀ ਸੁਸ਼ਮਾ ਕੁਮਾਰੀ ਪਤਨੀ ਸ੍ਰੀ ਦਰਸ਼ਨ ਸਿੰਘ ਅਤੇ ਦਰਸ਼ਨ ਸਿੰਘ ਪੁੱਤਰ ਸ੍ਰੀ ਰੁਲਦਾ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 3 ਮਰਲੇ, ਪਿੰਡ ਨਰੰਗਸ਼ਾਹਪੁਰ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ, ਹੱਦਬਸਤ ਨੰ. 90 ਨਾਲ ਸੰਬੰਧਤ ਸਭ ਕੁੱਝ।

ਮਿਤੀ : 29.05.2025, ਸਥਾਨ : ਫਗਵਾੜਾ — (ਅਧਿਕਾਰਤ ਅਫਸਰ)

### AXIS BANK

Axis Bank Ltd., Retail Asset Centre,: 2nd Floor, Property # 7-E, Municipal 3903/1142/16, Malhar Road, Sarabha Nagar, Ludhiana- 141001

**[ ਰੂਲ-8 (1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਹਰੇਕ ਖਾਤੇ ਵਿਰੁੱਧ ਦਰਸਾਈਆਂ ਮਿਤੀਆਂ 'ਤੇ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਕਰਜ਼ਦਾਰ/ਗਰੰਟਰ/ਰਹਿਣਕਾਰ ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਨ੍ਹਾਂ ਨੂੰ ਦਰਸਾਏ ਰੂਲ ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਵਰਨਣ ਜਾਇਦਾਦ ਦਾ ਹੇਠਾਂ ਦਰਸਾਈਆਂ ਮਿਤੀਆਂ ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ 'ਤੇ ਰਕਮ ਅਤੇ ਉਸ ਉਪਰ ਵਿਆਜ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ/ਕਬਜ਼ੇ ਦੀ ਮਿਤੀ — ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ) |
|---|---|---|
| 1. | ਮੈਸਰਜ਼ ਭੋਲੇ ਸ਼ੰਕਰ ਫੂਡਜ਼ ਰਾਹੀਂ ਇਸ ਦੇ ਮਾਲਕ ਸ੍ਰੀ ਮਨੋਜ ਕੁਮਾਰ ਪੁੱਤਰ ਸੁਭਾਸ਼ ਚੰਦ | 7 ਫਰਵਰੀ 2025/27 ਮਈ 2025 — ਰੁਪਏ 1,07,63,187/- (ਇੱਕ ਕਰੋੜ ਸੱਤ ਲੱਖ ਤਰੇਹਠ ਹਜ਼ਾਰ ਇੱਕ ਸੌ ਸਤਾਸੀ ਰੁਪਏ ਕੇਵਲ) |

ਅਚੱਲ ਜਾਇਦਾਦ ਦਾ ਵੇਰਵਾ : ਜਾਇਦਾਦ ਨੰ. 1 : ਬੈਨਾਮਾ ਵਸੀਕਾ ਨੰ. 4223 ਮਿਤੀ 17.10.2018 ਅਨੁਸਾਰ ਮਨੋਜ ਕੁਮਾਰ ਅਤੇ ਪ੍ਰਦੀਪ ਕੁਮਾਰ ਪੁੱਤਰ ਸੁਭਾਸ਼ ਚੰਦ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ ਮਕਾਨ ਨੰ. 2392-ਬੀ, ਆਰੀਆ ਸਮਾਜ ਰੋਡ ਵਿਖੇ ਸਥਿਤ, ਵਾਰਡ ਨੰ. 16, ਰਾਜਪੁਰਾ ਟਾਊਨ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ ਮਕਾਨ ਨੰ. 2392 ਦਾ ਹਿੱਸਾ, ਪੱਛਮ : ਮਕਾਨ ਨੰ. 2393, ਉੱਤਰ : ਮਕਾਨ ਨੰ. 2381, ਦੱਖਣ : ਮਕਾਨ ਨੰ. 2392 ਦਾ ਹਿੱਸਾ ਅਤੇ ਗਲੀ।

ਜਾਇਦਾਦ ਨੰ. 2 : ਬੈਨਾਮਾ ਵਸੀਕਾ ਨੰ. 2068 ਮਿਤੀ 31.08.2017 ਅਨੁਸਾਰ ਮਨੋਜ ਕੁਮਾਰ ਅਤੇ ਪ੍ਰਦੀਪ ਕੁਮਾਰ ਪੁੱਤਰ ਸੁਭਾਸ਼ ਚੰਦ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 3090, ਮਤੀਦਾਸ ਕਾਲੋਨੀ ਵਿਖੇ ਸਥਿਤ, ਰਾਜਪੁਰਾ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ, ਕੁੱਲ ਖੇਤਰ ਰਕਬਾ 147.60 ਵਰਗ ਗਜ਼ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਮਕਾਨ ਨੰ. 3051 ਸਾਈਡ 18'-10-1/2", ਉੱਤਰ : ਮਕਾਨ ਨੰ. 3090 ਸਾਈਡ 70'-2-1/2", ਪੱਛਮ : ਸੜਕ ਸਾਈਡ 18'-10-1/2", ਦੱਖਣ : ਮਕਾਨ ਨੰ. 3089 ਸਾਈਡ 70'-2-1/2"

ਉਕਤ ਦਰਜ ਕਰਜ਼ਦਾਰ (ਕਰਜ਼ਦਾਰਾਂ)/ਸਹਿ-ਕਰਜ਼ਦਾਰ (ਸਹਿ-ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 30.05.2025, ਸਥਾਨ : ਪਟਿਆਲਾ — ਸਹੀ/-ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

### AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana- 141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai- 400025
Registered Office: 'Trishul', 3rd Floor, opposite Samartheswar Temple, Law garden, Ellisbridge, Ahmadabad- 380006

**ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 (2002 ਦਾ 54) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਦਰਸਾਏ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉੱਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਕਰਜ਼ਦਾਰ ਦਾ ਧਿਆਨ ਸੁਰੱਖਿਅਤ ਐੱਸਟਸ ਦੇ ਪੁਨਰਗ੍ਰਹਿਣ ਲਈ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ ਦਾ ਨਾਂਅ | ਐੱਨ ਪੀ ਏ ਮਿਤੀ/ਡਿਮਾਂਡ ਨੋਟਿਸ ਦੀ ਮਿਤੀ — ਕਬਜ਼ੇ ਦੀ ਮਿਤੀ — ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ) |
|---|---|---|
| 1. | 1. ਸ੍ਰੀ ਪ੍ਰਵੀਨ ਕੁਮਾਰ ਪੁੱਤਰ ਮਦਨ ਲਾਲ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਸੁਖਵੀਰ ਕੌਰ ਪਤਨੀ ਪ੍ਰਵੀਨ ਕੁਮਾਰ (ਸਹਿ-ਕਰਜ਼ਦਾਰ) | 08 ਸਤੰਬਰ 2024/24 ਫਰਵਰੀ 2025 — 27 ਮਈ 2025 — ਰੁਪਏ 15,66,430 (ਰੁਪਏ ਪੰਦਰਾਂ ਲੱਖ ਛਿਆਹਠ ਹਜ਼ਾਰ ਚਾਰ ਸੌ ਤੀਹ ਕੇਵਲ) |

ਰਹਿਣ ਕੀਤੀ ਜਾਇਦਾਦ ਦਾ ਵੇਰਵਾ :- ਵਿਕਰੀ ਬੈਨਾਮਾ ਦਸਤਾਵੇਜ਼ ਨੰ. 2020-21/53/1/1749 ਮਿਤੀ 18 ਸਤੰਬਰ 2020 ਅਨੁਸਾਰ ਸ੍ਰੀ ਪ੍ਰਵੀਨ ਕੁਮਾਰ ਪੁੱਤਰ ਮਦਨ ਲਾਲ ਦੇ ਨਾਂਅ ਰਜਿਸਟਰਡ ਵਪਾਰਕ ਜਾਇਦਾਦ/ਦੁਕਾਨ ਰਕਬਾ 01 ਮਰਲਾ 4-3/4 ਸਰਸਾਈ (1.52 ਮਰਲਾ) ਜ਼ਮੀਨ ਖੇਤਰ 05 ਕਨਾਲ-03 ਮਰਲੇ ਦਾ 55/3708 ਹਿੱਸਾ, ਖੇਵਟ ਨੰ. 27, ਖਤੌਨੀ ਨੰ. 50, ਖਸਰਾ ਨੰ. 3174 (5-3), ਜਮ੍ਹਾਂਬੰਦੀ ਸਾਲ 2015-2016, ਹੱਦਬਸਤ ਨੰ. 54, ਸ੍ਰੀ ਮੁਕਤਸਰ ਸਾਹਿਬ-III, ਤਹਿਸੀਲ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਸਾਹਮਣੀ ਸਾਈਡ-ਅਬੋਹਰ ਰੋਡ, ਬੈਕ ਸਾਈਡ ਸ੍ਰੀਮਤੀ ਰੇਨੂੰ, ਇਕ ਸਾਈਡ ਸ੍ਰੀਮਤੀ ਰੇਨੂੰ, ਦੂਜੀ ਸਾਈਡ ਅਨਿਲ ਕੁਮਾਰ।

2. ਬੈਨਾਮਾ ਵਸੀਕਾ ਨੰ. 4427, ਮਿਤੀ 30/12/2011 ਅਨੁਸਾਰ ਸ੍ਰੀ ਪ੍ਰਵੀਨ ਕੁਮਾਰ ਪੁੱਤਰ ਮਦਨ ਲਾਲ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 01 ਮਰਲਾ, ਕੁੱਲ ਜ਼ਮੀਨ ਖੇਤਰ 12 ਕਨਾਲ 13 ਮਰਲੇ ਦਾ 02/506 ਹਿੱਸਾ, ਖੇਵਟ ਨੰ. 43, ਖਤੌਨੀ ਨੰ. 101-102, ਖਸਰਾ ਨੰ. 3182 (4-2) 3183 (8-11), ਜਮ੍ਹਾਂਬੰਦੀ ਸਾਲ 2005-2006 ਸ੍ਰੀ ਮੁਕਤਸਰ ਸਾਹਿਬ-II , ਤਹਿਸੀਲ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਸਾਹਮਣੇ ਵਾਲੀ ਸਾਈਡ-ਗਲੀ, ਬੈਕ ਸਾਈਡ-ਰਿਹਾਇਸ਼ੀ ਮਕਾਨ, ਇਕ ਸਾਈਡ-ਸਰਦੂਲ ਸਿੰਘ, ਦੂਜੀ ਸਾਈਡ-ਖਾਲੀ ਪਲਾਟ।

ਮਿਤੀ 30.05.2025, — ਸਹੀ/- ਅਧਿਕਾਰਤ ਅਫਸਰ,
ਸਥਾਨ : ਸ੍ਰੀ ਮੁਕਤਸਰ ਸਾਹਿਬ — ਐਕਸਿਸ ਬੈਂਕ ਲਿਮਟਿਡ

# 7 ਦਿਨਾਂ 'ਚ 33 ਮੁਕੱਦਮੇ ਦਰਜ, 58 ਮੁਲਜ਼ਮ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਆਪਣੀ ਅਟੱਲ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ ਕਮਿਸ਼ਨਰੇਟ ਜਲੰਧਰ ਪੁਲਸ ਨੇ ਜਿਥੇ 33 ਮੁਕੱਦਮੇ ਦਰਜ ਕੀਤੇ ਹਨ, ਉੱਥੇ 58 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 20 ਵਿਅਕਤੀਆਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁੜ ਵਸੇਬੇ ਲਈ ਦਾਖਲ ਕਰਵਾਇਆ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ, ਜਲੰਧਰ ਪੁਲਸ ਕਮਿਸ਼ਨਰ ਸ਼੍ਰੀਮਤੀ ਧਨਪ੍ਰੀਤ ਕੌਰ ਨੇ ਕਿਹਾ ਕਿ ਜਲੰਧਰ ਪੁਲਸ ਨਸ਼ੀਲੇ ਪਦਾਰਥਾਂ ਵਿਰੁੱਧ ਆਪਣੀ ਵਿਆਪਕ ਜੰਗ ਨੂੰ ਤੇਜ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਪਰਾਧੀਆਂ ਵਿਰੁੱਧ ਸਖ਼ਤ ਕਾਰਵਾਈ ਦੇ ਨਾਲ-ਨਾਲ ਨਸ਼ੇ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਾ ਕੇ ਉਨ੍ਹਾਂ ਨੂੰ ਪੈਰਾਂ ਸਿਰ ਖੜ੍ਹਾ ਕਰਨ ਵੱਲ ਗੰਭੀਰਤਾ ਦਿਖਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਸ ਵਲੋਂ ਪਿਛਲੇ ਇਕ ਹਫਤੇ 'ਚ 33 ਮੁਕੱਦਮੇ ਦਰਜ ਕੀਤੇ ਗਏ ਹਨ, ਜਦਕਿ 45 ਮੁਲਜ਼ਮਾਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਐਨ.ਡੀ.ਪੀ.ਐਸ ਐਕਟ ਦੀ ਧਾਰਾ 64-ਏ ਤਹਿਤ 10 ਵਿਅਕਤੀਆਂ ਵਿਰੁੱਧ ਕੇਸ ਦਰਜ ਕਰਕੇ ਇਲਾਜ ਲਈ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰ ਵਿਖੇ ਦਾਖਲ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ 3 ਭਗੌੜੇ ਅਪਰਾਧੀ ਗ੍ਰਿਫ਼ਤਾਰ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰੀਆਂ ਤੋਂ ਇਲਾਵਾ, ਇਨ੍ਹਾਂ ਕਾਰਵਾਈਆਂ ਦੌਰਾਨ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਅਤੇ ਗੈਰ-ਕਾਨੂੰਨੀ ਵਸਤੂਆਂ ਜ਼ਬਤ ਕੀਤੀਆਂ ਗਈਆਂ, ਜਿਨ੍ਹਾਂ ਵਿੱਚ 13.675 ਕਿਲੋਗ੍ਰਾਮ ਹੈਰੋਇਨ, 1,450 ਨਸ਼ੀਲੇ ਕੈਪਸੂਲ, 335 ਨਸ਼ੀਲੀਆਂ ਗੋਲੀਆਂ, 2 ਗੈਰ-ਕਾਨੂੰਨੀ ਪਿਸਤੌਲ, 4 ਕਾਰਾਂ ਅਤੇ 2 ਮੋਟਰਸਾਈਕਲ ਸ਼ਾਮਲ ਹਨ।



# ਨਿਗਰਾਨ ਇੰਜੀਨੀਅਰ ਜਲ ਸਪਲਾਈ ਤੇ ਸੈਨੀਟੇਸ਼ਨ ਦੇ ਦਫ਼ਤਰ ਅੱਗੇ ਰੋਸ ਰੈਲੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੀ.ਡਬਲਿਊ. ਡੀ. ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਜੋਨ ਹੁਸ਼ਿਆਰਪੁਰ ਵੱਲੋਂ ਜਥੇਬੰਦੀ ਦੀ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਨਿਗਰਾਨ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਹਲਕਾ ਹੁਸ਼ਿਆਰਪੁਰ ਦੇ ਦਫ਼ਤਰ ਅੱਗੇ ਜਲ ਸਪਲਾਈ ਸਕੀਮਾਂ ਦੇ ਪੰਚਾਇਤੀ ਕਰਨ ਖਿਲਾਫ ਰੋਸ ਰੈਲੀ ਕੀਤੀ ਗਈ, ਜਿਸ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਜੋਨ ਹੁਸ਼ਿਆਰਪੁਰ ਪ੍ਰਧਾਨ ਅਮਰਜੀਤ ਕੁਮਾਰ ਨੰਗਲ ਖਿਲਾੜੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲ ਸਪਲਾਈ ਸਕੀਮਾਂ ਦੇ ਪੰਚਾਇਤੀ ਕਰਨ ਦੀ ਆੜ ਹੇਠ ਨਿਜੀਕਰਣ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਸ ਨਾਲ ਆਮ ਲੋਕਾਂ ਤੋਂ ਸਾਫ਼ ਪੀਣ ਵਾਲੇ ਪਾਣੀ ਦਾ ਹੱਕ ਵੀ ਖੋਹਿਆ ਜਾ ਰਿਹਾ ਹੈ ਜਲ ਸਪਲਾਈ ਵਿਭਾਗ ਦੇ ਨਿਜੀਕਰਣ ਹੋਣ ਨਾਲ ਸਾਫ਼ ਪੀਣ ਵਾਲਾ ਪਾਣੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗਾ। ਪੰਚਾਇਤਾ ਕੋਲ ਆਮਦਨ ਦੇ ਸਾਧਨ ਅਤੇ ਤਕਨੀਕੀ ਤਜ਼ਰਬਾ ਨਾ ਹੋਣ ਕਰਕੇ ਪੰਚਾਇਤਾਂ ਦੇ ਹਵਾਲੇ ਕੀਤੀਆਂ ਜਾਣ ਵਾਲੀਆਂ ਜਲ ਸਪਲਾਈ ਸਕੀਮਾ ਬੰਦ ਹੋ ਜਾਣਗੀਆਂ ਜਿਸ ਕਾਰਨ ਲੋਕਾਂ ਨੂੰ ਮਹਿੰਗੇ ਭਾਅ ਪੀਣ ਵਾਲਾ ਪਾਣੀ ਖਰੀਦਣਾ ਪਵੇਗਾ। ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਹਰਮੇਸ਼ ਲਾਲ, ਜੋਨ ਹੁਸ਼ਿਆਰਪੁਰ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਜਾਜਾ ਨੇ ਕਿਹਾ ਇੱਕ ਪਾਸੇ ਤਾਂ ਸਰਕਾਰ ਵੱਖ ਵੱਖ ਵਿਭਾਗਾਂ ਵਿੱਚ ਹਜ਼ਾਰਾਂ ਨੌਕਰੀਆਂ ਦੇਣ ਦੇ ਦਮਗਜ਼ੇ ਮਾਰਦੀ ਹੈ ਤੇ ਦੂਜੇ ਪਾਸੇ ਜਲ ਸਪਲਾਈ ਸਕੀਮਾਂ ਤੇ 15-15 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਕੰਮ ਕਰ ਰਹੇ ਠੇਕਾ ਮੁਲਾਜ਼ਮਾਂ ਨੂੰ ਪੰਚਾਇਤੀਕਰਨ/ਨਿਜੀਕਰਣ ਦੇ ਨਾਂ ਤੇ ਕੱਢਣ ਦੀ ਤਿਆਰੀ ਕਰ ਰਹੀ ਹੈ।ਰੈਲੀ ਵਿੱਚ ਰਾਜੀਵ ਸ਼ਰਮਾ, ਸ਼ਾਮ ਸਿੰਘ, ਗੁਰਦੀਪ ਸਿੰਘ, ਰਵਿੰਦਰ ਕੁਮਾਰ, ਸ਼ਾਂਤੀ ਸਰੂਪ, ਭਾਗ ਮੱਲ, ਗੁਰਮੀਤ ਸਿੰਘ, ਅਮੋਲਕ ਸਿੰਘ, ਜਸਵੰਤ ਸਿੰਘ, ਜਸਵੀਰ ਸਿੰਘ, ਬਲਵੰਤ ਸਿੰਘ, ਰਕੇਸ਼ ਕੁਮਾਰ ਮਹਿਲਾਂਵਾਲੀ, ਅਸ਼ੋਕ ਕੁਮਾਰ, ਟੇਕ ਚੰਦ, ਗੁਰਨਾਮ ਚੰਦ, ਵਿਨੋਦ ਕੁਮਾਰ, ਜਗਦੀਸ਼ ਲਾਲ, ਰਮੇਸ਼ ਕੁਮਾਰ, ਸੁੱਖ ਰਾਮ, ਗੁਰਵਿੰਦਰ ਸਿੰਘ, ਸੁਰਿੰਦਰ ਸਿੰਘ ਬੱਡੋਂ, ਹਰਕੇਸ਼ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ ਸ਼ਾਮਲ ਸਨ।





# ਪ੍ਰਭਬੀਰ ਸਿੰਘ ਬਰਾੜ ਨੇ ਪਨਸਪ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ (ਪਨਸਪ) ਨੂੰ ਪ੍ਰਭਬੀਰ ਸਿੰਘ ਬਰਾੜ ਦੇ ਰੂਪ ਵਿੱਚ ਨਵਾਂ ਚੇਅਰਮੈਨ ਮਿਲਿਆ ਹੈ, ਜਿਨ੍ਹਾਂ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਮੌਜੂਦਗੀ ਵਿੱਚ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ। ਨਵੇਂ ਚੇਅਰਮੈਨ ਪ੍ਰਭਬੀਰ ਸਿੰਘ ਬਰਾੜ ਨੇ ਇਹ ਜ਼ਿੰਮੇਵਾਰੀ ਸੌਂਪਣ ਲਈ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਉਨ੍ਹਾਂ 'ਤੇ ਜਤਾਏ ਗਏ ਇਸ ਵਿਸ਼ਵਾਸ 'ਤੇ ਖਰਾ ਉਤਰਨ ਦਾ ਪ੍ਰਣ ਲਿਆ। ਇਸ ਮੌਕੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਹੋਰ ਪਤਵੰਤੇ ਵੀ ਸ਼ਾਮਲ ਸਨ।



# ਪਾਬੰਦੀਸ਼ੁਦਾ ਨਸ਼ੀਲੀਆਂ ਗੋਲ਼ੀਆਂ ਸਮੇਤ 2 ਔਰਤਾਂ ਕਾਬੂ



**ਫਿਲੌਰ (ਨਿਰਮਲ)**- ਡੀ ਐਸ ਪੀ ਫਿਲੌਰ ਸਰਵਣ ਸਿੰਘ ਬੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਥਾਣਾ ਮੁਖੀ ਫਿਲੌਰ ਇੰਸਪੈਕਟਰ ਸੰਜੀਵ ਕਪੂਰ ਦੀ ਟੀਮ ਵੱਲੋਂ ਜੀਤਾ ਪਤਨੀ ਗੁਰਦੇਵ ਸਿੰਘ ਉਰਫ਼ ਦੇਬੀ ਕਿੰਗਰਾ ਚੋਅਵਾਲਾ (ਭੋਗਪੁਰ) ਪਾਸੋਂ 100 ਨਸ਼ੀਲੀਆ ਗੋਲ਼ੀਆਂ ਬਰਾਮਦ ਅਤੇ ਗੁਰਵਿੰਦਰ ਕੌਰ ਪਤਨੀ ਜਤਿੰਦਰ ਕੁਮਾਰ ਉਰਫ਼ ਸੋਨੂੰ ਵਾਸੀ ਗੰਨਾ ਪਿੰਡ (ਫਿਲੌਰ) ਨੂੰ ਕਾਬੂ ਕਰਕੇ ਇਸ ਪਾਸੋਂ 50 ਪਾਬੰਦੀਸ਼ੁਦਾ ਨਸ਼ੀਲੀਆ ਗੋਲੀਆ ਬਰਾਮਦ ਕੀਤੀਆ। ਇਨ੍ਹਾਂ ਵਿਰੁੱਧ ਥਾਣਾ ਫਿਲੌਰ ਵਿਖੇ ਮੁਕੱਦਮਾ ਨੰਬਰ 160 ਮਿਤੀ 27/5/25 ਧਾਰਾ 22 ਬੀ 29/61/85 ਐਨ.ਡੀ.ਪੀ.ਐਸ ਐਕਟ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਜਾਰੀ ਹੈ।

# ਰੂਪਨਗਰ-ਚੰਡੀਗੜ੍ਹ ਹਾਈਵੇ 'ਤੇ ਭਿਓਰਾ ਦੇ ਨਜ਼ਦੀਕ ਫਲਾਈ ਓਵਰ ਦਾ ਕੰਮ ਚੱਲਣ ਕਾਰਨ ਟ੍ਰੈਫਿਕ ਰੂਟ ਬਦਲਿਆ

**ਨਵਾਂਸ਼ਹਿਰ, ਬੰਗਾ (ਅਵਤਾਰ ਕਲੇਰ, ਮਨੋਜ)** ਸੀਨੀਅਰ ਪੁਲਿਸ ਕਪਤਾਨ ਰੂਪਨਗਰ ਗੁਲਨੀਤ ਸਿੰਘ ਖੁਰਾਣਾ ਨੇ ਆਮ ਪਬਲਿਕ ਨੂੰ ਸੂਚਿਤ ਕਰਦਿਆਂ ਦੱਸਿਆ ਕਿ ਰੂਪਨਗਰ-ਚੰਡੀਗੜ੍ਹ ਹਾਈਵੇ ਤੇ ਪਿੰਡ ਭਿਓਰਾ ਦੇ ਨਜ਼ਦੀਕ ਫਲਾਈ ਓਵਰ ਦਾ ਕੰਮ ਚੱਲਣ ਕਾਰਨ ਜਾਮ ਲੱਗ ਰਹੇ ਹਨ ਜਿਸ ਤੋਂ ਬੱਚਣ ਲਈ ਅਗਲੇ ਤਿੰਨ ਮਹੀਨੇ ਤੱਕ ਐਸ.ਬੀ.ਐਸ. ਨਗਰ (ਨਵਾਂਸ਼ਹਿਰ) ਸਾਇਡ ਤੋਂ ਚੰਡੀਗੜ੍ਹ ਜਾਣ ਵਾਲੇ ਵਾਹਨ ਵਾਇਆ ਸ਼੍ਰੀ ਚਮਕੌਰ ਸਾਹਿਬ ਤੋਂ ਚੰਡੀਗੜ੍ਹ ਜਾ ਸਕਦੇ ਹਨ ਅਤੇ ਨੰਗਲ ਸਾਇਡ ਤੋਂ ਚੰਡੀਗੜ੍ਹ ਜਾਣ ਵਾਲੇ ਵਾਹਨ ਵਾਇਆ ਨਾਲਾਗੜ੍ਹ-ਬੱਦੀ ਤੋਂ ਚੰਡੀਗੜ੍ਹ ਜਾ ਸਕਦੇ ਹਨ।

# ਪੰਜਾਬ ਸਿੱਖਿਆ ਕ੍ਰਾਂਤੀ 1.53 ਲੱਖ ਦੀ ਲਾਗਤ ਨਾਲ ਬਦਲੀ 15 ਸਕੂਲਾਂ ਦੀ ਨੁਹਾਰ



**ਕਪੂਰਥਲਾ (ਬਲਵੀਰ ਸ਼ਾਲ੍ਹਾਪੁਰੀ)**- ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਸਿੱਖਿਆ ਕ੍ਰਾਂਤੀ ਤਹਿਤ ਜ਼ਿਲ੍ਹੇ ਦੇ 15 ਹੋਰ ਸਕੂਲਾਂ ਅੰਦਰ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ।ਵਿਕਾਸ ਕੰਮਾਂ ਵਿਚ ਮੁੱਖ ਤੌਰ 'ਤੇ ਐਡੀਸ਼ਨਲ ਕਲਾਸ ਰੂਮਾਂ ਦੀ ਉਸਾਰੀ, ਸਾਇੰਸ ਲੈਬ ਦੀ ਉਸਾਰੀ ਆਦਿ ਮੁੱਖ ਰੂਪ ਵਿਚ ਸ਼ਾਮਲ ਹਨ।ਭੁਲੱਥ ਹਲਕੇ ਦੇ ਸਕੂਲਾਂ ਤਲਵਾੜਾ, ਬਾਘੂਵਾਲ, ਖਾਨਪੁਰ, ਲੱਖਣ ਕੇ ਪੱਡੇ, ਮੁੱਦੋਵਾਲ, ਤਾਜਪੁਰ ਵਿਖੇ ਲੋਕ ਸਭਾ ਮੈਂਬਰ ਡਾ ਰਾਜ ਕੁਮਾਰ ਚੱਬੇਵਾਲ ਤੇ ਡਾਇਰੈਕਟਰ ਜਲ ਸਰੋਤ ਵਿਭਾਗ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਨੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ। ਇਸੇ ਤਰ੍ਹਾਂ ਕਪੂਰਥਲਾ ਹਲਕੇ ਅੰਦਰ ਸਰਕਾਰੀ ਸਕੂਲ ਬੂਟ ਪੰਧੇਰ ਢੱਕ ਦੋਨਾ, ਕਾਲਾ ਸੰਘਿਆ ਤੇ ਸੈਦੂ ਚੱਠਾ ਵਿਖੇ ਸੰਦੀਪ ਸੈਣੀ, ਚੇਅਰਮੈਨ ਪੰਜਾਬ ਬੀ.ਸੀ. ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਨੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ। ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਹਲਕੇ ਅੰਦਰ ਸਰਕਾਰੀ ਸਕੂਲ ਨਸੀਰਪੁਰ, ਅਮਾਨੀਪੁਰ ਤੇ ਬਿਧੀਪੁਰ ਵਿਖੇ ਚੇਅਰਮੈਨ ਨਗਰ ਸੁਧਾਰ ਟਰੱਸਟ ਸੱਜਣ ਸਿੰਘ ਚੀਮਾ ਵਲੋਂ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ।

# ਆਤਮਾ ਸਕੀਮ ਅਧੀਨ 2 ਦਿਨਾ ਕਿਸਾਨ ਮਾਹਿਰ ਵਾਰਤਾਲਾਪ ਕਰਵਾਇਆ

**ਗੁਰਾਇਆ (ਬਿੰਦਰ ਸੁੰਮਨ)**- ਬਲਾਕ ਰੁੜਕਾ ਕਲਾਂ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਆਤਮਾ ਸਕੀਮ ਅਧੀਨ 2 ਦਿਨਾ ਕਿਸਾਨ ਮਾਹਿਰ ਵਾਰਤਾਲਾਪ ਕਰਵਾਇਆ ਗਿਆ । ਇਸ ਸਕੀਮ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆ ਦੁਆਰਾ ਸਿੱਧੇ ਕਿਸਾਨਾਂ ਨੂੰ ਮਿਲ ਕੇ ਉਹਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਗਏ। ਪ੍ਰੋਗਰਾਮ ਵਿੱਚ ਖੇਤੀਬਾੜੀ ਵਿਭਾਗ, ਬਾਗਬਾਨੀ ਵਿਭਾਗ, ਭੂਮੀ ਰੱਖਿਆ ਵਿਭਾਗ ਦੇ ਅਧਿਕਾਰੀਆ ਨੇ ਭਾਗ ਲਿਆ। ਕੇ ਵੀ ਕੇ ਨੂਰਮਹਿਲ ਤੋਂ ਪੀ ਏ ਯੂ ਲੁਧਿਆਣਾ ਦੇ ਸਾਇੰਸਦਾਨਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਬਲਾਕ ਰੁੜਕਾ ਕਲਾਂ ਦੇ ਕਿਸਾਨਾਂ ਨੇ ਇਸ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ।ਉਹਨਾਂ ਦੁਆਰਾ ਝੋਨੇ ਅਤੇ ਮੱਕੀ ਦੀ ਖੇਤੀ ਸੰਬੰਧੀ ਸਵਾਲ ਪੁੱਛੇ ਗਏ। ਕਿਸਾਨਾਂ ਦੁਆਰਾ ਇਹੋ ਜਿਹੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਗਈ। ਕੈਂਪ ਵਿੱਚ ਬਾਗਬਾਨੀ ਵਿਭਾਗ ਤੋਂ ਡਾ. ਬਲਜੀਤ ਸਿੰਘ ਅਤੇ ਡਾਰੁਪਿੰਦਰ ਸਿੰਘ, ਭੂਮੀ ਰੱਖਿਆ ਵਿਭਾਗ ਤੋਂ ਇੰਜੀਨੀਅਰ ਅਮਰਜੀਤ ਸਿੰਘ, ਪੀ ਏ ਯੂ ਲੁਧਿਆਣਾ ਤੋਂ ਡਾ. ਰਾਜਵਿੰਦਰ ਸਿੰਘ ਅਤੇ ਡਾ. ਰੁਹਾਨੀ, ਕੇ ਵੀ ਕੇ ਨੂਰਮਹਿਲ ਤੋਂ ਡਾ. ਹਰਵਿੰਦਰ ਸਿੰਘ ਬੁੱਟਰ ਅਤੇ ਡਾ. ਬਲਬੀਰ ਕੌਰ, ਖੇਤੀਬਾੜੀ ਵਿਭਾਗ ਤੋਂ ਡਾ. ਮਨਦੀਪ ਸਿੰਘ ਅਤੇ ਡਾ. ਪ੍ਰਵੀਨ ਕੁਮਾਰੀ, ਆਤਮਾ ਸਕੀਮ ਤੋਂ ਡਾ. ਵਿਪੁਲ ਛਾਬੜਾ ਡਿਪਟੀ ਪ੍ਰੋਜੈਕਟ ਡਾਇਰੈਕਟਰ ਨੇ ਹਿੱਸਾ ਲਿਆ। ਖੇਤੀਬਾੜੀ ਅਫ਼ਸਰ ਰੁੜਕਾ ਕਲਾਂ ਡਾ. ਅਸ਼ਵਿੰਦਰ ਕੁਮਾਰ ਵਲੋਂ ਸਭ ਕਿਸਾਨਾਂ ਅਤੇ ਮਾਹਿਰ ਦੇ ਆਉਣ 'ਤੇ ਧੰਨਵਾਦ ਕੀਤਾ ਗਿਆ।



# ਵਿਦਿਆਰਥੀਆਂ ਨੂੰ ਬਾਲ ਅਧਿਕਾਰਾਂ ਤੇ ਪੌਕਸੋ ਐਕਟ ਬਾਰੇ ਕੀਤਾ ਜਾਗਰੂਕ

**ਨਵਾਂਸ਼ਹਿਰ (ਮਨੋਜ ਲਾਡੀ):** ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਨੂੰ ਬਾਲ ਅਧਿਕਾਰਾਂ ਤੇ ਪੌਕਸੋ ਐਕਟ ਤੋਂ ਜਾਣੂ ਕਰਵਾਉਣ ਲਈ ਸ਼ੁਰੂ ਕੀਤੀ ਲੜੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਕਰੀਹਾ ਦੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ।ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਨਿਰਦੇਸ਼ਾਂ 'ਤੇ ਜਾਗਰੂਕਤਾ ਸੈਮੀਨਾਰ ਰਾਹੀਂ ਲੜਕੇ-ਲੜਕੀਆਂ ਦੇ ਸਰਬਪੱਖੀ ਵਿਕਾਸ ਲਈ ਲੋੜੀਂਦੇ ਮਾਹੌਲ ਅਤੇ ਸੁਰੱਖਿਆ ਕਾਨੂੰਨਾ ਬਾਰੇ ਜਾਣਕਾਰੀ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਜਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਨੇ ਦੱਸਿਆ ਕਿ ਜਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਅਗਵਾਈ 'ਚ ਵਿਦਿਆਰਥੀਆਂ ਅਤੇ ਸਕੂਲ ਦੇ ਸਟਾਫ ਨੂੰ ਬਾਲ ਅਧਿਕਾਰਾਂ ਅਤੇ ਪੋਕਸੋ ਐਕਟ ਬਾਰੇ ਵਿਸਥਾਰ 'ਚ ਜਾਣੂੰ ਕਰਵਾਇਆ ਗਿਆ । ਚਾਈਲਡ ਲਾਈਨ (ਜਿਲ੍ਹਾ ਬਾਲ ਸੁਰੱਖਿਆ ਯੂਨਿਟ) ਦੇ ਸੁਪਰਵਾਈਜ਼ਰ ਨਰੇਸ਼ ਕੁਮਾਰ ਵੱਲੋਂ ਸੈਮੀਨਾਰ 'ਚ ਦੱਸਿਆ ਗਿਆ ਕਿ ਸਰਕਾਰ ਵੱਲੋਂ ਬੱਚਿਆਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਲਈ ਪੋਕਸੋ ਐਕਟ ਲਾਗੂ ਕੀਤਾ ਗਿਆ ਹੈ ਤਾਂ ਜੋ 18 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਐਕਟ ਤਹਿਤ ਕਾਨੂੰਨ ਅਨੁਸਾਰ 18 ਸਾਲ ਤੱਕ ਦੇ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਲਈ ਸਖ਼ਤ ਤੋਂ ਸਖ਼ਤ ਸਜ਼ਾ ਦੀ ਵਿਵਸਥਾ ਹੈ।ਇਸ ਮੌਕੇ ਸਕੂਲ ਪ੍ਰਿੰਸੀਪਲ ਅਮਨਦੀਪ ਅਹਾਲੂਵਾਲੀਆ, ਸਕੂਲ ਦੇ ਬੱਚਿਆਂ ਦੇ ਨਾਲ-ਨਾਲ ਸਕੂਲ ਦੇ ਸਟਾਫ ਮੈਂਬਰ ਵੀ ਹਾਜ਼ਰ ਸਨ।



# ਕੰਡਾ ਪਰਵਾਰ ਵੱਲੋਂ ਸਕੂਲ ਨੂੰ ਰਾਸ਼ੀ ਦਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਪ੍ਰਵਾਸੀ ਭਾਰਤੀ ਰਾਜਨ ਕੰਡਾ ਉਨ੍ਹਾਂ ਦੀ ਮਾਤਾ ਸ਼੍ਰੀਮਤੀ ਸਤਿਆ ਦੇਵੀ ਅਤੇ ਪਿਤਾ ਕਿਸ਼ਨ ਚੰਦਰ ਕੰਡਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਭੰਡਾਲ ਹਿੰਮਤ ਗੋਦ ਲੈਂਦੇ ਹੋਏ ਸਕੂਲ ਦੀ ਨੁਹਾਰ ਬਦਲਣ ਲਈ ਪਹਿਲੇ ਚਰਨ 'ਚ ਚਾਰ ਏ.ਸੀ ਲਗਵਾਕੇ ਸਕੂਲ ਨੂੰ ਏਅਰ ਕੰਡੀਸ਼ਨਡ ਬਣਾਇਆ। ਇਸ ਤੋਂ ਇਲਾਵਾਂ ਪਿੰਡ ਬੜ੍ਹਾਂ ਤੋਂ ਆਉਣ ਵਾਲੇ ਬੱਚਿਆਂ ਲਈ ਇੱਕ ਸਾਲ ਲਈ ਆਟੋ ਦਾ ਕਰਾਇਆ ਅਤੇ ਬੱਚਿਆਂ ਦੀ ਪੜ੍ਹਾਈ ਲਈ ਹੋਰ ਵਧੀਆ ਅਤੇ ਸਚਾਰੂ ਬਣਾਉਣ ਲਈ ਇੱਕ ਪੀ.ਟੀ.ਏ ਅਧਿਆਪਕ ਦੀ ਇੱਕ ਸਾਲ ਦੀ ਤਨਖਾਹ ਦਿੱਤੀ।ਇਹ ਸਾਰਾ ਖਰਚਾ ਦੋ ਲੱਖ ਦੇ ਕਰੀਬ ਆਇਆ।ਸਕੂਲ ਪ੍ਰਬੰਧਕਾਂ ਵੱਲੋਂ ਦਾਨ ਕੀਤੀ ਗਈ ਰਾਸ਼ੀ ਲਈ ਕੰਡਾ ਪਰਵਾਰ ਦਾ ਧੰਨਵਾਦ ਕੀਤਾ।



# ਮਾਹਵਾਰੀ ਦੌਰਾਨ ਔਰਤਾਂ ਨੂੰ ਨਿੱਜੀ ਸਾਫ ਸਫਾਈ ਦਾ ਰੱਖਣਾ ਚਾਹੀਦਾ ਧਿਆਨ : ਡਾ. ਪ੍ਰੇਮ ਕੁਮਾਰ

**ਕਪੂਰਥਲਾ (ਮਨਜੀਤ ਮਾਨ)** ਸਿਵਲ ਸਰਜਨ ਕਪੂਰਥਲਾ ਡਾ. ਰਜੀਵ ਪ੍ਰਾਸ਼ਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਮੁੱਢਲਾ ਸਿਹਤ ਕੇਂਦਰ ਢਿੱਲਵਾਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਬਲਾਕ ਢਿੱਲਵਾਂ ਅਧੀਨ ਵੱਖ-ਵੱਖ ਆਯੁਸ਼ਮਾਨ ਅਰੋਗਿਆ ਕੇਂਦਰ ਵਿੱਚ ਸੀ.ਐਚ.ਓ ਅਤੇ ਏ.ਐਨ.ਐਮ ਵੱਲੋਂ ਮਾਹਵਾਰੀ ਦਿਵਸ ਸੰਬੰਧੀ ਅਡੋਲੋਸੈਂਟ ਲੜਕੀਆਂ ਅਤੇ ਔਰਤਾਂ ਨੂੰ ਮਾਹਵਾਰੀ ਦੀ ਸਫਾਈ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੀਆਂ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਨੇ ਦੱਸਿਆ ਕਿ ਮਾਹਵਾਰੀ ਦੌਰਾਨ ਸਫਾਈ ਨੂੰ ਨਜ਼ਰਅੰਦਾਜ਼ ਕਰਨਾ ਮਹਿੰਗਾ ਪੈ ਸਕਦਾ ਹੈ, ਜਿਸ ਕਾਰਨ ਇਸ ਨਾਲ ਇਨਫੈਕਸ਼ਨ ਹੋ ਸਕਦੀ ਹੈ ਅਤੇ ਭਵਿੱਖ ਵਿੱਚ ਇਹ ਇਨਫੈਕਸ਼ਨ ਸਰਵਾਈਕਲ ਕੈਂਸਰ ਅਤੇ ਬਾਂਝਪਨ ਦਾ ਕਾਰਨ ਬਣ ਸਕਦੀ ਹੈ। ਮਾਹਵਾਰੀ ਦੌਰਾਨ ਸਫ਼ਾਈ ਦਾ ਧਿਆਨ ਰੱਖਣਾ ਚਾਹੀਦਾ ਹੈ।



# ਗੁਰਾਇਆ ਦੇ ਵਾਰਡ ਨੰਬਰ ਗਿਆਰਾਂ 'ਚ 9 ਲੱਖ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕੰਮ ਸ਼ੁਰੂ



**ਗੁਰਾਇਆ (ਬਿੰਦਰ ਸੁੰਮਨ)**- ਪੰਜਾਬ ਸਰਕਾਰ ਵਲੋਂ ਪਿੰਡਾਂ ਅਤੇ ਸ਼ਹਿਰਾ ਦੇ ਵਿਕਾਸ ਕੰਮ ਵੱਡੀ ਪੱਧਰ 'ਤੇ ਕਰਵਾ ਰਹੀ ਹੈ, ਇੰਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਗੁਰਾਇਆ ਦੇ ਵਾਰਡ ਨੰਬਰ 11 ਵਿੱਚ 9 ਲੱਖ ਦੀ ਲਾਗਤ ਨਾਲ ਕਰਵਾਏ ਜਾ ਰਹੇ ਵਿਕਾਸ ਕੰਮਾਂ ਦੇ ਉਦਘਾਟਨ ਮੌਕੇ ਕਹੇ, ਉਨ੍ਹਾਂ ਕਿਹਾ ਕਿ ਨਗਰ ਕੌਂਸ਼ਲ ਦੀਆਂ ਚੋਣਾ ਸਮੇਂ ਜੋ ਸ਼ਹਿਰ ਵਾਸੀਆਂ ਨਾਲ ਵਾਅਦੇ ਕੀਤੇ ਸਨ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ, ਆਉਣ ਵਾਲੇ ਦਿਨਾਂ ਵਿੱਚ ਗੁਰਾਇਆ ਦੇ ਹਰੇਕ ਵਾਰਡ ਵਿੱਚ ਵਿਕਾਸ ਕੰਮ ਸ਼ੁਰੂ ਕਰਵਾਏ ਜਾਣਗੇ। ਇਸ ਮੌਕੇ ਵਾਰਡ ਕੌਂਸ਼ਲਰ ਬਲਵਿੰਦਰ ਕੌਰ ਨੇ ਹਲਕਾ ਇੰਚਾਰਜ ਅਤੇ ਪੰਜਾਬ ਸਰਕਾਰ ਦੇ ਧੰਨਵਾਦ ਕੀਤਾ। ਇਸ ਮੌਕੇ ਨਗਰ ਕੌਂਸ਼ਲ ਦੇ ਪ੍ਰਧਾਨ ਹਰਮੇਸ਼ ਲਾਲ, ਈ ਓ ਮਨਦੀਪ ਕੁਮਾਰ, ਸੰਜੀਵ ਕੁਮਾਰ ਹੀਰ, ਸੀਨੀਅਰ ਵਾਇਸ ਪ੍ਰਧਾਨ ਸ਼ੁਦੇਸ ਕੁਮਾਰ, ਬਲਵਿੰਦਰ ਕੌਰ, ਯਤਿਨ ਸ਼ਰਮਾ, ਸੁਨੀਲ ਮਨੋਤਾ, ਗੁਰਵਿੰਦਰ ਨੌਰਾ, ਜਸਵੀਰ ਸਿੰਘ, ਲਖਵਿੰਦਰ ਸਿੰਘ, ਕਰਨ ਫਾਡੇ, ਹਰਮੇਲ ਸਿੰਘ ਢਿੱਲੋਂ, ਡਾਕਟਰ ਬਲਕਾਰਸਿੰਘ, ਅੰਸ਼ੂ ਹੀਰ, ਰਾਕੇਸ਼ ਕੁਮਾਰ ਗੁਪਤਾ, ਮਹਿਕ ਹੀਰ, ਜਯੋਤੀ ਤਲਵਾੜ, ਸਰਬਜੀਤ ਕੌਰ ਮੰਜੂ, ਦਲਜੀਤ ਕੌਰ, ਜਸਵਿੰਦਰ ਕੌਰ, ਨੀਲਮ , ਪ੍ਰਵੀਨ , ਪੂਨਮ, ਜਯੋਤੀ ਤੋਂ ਇਲਾਵਾ ਵਾਰਡ ਵਾਸੀ ਹਾਜ਼ਰ ਸਨ।

# ਬਾਬਾ ਪੰਜ ਪੀਰ ਦੇ ਅਸਥਾਨ 'ਤੇ ਕਰਵਾਏ ਮੇਲੇ ਦੌਰਾਨ ਦਲਵਿੰਦਰ ਦਿਆਲਪੁਰੀ ਨੇ ਮੇਲਾ ਲੁੱਟਿਆ

**ਕਾਲਾ ਸੰਘਿਆਂ (ਮਨਜੀਤ ਮਾਨ)** ਜ਼ਿਲ੍ਹਾ ਜਲੰਧਰ ਦੇ ਅਧੀਨ ਪੈਂਦੇ ਪਿੰਡ ਅਈਆ ਦੇ ਦਰਬਾਰ ਬਾਬਾ ਪੰਜ ਪੀਰ ਦੇ ਅਸਥਾਨ 'ਤੇ ਸਾਲਾਨਾ ਮੇਲਾ ਪਿੰਡ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਪੰਜ ਪੀਰ ਦਰਬਾਰ ਦੀ ਪ੍ਰਬੰਧਕ ਕਮੇਟੀ ਵੱਲੋਂ ਚਾਦਰ ਤੇ ਝੰਡੇ ਦੀ ਰਸਮ ਅਦਾ ਕੀਤੀ ਗਈ ਉਪਰੰਤ ਪੰਜਾਬ ਦੇ ਪ੍ਰਸਿੱਧ ਗਾਇਕ ਦਲਵਿੰਦਰ ਦਿਆਲਪੁਰੀ ਨੇ ਨ੍ਹੇਰੀਆਂ ਲਿਆ ਦਊ ਬਿੱਲੋ ਨ੍ਹੇਰੀਆਂ ਆਪਣੇ ਅਨੇਕਾਂ ਸੁਪਰਹਿਟ ਗੀਤ ਗਾ ਕੇ ਮੇਲੇ ਵਿੱਚ ਖੂਬ ਰੰਗ ਬੰਨ੍ਹਿਆ। ਇਸ ਮੌਕੇ ਹੈਪੀ ਰੰਧਾਵਾ, ਗਾਇਕਾਂ ਬੀਬਾ ਮਨੀਸ਼ਾ ਦੀਪਕ ਨੇ ਦਰਬਾਰ ਤੇ ਆਪਣੇ ਨਵੇਂ ਪੁਰਾਣੇ ਗੀਤ ਗਾ ਕੇ ਖੂਬ ਰੰਗ ਬੰਨ੍ਹਿਆ ਇਸ ਮੌਕੇ ਮੋਹਨ ਸਿੰਘ, ਲਖਵਿੰਦਰ ਸਿੰਘ, ਜਸਮੇਲ ਸਿੰਘ, ਕਰਮਚੰਦ, ਕਰਮਪਾਲ ਸਿੰਘ, ਬਲਜੀਤ ਸਿੰਘ, ਲਖਵੀਰ ਸਿੰਘ, ਮਨਜਿੰਦਰ ਸਿੰਘ,ਚੈਨ ਸਿੰਘ, ਬਲਜਿੰਦਰ ਸਿੰਘ, ਕੁਲਵੰਤ ਸਿੰਘ ਸ਼ਿੰਗਾਰਾ ਸਿੰਘ, ਜਸਵਿੰਦਰ ਸਿੰਘ ਸਾਬਕਾ ਮੈਂਬਰ ਪੰਚਾਇਤ ਆਧੀ, ਪੱਤਰਕਾਰ ਲਖਵਿੰਦਰ ਆਧੀ, ਹਰਨੇਕ ਸਿੰਘ, ਬਲਦੇਵ ਕੁਮਾਰ ਪਤੀ ਸਰਪੰਚ, ਲੱਖੀ ਟੇਲਰ, ਯਾਦਵ ਯਾਦੋ, ਬਲਵੀਰ ਸਿੰਘ ਮੱਟੂ, ਗਾਇਕ ਜਗਤਾਰ ਸਿੰਘ ਤਾਰੀ , ਤੋਂ ਇਲਾਵਾ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।



# ਲ਼ਾਇਨਜ਼ ਕਲੱਬ ਗਰੇਟਰ ਅਰਮਾਨ ਵੱਲੋਂ ਬੱਚਿਆਂ ਨੂੰ ਬੂਟ ਤੇ ਸਟੇਸ਼ਨਰੀ ਪ੍ਰਦਾਨ



**ਫਗਵਾੜਾ (ਜਸਵਿੰਦਰ ਢੱਡਾ)** ਨਵੇਂ ਅਕਾਦਮਿਕ ਸੈਸ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ ਲਾਇਨਜ਼ ਕਲੱਬ ਫਗਵਾੜਾ ਗਰੇਟਰ ਅਰਮਾਨ ਵੱਲੋਂ ਪ੍ਰਧਾਨ ਅਵਤਾਰ ਸਿੰਘ ਮੰਡ ਦੀ ਅਗਵਾਈ ਵਿੱਚ ਸਰਕਾਰੀ ਹਾਈ ਸਕੂਲ ਮੇਹਟਾਂ ਵਿਖੇ ਹਾਈ ਸਕੂਲ ਦੇ ਬੱਚਿਆਂ ਨੂੰ ਬੂਟ, ਜੁਰਾਬਾਂ ਅਤੇ ਸਟੇਸ਼ਨਰੀ ਪ੍ਰਦਾਨ ਕੀਤੀ ਗਈ।ਇਸ ਸਬੰਧੀ ਸਕੂਲ ਵਿਖੇ ਆਯੋਜਿਤ ਸਮਾਗਮ ਵਿੱਚ ਪ੍ਰਧਾਨ ਮੰਡ ਨੇ ਦੱਸਿਆ ਕਿ ਲਾਇਨਜ਼ ਕਲੱਬ ਵਲੋਂ ਬੱਚਿਆਂ ਦੀ ਪੜ੍ਹਾਈ 'ਚ ਮਦਦ ਕਰਨ ਦਾ ਇਹ ਸਥਾਈ ਪ੍ਰੋਜੈਕਟ ਹੈ ਅਤੇ ਕਈ ਸਕੂਲਾਂ ਵਿੱਚ ਆਯੋਜਿਤ ਕੀਤਾ ਜਾਂਦਾ ਹੈ । ਕਲੱਬ ਦਾ ਸਵਾਗਤ ਕਰਦਿਆਂ ਸਕੂਲ ਮੁਖੀ ਮੈਡਮ ਹਰਿੰਦਰ ਕੌਰ ਸੇਠੀ ਨੇ ਦੱਸਿਆ ਕਿ ਅਜਿਹੇ ਪ੍ਰੋਜੈਕਟਾਂ ਨਾਲ ਬੱਚਿਆਂ ਦਾ ਉਤਸ਼ਾਹ ਵਧਦਾ ਹੈ। ਪ੍ਰੋਗਰਾਮ ਦੌਰਾਨ ਵਿਸ਼ੇਸ਼ ਰੂਪ ਵਿੱਚ ਪਹੁੰਚੇ ਸਰਪੰਚ ਸੁਦੇਸ਼ ਕੁਮਾਰ ਅਤੇ ਸਾਬਕਾ ਸਰਪੰਚ ਕਸ਼ਮੀਰ ਸਿੰਘ ਨੰਬਰਦਾਰ ਨੇ ਕਿਹਾ ਕਿ ਅਵਤਾਰ ਸਿੰਘ ਮੰਡ ਇਸੇ ਸਕੂਲ ਤੋਂ ਪੜ੍ਹੇ ਹੋਣ ਕਾਰਨ ਸਕੂਲ ਨਾਲ ਵਿਸ਼ੇਸ਼ ਲਗਾਅ ਰੱਖਦੇ ਹਨ। ਸਾਬਕਾ ਸਰਪੰਚ ਮਨਜਿੰਦਰ ਸਿੰਘ ਮੇਹਟ ਨੇ ਕਿਹਾ ਕਿ ਧਾਰਮਿਕ ਸਥਾਨਾਂ ਵਾਂਗ ਵਿੱਦਿਅਕ ਸੰਸਥਾਨਾਂ ਨੂੰ ਸਹਿਯੋਗ ਮਿਲੇ ਤਾਂ ਸਿੱਖਿਆ ਖੇਤਰ ਵਿੱਚ ਸਕਾਰਾਤਮਿਕ ਤਬਦੀਲੀ ਦਰਜ ਹੋ ਸਕਦੀ ਹੈ।ਸਕੂਲ ਮੁਖੀ ਹਰਿੰਦਰ ਕੌਰ ਸੇਠੀ ਨੇ ਇਸ ਸੇਵਾ ਪ੍ਰੋਜੈਕਟ ਲਈ ਲਾਇਨਜ਼ ਕਲੱਬ ਦਾ ਧੰਨਵਾਦ ਕੀਤਾ।

# ਡੇਰਾ ਚੱਕ ਕਲਾਲ ਵਿਖੇ ਸੰਤਾਂ ਦੀ ਬਰਸੀ ਸਮਾਗਮ ਕਰਵਾਏ

**ਬੰਗਾ (ਅਵਤਾਰ ਕਲੇਰ)** ਸੰਤ ਬਾਬਾ ਅਮਰ ਦਾਸ ਉਦਾਸੀ ਢੱਕੀ ਵਾਲਿਆਂ ਦਾ ਸਾਲਾਨਾ ਬਰਸੀ ਸਮਾਗਮ, ਤਪ ਅਸਥਾਨ ਅਮਰਪੁਰੀ ਕੁਟੀਆ ਚੱਕ ਕਲਾਲ ਵਿਖੇ ਗੱਦੀ ਨਸ਼ੀਨ ਸੰਤ ਬਾਬਾ ਸੁਖਦੇਵ ਸਿੰਘ ਦੀ ਅਗਵਾਈ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ।ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਗੱਦੀ ਨਸ਼ੀਨ ਸੰਤ ਸੁਖਦੇਵ ਸਿੰਘ ਵਲੋਂ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਨਿਹਾਲ ਕੀਤਾ। ਉਹਨਾਂ ਕਿਹਾ ਕਿ ਗੁਰੂਆਂ ਦੀ ਬਾਣੀ ਸੁਣ ਕੇ ਆਪਣਾ ਜੀਵਨ ਸਫ਼ਲ ਕਰੋ।ਵੱਖ ਵੱਖ ਦਰਬਾਰਾਂ ਤੋਂ ਸੰਤ ਮਹਿੰਦਰ ਦਾਸ ਬੀਰਮਪੁਰ, ਸੰਤ ਕਪੂਰ ਦਾਸ ਜਲੰਧਰ, ਸੰਤ ਸ਼ਾਮ ਦਾਸ ਝੰਡੇਰਾਂ, ਸੰਤ ਸਤਨਾਮ ਦਾਸ ਪੰਡੋਰੀ, ਸੰਤ ਆਤਮਾ ਰਾਮ ਅੱਪਰਾ, ਸੰਤ ਰਣਜੀਤ ਸਿੰਘ, ਸੰਤ ਸਰਬਜੀਤ ਸਿੰਘ, ਸੰਤ ਨਿਰਭੈਅ ਸਿੰਘ, ਸੰਤ ਦਲਜੀਤ ਸਿੰਘ ਸੋਢੀ ਮਾਹਿਲਪੁਰ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਕਲਾਕਾਰਾਂ ਅਤੇ ਰਾਗੀ ਢਾਡੀਆਂ ਨੇ ਸੰਗਤਾਂ ਨੂੰ ਬਾਣੀ ਨਾਲ ਜੋੜਿਆ। ਮਾਸਟਰ ਸੋਮ ਨਾਥ ਵਲੋਂ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਗੱਦੀ ਨਸ਼ੀਨ ਸੰਤ ਬਾਬਾ ਸੁਖਦੇਵ ਸਿੰਘ ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ।



# ਕੌਮੀ ਇਨਸਾਫ ਮੋਰਚਾ ਵੱਲੋਂ ਐੱਸ ਡੀ ਐੱਮ ਦੇ ਰਾਹੀਂ ਰਾਸ਼ਟਰਪਤੀ ਦੇ ਨਾਂਅ ਮੰਗ ਪੱਤਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਪੰਜਾਬ ਦੀਆ ਵੱਖ ਵੱਖ ਜਥੇਬੰਦੀਆ ਕੌਮੀ ਇਨਸਾਫ ਮੋਰਚੇ ਦੇ ਸੱਦੇ 'ਤੇ ਕਿਸਾਨ, ਮਜਦੂਰ ਧਾਰਮਿਕ ਅਤੇ ਵਪਾਰੀ ਜਥੇਬੰਦੀਆ ਵੱਲੋਂ ਸੁਖਜੀਤ ਸਿੰਘ ਖੋਸਾ ਦੀ ਅਗਵਾਈ ਹੇਠ ਸੁਲਤਾਨਪੁਰ ਲੋਧੀ ਦੀ ਐੱਸ ਡੀ ਐਮ ਨੂੰ ਮੰਗ ਪੱਤਰ ਸੌਂਪਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੁਖਜੀਤ ਸਿੰਘ ਖੋਸਾ ਨੇ ਕਿਹਾ ਕਿ ਮੁੱਖ ਮੰਤਰੀ ਵਿਰੁੱਧ ਅਤੇ ਮੋਦੀ ਸਰਕਾਰ ਦੀਆ ਜੰਗੀ ਨੀਤੀਆ ਵਿਰੁੱਧ ਚੇਤਾਵਨੀ ਪੱਤਰ ਭੇਜ ਰਹੇ ਹਾਂ।ਰੋਜ਼ਾਨਾ ਝੂਠੇ ਪੁਲਸ ਮੁਕਾਬਲੇ ਪੁਲਸ ਹਿਰਾਸਤ ਵਿੱਚ ਮੌਤਾਂ ਹੋ ਰਹੀਆਂ ਹਨ।ਭਰਿਸ਼ਟਾਚਾਰ, ਨਸ਼ੇ ਹਰ ਖੇਤਰ ਦੇ ਮਾਫੀਆ ਗਰੋਹ ਨਜਾਇਜ਼ ਪੁਲਸ ਗ੍ਰਿਫਤਾਰੀਆ, ਸਾਲਾ ਬੰਧੀ ਬਿਨਾ ਮੁਕੱਦਮੇ ਚਲਾਏ, ਜਾ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਐਡਵੋਕੇਟ ਸਤਨਾਮ ਸਿੰਘ ਮੋਮੀ, ਐਡਵੋਕੇਟ ਬਲਵਿੰਦਰ ਸਿੰਘ ਮੋਮੀ ਆਦਿ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ



# ਪੁਲਸ ਮੁਲਾਜ਼ਮ ਘਰ ਚੋਰੀ



**ਸੁਲਤਾਨਪੁਰ ਲੋਧੀ/ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)** ਜ਼ਿਲ੍ਹਾ ਕਪੂਰਥਲਾ ਦੇ ਥਾਣਾ ਬੇਗੋਵਾਲ ਅਧੀਨ ਆਉਦੇ ਪਿੰਡ ਟਾਂਡੀ ਦਾਖਲੀ ਵਿਖੇ ਚੋਰਾਂ ਨੇ ਚਿੱਟੇ ਦਿਨ ਪੰਜਾਬ ਪੁਲਸ ਦੇ ਸਬ ਇੰਸਪੈਕਟਰ ਧਰਮਿੰਦਰ ਸਿੰਘ ਦੇ ਘਰ ਦਾਖਲ ਹੋ ਕੇ ਉਥੇ ਪਈ ਨਗਦੀ ਤੇ ਜੇਵਰ ਚੋਰੀ ਕਰ ਕੇ ਰਫੂ ਚੱਕਰ ਹੋ ਗਏ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਤੋਸ਼ ਕੌਰ ਪਤਨੀ ਧਰਮਿੰਦਰ ਸਿੰਘ ਨੇ ਦੱਸਿਆ ਕਿ ਉਨਾ ਦੇ ਪਤੀ ਸਬ- ਇੰਸਪੈਕਟਰ ਤੇ ਪਦਉਨਤ ਹੋਣ ਲਈ ਫਿਲੌਰ ਵਿਖੇ ਟਰੇਨਿੰਗ 'ਤੇ ਗਏ ਹੋਏ ਤੇ ਮੈਂ ਬੀਤੀ 27 ਮਈ ਨੂੰ ਘਰ ਨੂੰ ਤਾਲਾ ਲਗਾ ਕੇ ਰਿਸ਼ਤੇਦਾਰਾਂ 'ਚ ਹੋ ਰਹੇ ਭੋਗ ਸਮਾਗਮ 'ਚ ਸ਼ਾਮਲ ਹੋਣ ਲਈ ਘਰੋ ਸਵੇਰੇ 8 ਵਜੇ ਘਰੋ ਚਲੀ ਗਈ।ਜਦ ਸ਼ਾਮ 4 ਵਜੇ ਘਰ ਆ ਕੇ ਮੇਨ ਗੇਟ ਦਾ ਤਾਲਾ ਖੋਹਲ ਕੇ ਅੰਦਰ ਗਈ ਤਾਂ ਅੰਦਰ ਮੇਨ ਦਰਵਾਜ਼ੇ ਦਾ ਤਾਲਾ ਟੁਟਿਆ ਹੋਇਆ ਸੀ ਤੇ ਅੰਦਰ ਕਮਰਿਆਂ 'ਚ ਬਣੀਆਂ ਅਲਮਾਰੀਆਂ ਦਾ ਸਮਾਨ ਖਿਲਰਿਆ ਪਿਆ ਸੀ ਮੈਂ ਇਕੱਲੀ ਹੋਣ ਕਰਕੇ ਇਹ ਸਭ ਵੇਖ ਕੇ ਡਰ ਗਈ ਤੇ ਗੁਆਂਢੀਆਂ ਨੂੰ ਸੱਦ ਕੇ ਲਿਆਦਾਂ , ਜਦ ਸਮਾਨ ਚੈੱਕ ਕੀਤਾ ਤਾਂ 40 ਹਜ਼ਾਰ ਦੀ ਨਗਦੀ, ਦੋ ਤੋਲੇ ਸੋਨਾ, ਕੀਮਤੀ ਸ਼ਰਾਬ ਤੇ ਹੋਰ ਸਮਾਨ ਗਾਇਬ ਸੀ।ਉਨ੍ਹਾ ਦੱਸਿਆ ਕਿ ਚੋਰ ਕੰਧ ਟੱਪ ਕੇ ਘਰ 'ਚ ਦਾਖਲ ਹੋਏ ਤੇ ਅੰਦਰ ਦਰਵਾਜਿਆਂ ਦਾ ਤਾਲਾ ਭੰਨ ਕੇ ਵਾਰਦਾਤ ਨੂੰ ਅੰਜਾਮ ਦਿੱਤਾ।ਸੰਤੋਸ਼ ਕੌਰ ਨੇ ਦੱਸਿਆ ਕਿ ਇਸ ਸਬੰਧੀ ਬੇਗੋਵਾਲ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ ਤੇ ਉਨ੍ਹਾ ਮੌਕੇ ਤੋਂ ਇੱਕ ਲੋਹੇ ਦੀ ਸੱਬਲ ਆਪਣੇ ਕਬਜ਼ੇ 'ਚ ਲੈ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਡਿਪਟੀ ਕਮਿਸ਼ਨਰ ਵੱਲੋਂ ਸਰਕਾਰੀ ਸਕੂਲਾਂ ਦੇ ਟਾਪਰਜ਼ ਨਾਲ ਮੁਲਾਕਾਤ

**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਗੁਣਵੱਤਾ ਨੂੰ ਨਵੇਂ ਦਿਸਹੱਦੇ ਦੇਣ ਅਤੇ ਆਧੁਨਿਕ ਪੱਧਰ 'ਤੇ ਲਿਜਾਣ ਲਈ 10ਵੀਂ ਤੇ 12 ਵੀਂ ਦੇ ਜ਼ਿਲ੍ਹੇ 'ਚੋਂ ਪਹਿਲੇ ਤਿੰਨ ਸਥਾਨਾਂ 'ਤੇ ਰਹੇ ਵਿਦਿਆਰਥੀਆਂ ਨੂੰ ਪ੍ਰਸ਼ਾਸ਼ਨਿਕ ਅਨੁਭਵ ਦੇਣ ਲਈ 'ਇੱਕ ਦਿਨ ਡੀ.ਸੀ. ਦੇ ਸੰਗ' ਮੁਹਿੰਮ ਤਹਿਤ ਸਥਾਨਕ ਮੈਰੀਟੋਰੀਅਸ ਸਕੂਲ ਦੇ ਵਿਦਿਆਰਥੀਆਂ ਭਾਵਨਾ, ਅੰਤਰਜੋਤ ਸਿੰਘ ਤੇ ਹਬੀਬ ਨੇ ਡੀ ਸੀ ਕੋਮਲ ਮਿੱਤਲ ਦੇ ਨਾਲ ਸਵੇਰ ਦੇ ਨਾਸ਼ਤੇ ਤੋਂ ਸ਼ੁਰੂ ਹੋਇਆ ਸਫ਼ਰ ਆਈ ਐਸ ਬੀ ਵਿਖੇ ਮੀਟਿੰਗ ਨਾਲ ਸੰਪੂਰਨ ਕੀਤਾ। ਡਿਪਟੀ ਕਮਿਸ਼ਨਰ ਨੇ ਸਵੇਰੇ ਆਪਣੀ ਸਰਕਾਰੀ ਰਿਹਾਇਸ਼ ਵਿਖੇ ਇਨ੍ਹਾਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਅਤੇ ਉਨਾਂ ਨੂੰ ਦੱਸਿਆ ਕਿ ਇੱਕ ਡਿਪਟੀ ਕਮਿਸ਼ਨਰ ਦੀ ਸਵੇਰ ਕਿਸ ਤਰ੍ਹਾਂ ਸ਼ੁਰੂ ਹੁੰਦੀ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਯੋਗਾ ਕਰਵਾਇਆ ਅਤੇ ਉਸ ਤੋਂ ਬਾਅਦ ਉਨ੍ਹਾਂ ਨਾਲ ਨਾਸ਼ਤਾ ਵੀ ਕੀਤਾ। ਉਨ੍ਹਾਂ ਕਿਹਾ ਕਿ ਇਹ ਵਿਦਿਆਰਥੀ ਅੱਜ ਸਾਰਾ ਦਿਨ ਉਨ੍ਹਾਂ ਨਾਲ ਰਹਿ ਕੇ ਡਿਪਟੀ ਕਮਿਸ਼ਨਰ ਦੀਆਂ ਜਿੰਮੇਵਾਰੀਆਂ ਬਾਰੇ ਜਾਣਕਾਰੀ ਲੈਣਗੇ। ਉਨ੍ਹਾਂ ਕਿਹਾ ਕਿ ਇਸ ਨਿੱਕੀ ਜਿਹੀ ਕੋਸ਼ਿਸ਼ ਦਾ ਇੱਕ ਮੰਤਵ ਇਹਨਾਂ ਵਿਦਿਆਰਥੀਆਂ ਦੇ ਅੰਦਰ ਸਿਵਲ ਸੇਵਾਵਾਂ ਜਿਹੇ ਉੱਚ ਪਦਾਂ ਤੱਕ ਪਹੁੰਚਣ ਦੀ ਪ੍ਰੇਰਨਾ ਅਤੇ ਚਿਣਗ ਪੈਦਾ ਕਰਨਾ ਹੈ। 12ਵੀਂ ਜਮਾਤ ਦੇ ਮੈਰੀਟੋਰੀਅਸ ਰੈਜ਼ੀਡੈਂਸ਼ੀਅਲ ਸਕੂਲ, ਸੈਕਟਰ-70 ਦੇ ਤਿੰਨ ਟੌਪਰ ਵਿਦਿਆਰਥੀਆਂ ਭਾਵਨਾ ਨੇ 98.2%, ਹਬੀਬ ਨੇ 97.4% ਅਤੇ ਅੰਤਰਜੋਤ ਸਿੰਘ ਨੇ 97.4% ਅੰਕ ਪ੍ਰਾਪਤ ਕੀਤੇ ਹਨ।ਡਿਪਟੀ ਕਮਿਸ਼ਨਰ ਵੱਲੋਂ ਇਹਨਾਂ ਵਿਦਿਆਰਥੀਆਂ ਨੂੰ ਆਪਣੇ ਨਾਲ ਦਫਤਰ ਵਿਖੇ ਲਿਆਂਦਾ ਗਿਆ ਅਤੇ ਉਹਨਾਂ ਨੂੰ ਦਿਖਾਇਆ ਗਿਆ ਕਿ ਡਿਪਟੀ ਕਮਿਸ਼ਨਰ ਦੇ ਸਰਕਾਰੀ ਕਾਰਜ ਕੀ ਹੁੰਦੇ ਹਨ।ਡਿਪਟੀ ਕਮਿਸ਼ਨਰ ਵੱਲੋਂ ਆਪਣੇ ਸਿਵਲ ਸੇਵਾਵਾਂ ਵਿੱਚ ਆਉਣ ਦੇ ਸਫਰ ਬਾਰੇ ਦਿੱਤੀ ਗਈ ਜਾਣਕਾਰੀ ਵੀ ਕਾਫੀ ਦਿਲਚਸਪ ਸੀ ਡਿਪਟੀ ਕਮਿਸ਼ਨਰ ਵੱਲੋਂ ਲਗਾਈ ਗਈ ਅਦਾਲਤ ਵਿੱਚ ਵੀ ਵਿਦਿਆਰਥੀਆਂ ਵੱਲੋਂ ਹਿੱਸਾ ਲਿਆ ਗਿਆ ਅਤੇ ਇਸ ਉਪਰੰਤ ਬੱਚਿਆਂ ਨੂੰ ਇੰਡੀਅਨ ਸਕੂਲ ਆਫ ਬਿਜ਼ਨਸ ਮੋਹਾਲੀ ਵਿਖੇ ਵੀ ਦੌਰਾ ਕਰਵਾਇਆ ਗਿਆ।



# ਮੁੱਖ ਮੰਤਰੀ ਵੱਲੋਂ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਦੇਹਾਂਤ 'ਤੇ ਦੁੱਖ ਪ੍ਰਗਟ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ, ਜਿਨ੍ਹਾਂ ਦਾ ਅੱਜ ਸ਼ਾਮ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ।ਉਹ 89 ਵਰ੍ਹਿਆਂ ਦੇ ਸਨ ਅਤੇ ਉਨ੍ਹਾਂ ਦੇ ਪਰਿਵਾਰ ਵਿੱਚ ਪਿੱਛੇ ਪਤਨੀ, ਪੁੱਤਰ ਅਤੇ ਦੋ ਧੀਆਂ ਹਨ।ਆਪਣੇ ਸ਼ੋਕ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਵੱਲੋਂ ਲੋਕ ਭਲਾਈ ਲਈ ਕੀਤੇ ਅਣਥੱਕ ਯਤਨਾਂ ਨੂੰ ਯਾਦ ਕੀਤਾ।ਦੁਖੀ ਪਰਿਵਾਰ, ਰਿਸ਼ਤੇਦਾਰਾਂ ਅਤੇ ਸਕੇ-ਸੰਬੰਧੀਆਂ ਨਾਲ ਦਿਲੀਂ ਹਮਦਰਦੀ ਜ਼ਾਹਰ ਕਰਦਿਆ ਮੁੱਖ ਮੰਤਰੀ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਸਦੀਵੀਂ ਨਿਵਾਸ ਦੇਣ ਅਤੇ ਪਰਿਵਾਰਕ ਮੈਂਬਰਾਂ ਨੂੰ ਇਹ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਸਹਿਣ ਦਾ ਬਲ ਬਖਸ਼ਣ।

# 'ਪੰਜਾਬ ਸੰਭਾਲੋ ਯਾਤਰਾ' ਨੂੰ ਮਿਲ ਰਿਹਾ ਹੈ ਭਰਵਾਂ ਹੁੰਗਾਰਾ : ਡਾ. ਕਰੀਮਪੁਰੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪੰਜਾਬ ਦੇ ਸਮੇਂ-ਸਮੇਂ ਦੇ ਹਾਕਮਾਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਸਿਵਾਏ ਠੱਗਣ ਅਤੇ ਲੁੱਟਣ ਦੇ ਕੁੱਝ ਵੀ ਨਹੀਂ ਦਿੱਤਾ ਸਗੋਂ ਪੰਜਾਂ ਦਰਿਆਵਾਂ ਦੀ ਧਰਤੀ ਤੇ ਛੇਵਾਂ ਨਸ਼ਿਆਂ ਦਾ ਦਰਿਆ ਪੰਜਾਬ ਦੀ ਪੀੜ੍ਹੀ ਨੂੰ ਬਰਬਾਦ ਕਰ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਰਾਜ ਸਭਾ ਮੈਂਬਰ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਆਪਣੀ ਕੋਟ ਫਤੂਹੀ ਫੇਰੀ ਦੌਰਾਨ ਕੀਤਾ।ਉਹਨਾਂ ਕਿਹਾ ਕਿ ਪੰਜਾਬ ਵਿੱਚ ਰੋਜਾਨਾ ਨਕਲੀ ਸ਼ਰਾਬ ਅਤੇ ਚਿੱਟੇ ਦਾ ਦੈਂਤ ਨੌਜਵਾਨਾਂ ਨੂੰ ਨਿਗਲ ਰਿਹਾ ਹੈ ਅਤੇ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਤਮਾਸ਼ਾ ਦੇਖ ਰਹੀ ਹੈ।ਉਹਨਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ 'ਪੰਜਾਬ ਸੰਭਾਲੋ ਯਾਤਰਾ' ਕੱਢੀ ਜਾ ਰਹੀ ਹੈ ਅਤੇ ਇਸ ਯਾਤਰਾ ਨੂੰ ਜਨਤਾ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਇਸ ਮੌਕੇ ਚੌਧਰੀ ਗੁਰਨਾਮ ਸਿੰਘ, ਨੰਬਰਦਾਰ ਕੁਲਵਰਨ ਸਿੰਘ ਸਿੱਧੂ, ਪ੍ਰਦੀਪ ਕੁਮਾਰ ਹੀਰਾ, ਵਿਸ਼ਾਲ ਬੁਗਰਾ, ਕੁੰਦਨ ਸਿੰਘ ਸਿੱਧੂ ਆਦਿ ਹਾਜ਼ਰ ਸਨ।



# ਐੱਲ ਪੀ ਯੂ ਨੇਸਟ ਸਕਾਲਰਸ਼ਿਪ ਲਈ ਅਰਜ਼ੀ ਦੇਣ ਦੀ ਆਖਰੀ ਮਿਤੀ 31 ਮਈ



**ਜਲੰਧਰ (ਸ਼ੈਲੀ ਐਲਬਰਟ)** ਭਾਰਤ ਦੀਆਂ ਮੋਹਰੀ ਯੂਨੀਵਰਸਿਟੀਆਂ ਵਿੱਚੋਂ ਇੱਕ, ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ (ਐਲਪੀਯੂ) ਵਿੱਚ 2025-26 ਅਕਾਦਮਿਕ ਸੈਸ਼ਨ ਦੇ ਦੂਜੇ ਪੜਾਅ ਲਈ ਦਾਖਲੇ 31 ਮਈ 2025 ਨੂੰ ਬੰਦ ਹੋ ਜਾਣਗੇ।ਦਾਖਲਾ ਲੈਣ ਵਾਲੇ ਵਿਦਿਆਰਥੀ ਆਖਰੀ ਮਿਤੀ ਤੱਕ ਅਧਿਕਾਰਤ ਦਾਖਲਾ ਪੋਰਟਲ ਰਾਹੀਂ ਅਰਜ਼ੀ ਦੇ ਸਕਦੇ ਹਨ।ਇਸ ਦੇ ਨਾਲ ਹੀ ਵੱਧ ਤੋਂ ਵੱਧ ਸਕਾਲਰਸ਼ਿਪ ਸੁਰੱਖਿਅਤ ਕਰਨ ਲਈ ਐਲਪੀਯੂ ਨੇਸਟ ਪ੍ਰਵੇਸ਼ ਪ੍ਰੀਖਿਆ ਲਈ ਰਜਿਸਟਰ ਕਰ ਸਕਦੇ ਹਨ।ਨੈਕ ਦੁਆਰਾ ਸਭ ਤੋਂ ਵੱਧ 1++ ਗ੍ਰੇਡ ਨਾਲ ਮਾਨਤਾ ਪ੍ਰਾਪਤ, ਐਲਪੀਯੂ ਆਪਣੇ ਉੱਤਮ ਅਕਾਦਮਿਕ ਅਤੇ ਉੱਚ ਸਿੱਖਿਆ ਲਈ ਭਵਿੱਖ ਮੁਖੀ ਤਬਦੀਲੀਆਂ ਨੂੰ ਅਪਣਾਉਣ ਲਈ ਜਾਣਿਆ ਜਾਂਦਾ ਹੈ। ਵਿਦਿਆਰਥੀ ਵੱਧ ਤੋਂ ਵੱਧ ਸਕਾਲਰਸ਼ਿਪ ਪ੍ਰਾਪਤ ਕਰਨ ਅਤੇ ਇੱਕ ਸਿੱਖਣ ਦੇ ਵਾਤਾਵਰਣ ਦਾ ਹਿੱਸਾ ਬਣਨ ਲਈ 31 ਮਈ 2025 ਤੱਕ ਅਰਜ਼ੀ ਦੇ ਸਕਦੇ ਹਨ ਜੋ ਤੁਹਾਨੂੰ ਨਾ ਸਿਰਫ਼ ਨੌਕਰੀ ਲਈ ਸਗੋਂ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ ਅਗਵਾਈ ਲਈ ਵੀ ਤਿਆਰ ਕਰਦਾ ਹੈ।

# ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੀ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰਾਮਗੜ੍ਹੀਆ ਸਿੱਖ ਆਰਗੇਨਾਈਜਸ਼ਨ ਇੰਡੀਆ ਦੀ ਪ੍ਰਭਾਵਸ਼ਾਲੀ ਮੀਟਿੰਗ ਮੋਗਾ ਵਿਖੇ ਹੋਈ ਜਿਸ ਵਿੱਚ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਮੇਲ ਸਿੰਘ ਡਰੋਲੀ ਅਤੇ ਸਾਬਕਾ ਪ੍ਰਧਾਨ ਰਾਜਾ ਸਿੰਘ ਭਾਰਤਵਾਲੇ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਅਹਿਮ ਸਖਸ਼ੀਅਤਾਂ ਨੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਟਰੱਸਟ ਦੇ ਚੇਅਰਮੈਨ ਅਤੇ ਰਾਮਗੜ੍ਹੀਆ ਸਿੱਖ ਆਰਗੇਨਾਈਜਸ਼ਨ ਇੰਡੀਆ ਦੇ ਪ੍ਰਧਾਨ ਹਰਦੇਵ ਸਿੰਘ ਕੌਂਸਲ, ਹਰਬੰਸ ਸਿੰਘ ਟਾਂਡਾ ਮੀਤ ਪ੍ਰਧਾਨ ਆਰਐਸਓ ਪੰਜਾਬ ਅਤੇ ਟਰੱਸਟ ਪ੍ਰਧਾਨ, ਲਖਵੀਰ ਸਿੰਘ ਦਸੂਹਾ ਜ਼ਿਲ੍ਹਾ ਮੀਤ ਪ੍ਰਧਾਨ, ਦਵਿੰਦਰ ਸਿੰਘ ਘੋਗਰਾ ਜਨਰਲ ਸਕੱਤਰ ਅਤੇ ਯੂਥ ਆਗੂ ਗੁਰਸੇਵਕ ਸਿੰਘ ਕੌਂਸਲ ਸ਼ਾਮਲ ਹੋਏ। ਇਸ ਮੌਕੇ ਆਪਣੇ ਸੰਬੋਧਨ ਵਿੱਚ ਹਰਦੇਵ ਸਿੰਘ ਕੌਂਸਲ ਚੇਅਰਮੈਨ ਨੇ ਰਾਮਗੜ੍ਹੀਆ ਭਾਈਚਾਰੇ ਦੀ ਬੇਹਤਰੀ ਅਤੇ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਵਿਰਾਸਤੀ ਅਸਥਾਨ ਇਤਿਹਾਸਿਕ ਕਿਲ੍ਹਾ ਸਿੰਘਪੁਰ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਸਿੱਖ ਪੰਥ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਲਈ ਪੰਜਾਬ ਅੰਦਰ ਇੱਕ 11 ਮੈਂਬਰੀ ਕਮੇਟੀ ਬਣਾਈ ਜਾਵੇਗੀ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਸਮੀਖਿਆ ਕਰੇਗੀ ਅਤੇ ਸਮਾਂ ਆਉਣ ਤੇ ਢੁੱਕਵਾਂ ਫੈਸਲਾ ਲਵੇਗੀ। ਇਸ ਮੌਕੇ ਮੋਗੇ ਤੋਂ ਦੋ ਸਖਸ਼ੀਅਤਾਂ ਨੂੰ ਰਾਮਗੜ੍ਹੀਆ ਸਿੱਖ ਔਰਗਨਾਈਜੇਸ਼ਨ ਚ ਸ਼ਾਮਲ ਕੀਤਾ ਗਿਆ ਜਿਸ ਵਿੱਚ ਚਰਨਜੀਤ ਸਿੰਘ ਝੰਡੇਆਨਾ ਨੂੰ ਮੀਤ ਪ੍ਰਧਾਨ ਇੰਡੀਆ ਅਤੇ ਗਿਆਨ ਸਿੰਘ ਸਾਬਕਾ ਡੀਪੀਆਰਓ ਨੂੰ ਵਰਲਡ ਜਰਨਲਿਸਟ ਕਮ ਮੀਡੀਆ ਟਰੱਸਟੀ ਨਿਯੁਕਤ ਕਰਕੇ ਨਿਯੁਕਤੀ ਪੱਤਰ ਦਿੱਤੇ।




# ਨਗਰ ਨਿਗਮ ਵੱਲੋਂ ਪਲਾਸਟਿਕ ਪਿਕਅੱਪ ਮੁਹਿੰਮ ਸ਼ੁਰੂ



**ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ)** ਵਿਸ਼ਵ ਵਾਤਾਵਰਣ ਦਿਵਸ 2025 ਦੇ ਮੌਕੇ ਨਗਰ ਨਿਗਮ ਫਗਵਾੜਾ ਨੇ ਮੇਅਰ ਰਾਮਪਾਲ ਉੱਪਲ ਅਤੇ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਦੀ ਅਗਵਾਈ ਹੇਠ ਇੱਕ ਪਲਾਸਟਿਕ ਪਿਕ-ਅੱਪ ਮੁਹਿੰਮ ਸ਼ੁਰੂ ਕੀਤੀ ਹੈ । ਪੰਜਾਬ ਸਰਕਾਰ ਦੀ ਮੇਰਾ ਵਾਰਡ ਮੇਰੀ ਸ਼ਾਨ ਮੁਹਿੰਮ ਅਤੇ 'ਪਲਾਸਟਿਕ ਪ੍ਰਦੂਸ਼ਣ ਨੂੰ ਹਰਾਓ' ਦੇ ਗਲੋਬਲ ਥੀਮ ਦੇ ਨਾਲ ਜੁੜੀ ਇਸ ਪਹਿਲਕਦਮੀ ਨੇ ਸ਼ਹਿਰ ਦੇ ਨਾਗਰਿਕਾਂ, ਵਿਦਿਆਰਥੀਆਂ ਅਤੇ ਵਲੰਟੀਅਰਾਂ ਨੂੰ ਸਾਫ਼ ਅਤੇ ਹਰਾ-ਭਰਾ ਫਗਵਾੜਾ ਸ਼ਹਿਰ ਬਣਾਉਣ ਲਈ ਇੱਕ ਮੰਚ ਉੱਪਰ ਲੈ ਆਂਦਾ।ਮੇਅਰ ਰਾਮਪਾਲ ਉੱਪਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਜਿਸ ਵਿੱਚ ਸਹਾਇਕ ਕਮਿਸ਼ਨਰ ਅਨੀਸ਼ ਬਾਂਸਲ ਵੀ ਸ਼ਾਮਲ ਸਨ ਨੇ ਦਿਨ ਦੀ ਸ਼ੁਰੂਆਤ ਵਰਿੰਦਰਾ ਪਾਰਕ ਅਤੇ ਮੇਹਲੀ ਗੇਟ ਵਿਖੇ ਵੱਡੇ ਪੱਧਰ 'ਤੇ ਪਲਾਸਟਿਕ ਸਫਾਈ ਵਿੱਚ ਨਿੱਜੀ ਤੌਰ 'ਤੇ ਹਿੱਸਾ ਲੈ ਕੇ ਕੀਤੀ, ਜਿਸ ਦੌਰਾਨ ਪਲਾਸਟਿਕ ਦੀਆਂ ਬੋਤਲਾਂ, ਰੈਪਰ ਅਤੇ ਹੋਰ ਸਿੰਗਲ-ਯੂਜ਼ ਪਲਾਸਟਿਕ ਦੀਆਂ ਚੀਜ਼ਾਂ ਇਕੱਠੀਆਂ ਕੀਤੀਆਂ ਗਈਆਂ। ਇਸ ਮੁਹਿੰਮ ਤੋਂ ਪ੍ਰੇਰਿਤ ਹੋ ਕੇ ਐਸ.ਡੀ. ਕੰਨਿਆ ਮਹਾਵਿਦਿਆਲਾ, ਫਗਵਾੜਾ ਦੇ ਵਿਦਿਆਰਥੀਆਂ ਨੇ ਸਥਾਨਕ ਬਾਜ਼ਾਰਾਂ ਅਤੇ ਮੁਹੱਲਿਆਂ ਵਿੱਚ ਬੈਨਰਾਂ, ਨਾਅਰਿਆਂ ਅਤੇ ਹੱਥ ਨਾਲ ਬਣੇ ਤਖ਼ਤੀਆਂ ਨਾਲ ਮਾਰਚ ਕਰਦੇ ਹੋਏ ਇੱਕ ਉਤਸ਼ਾਹਪੂਰਵਕ ਜਾਗਰੂਕਤਾ ਰੈਲੀ ਕੱਢੀ।

# ਜਲ ਸਪਲਾਈ ਦੇ ਹੈੱਡ ਆਫ਼ਿਸ ਮੋਹਾਲੀ ਵਿਖੇ 9 ਜੂਨ ਨੂੰ ਧਰਨਾ ਪ੍ਰਦਰਸ਼ਨ



**ਜਲੰਧਰ (ਰਾਜੇਸ਼ ਥਾਪਾ)** ਪੀ.ਡਬਲਿਊ.ਡੀ. ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਜੋਨ ਜਲੰਧਰ ਕਪੂਰਥਲਾ ਵੱਲੋਂ ਜਥੇਬੰਦੀ ਦੀ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਨਿਗਰਾਨ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਹਲਕਾ ਜਲੰਧਰ ਦੇ ਦਫ਼ਤਰ ਅੱਗੇ ਜਲ ਸਪਲਾਈ ਸਕੀਮਾਂ ਦੇ ਪੰਚਾਇਤੀ ਕਰਨ ਖਿਲਾਫ ਰੋਸ ਧਰਨਾ ਦਿੱਤਾ ਗਿਆ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਅਮਰੀਕ ਸਿੰਘ ਸੇਖੋਂ, ਪੁਸ਼ਪਿੰਦਰ ਕੁਮਾਰ ਵਿਰਦੀ, ਸੰਜੀਵ ਕੌਂਡਲ, ਤਰਸੇਮ ਮਾਧੋਪੁਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲ ਸਪਲਾਈ ਸਕੀਮਾਂ ਦੇ ਪੰਚਾਇਤੀ ਕਰਨ ਦੀ ਆੜ ਹੇਠ ਨਿਜੀਕਰਣ ਦੀ ਤਿਆਰੀ ਕੀਤੀ ਜਾ ਰਹੀ ਹੈ।ਜਿਸ ਨਾਲ ਆਮ ਲੋਕਾਂ ਤੋਂ ਸਾਫ਼ ਪੀਣ ਵਾਲੇ ਪਾਣੀ ਦਾ ਹੱਕ ਵੀ ਖੋਹਿਆ ਜਾ ਰਿਹਾ ਹੈ।ਜਲ ਸਪਲਾਈ ਵਿਭਾਗ ਦੇ ਨਿੱਜੀਕਰਣ ਹੋਣ ਨਾਲ ਸਾਫ਼ ਪੀਣ ਵਾਲਾ ਪਾਣੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗਾ।ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲ ਸਪਲਾਈ ਸਕੀਮਾਂ ਨੂੰ ਪੰਚਾਇਤਾਂ ਦੇ ਹਵਾਲੇ ਕਰਨਾ ਬੰਦ ਨਹੀਂ ਕੀਤਾ ਤਾਂ 09 ਜੂਨ ਨੂੰ ਹੈੱਡ ਆਫ਼ਿਸ ਮੋਹਾਲੀ ਵਿਖੇ ਜਲ ਸਪਲਾਈ ਦੇ ਮੁਲਾਜ਼ਮ ਪੰਜਾਬ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਕਰਨਗੇ। ਇਸ ਧਰਨੇ ਵਿੱਚ ਹੋਰਨਾਂ ਤੋਂ ਇਲਾਵਾ ਭੁਪਾਲ, ਸੰਜੀਵ ਕੁਮਾਰ,ਰਵੀ ਕੁਮਾਰ, ਰੋਸ਼ਨ ਲਾਲ,ਭੁੱਲਾ ਸਿੰਘ, ਬਲਵਿੰਦਰ ਸਿੰਘ, ਤਰਲੋਕ ਸਿੰਘ, ਜਗਤ ਪਾਲ, ਰਾਜਿੰਦਰ ਕੁਮਾਰ, ਸੁਖਵੀਰ ਸਿੰਘ, ਕਰਮਜੀਤ ਸਿੰਘ,ਓਮ ਪ੍ਰਕਾਸ਼,ਹਰੀ ਰਾਮ, ਸਤਵਿੰਦਰ ਸਿੰਘ,ਅਕਲ ਚੰਦ ਸਿੰਘ, ਨਰੇਸ਼ ਨਾਹਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ ਸ਼ਾਮਲ ਸਨ।

# ਔਰਤ ਵੱਲੋਂ ਸੀਨੀਅਰ ਪੱਤਰਕਾਰ ਤੇ ਭਾਜਪਾ ਕੌਂਸਲਰ ਵਿਰੁੱਧ ਲਗਾਏ ਦੋਸ਼ ਨਿਕਲੇ ਝੂਠੇ

## ਮੁਦਈ ਵਿਰੁੱਧ ਕਾਰਵਾਈ ਦਾ ਹੁਕਮ





**ਫਗਵਾੜਾ ( ਡਾ. ਰਮਨ )**

ਇੱਕ ਵਿਆਹੁਤਾ ਔਰਤ ਦੀ ਸ਼ਿਕਾਇਤ ਦੇ ਆਧਾਰ 'ਤੇ ਫਗਵਾੜਾ ਦੇ ਇੱਕ ਹਿੰਦੀ ਅਖ਼ਬਾਰ ਦੇ ਸੀਨੀਅਰ ਪੱਤਰਕਾਰ ਅਮਿਤ ਓਹਰੀ ਅਤੇ ਭਾਜਪਾ ਕੌਂਸਲਰ ਅਨੁਰਾਗ ਮਨਖੰਡ ਵਿਰੁੱਧ 6 ਫਰਵਰੀ ਨੂੰ ਥਾਣਾ ਸਿਟੀ ਫਗਵਾੜਾ ਵਿੱਚ ਪੁਲਸ ਵੱਲੋਂ ਦਰਜ ਕੀਤੀ ਗਈ ਐਫ ਆਈ ਆਰ ਅਦਾਲਤ ਦੇ ਹੁਕਮਾਂ ਨਾਲ ਰੱਦ ਕਰ ਦਿੱਤੀ ਗਈ ਹੈ। ਇਸ ਪੂਰੇ ਮਾਮਲੇ ਸਬੰਧੀ ਜਲੰਧਰ ਰੇਂਜ ਦੇ ਡੀ.ਆਈ.ਜੀ. ਨਵੀਨ ਸਿੰਗਲਾ ਨੇ ਜਾਂਚ ਦੀ ਜ਼ਿੰਮੇਵਾਰੀ ਹੁਸ਼ਿਆਰਪੁਰ ਪੁਲਸ ਨੂੰ ਸੌਂਪੀ ਸੀ। ਜਾਂਚ ਦੌਰਾਨ ਲੜਕੀ ਵੱਲੋਂ ਲਗਾਏ ਗਏ ਦੋਸ਼ ਬੇਬੁਨਿਆਦ ਸਾਬਤ ਹੋਏ ਹਨ। ਪੁਲਸ ਜਾਂਚ ਵਿੱਚ ਪੱਤਰਕਾਰ ਅਮਿਤ ਓਹਰੀ ਅਤੇ ਕੌਂਸਲਰ ਅਨੁਰਾਗ ਮਨਖੰਡ ਪੂਰੀ ਤਰ੍ਹਾਂ ਬੇਕਸੂਰ ਪਾਏ ਗਏ। ਜਾਂਚ ਅਧਿਕਾਰੀ ਨੇ ਦੋਵਾਂ ਨੂੰ ਕਲੀਨ ਚਿੱਟ ਦਿੰਦਿਆਂ ਦਰਜ ਹੋਈ ਐਫ.ਆਈ.ਆਰ. ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਜਿਸ ਤੋਂ ਬਾਅਦ ਫਗਵਾੜਾ ਸਿਟੀ ਪੁਲਸ ਨੇ ਫਗਵਾੜਾ ਦੀ ਮਾਣਯੋਗ ਅਦਾਲਤ ਵਿੱਚ ਐਫ.ਆਈ.ਆਰ. ਨੰਬਰ 31/2025 ਨੂੰ ਰੱਦ ਕਰਨ ਦੀ ਰਿਪੋਰਟ ਪੇਸ਼ ਕੀਤੀ, ਜਿਸਨੂੰ ਅਦਾਲਤ ਨੇ ਸਵੀਕਾਰ ਕਰ ਲਿਆ ਹੈ। ਇਸ ਦੇ ਨਾਲ ਹੀ ਮਾਣਯੋਗ ਅਦਾਲਤ ਨੇ ਸਥਾਨਕ ਐਸਪੀ/ਐਸ.ਐਚ.ਓ. ਨੂੰ ਉਕਤ ਐਫ.ਆਈ.ਆਰ. ਦਰਜ ਕਰਵਾਉਣ ਵਾਲੀ ਸ਼ਿਕਾਇਤਕਰਤਾ ਔਰਤ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੇ ਹੁਕਮ ਵੀ ਦਿੱਤੇ ਹਨ। ਯਾਦ ਰਹੇ ਕਿ 6 ਫਰਵਰੀ 2025 ਨੂੰ ਇੱਕ ਵਿਆਹੁਤਾ ਔਰਤ ਨੇ ਭਾਜਪਾ ਕੌਂਸਲਰ ਅਨੁਰਾਗ ਮਾਨਖੰਡ 'ਤੇ ਉਸਨੂੰ ਵਿੱਚ ਗੈਸ ਏਜੰਸੀ ਦੇ ਦਫ਼ਤਰ 'ਚ ਬੁਲਾ ਕੇ ਛੇੜਛਾੜ ਕਰਨ ਅਤੇ ਧਮਕੀਆਂ ਦੇਣ ਦਾ ਸੰਗੀਨ ਦੋਸ਼ ਲਗਾਇਆ ਸੀ। ਇਸ ਮਾਮਲੇ 'ਚ ਪੱਤਰਕਾਰ ਅਮਿਤ ਓਹਰੀ 'ਤੇ ਵੀ ਆਪਣੀ ਕਾਰ ਭੇਜ ਕੇ ਉਸਨੂੰ ਫਗਵਾੜਾ ਸਥਿਤ ਉਸਦੇ ਘਰ ਤੋਂ ਲੈ ਜਾਣ ਦਾ ਦੋਸ਼ ਲਗਾਇਆ ਗਿਆ ਸੀ। ਔਰਤ ਦੇ ਬਿਆਨ 'ਤੇ ਦਰਜ ਹੋਈ ਐਫ.ਆਈ.ਆਰ. ਤੋਂ ਬਾਅਦ ਅਮਿਤ ਓਹਰੀ ਨੂੰ ਉਕਤ ਮਾਮਲੇ ਵਿੱਚ ਮਾਣਯੋਗ ਸੈਸ਼ਨ ਕੋਰਟ ਤੋਂ ਜ਼ਮਾਨਤ ਮਿਲ ਗਈ ਸੀ, ਜਦਕਿ ਅਨੁਰਾਗ ਮਾਨਖੰਡ ਦੀ ਗ੍ਰਿਫ਼ਤਾਰੀ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰੋਕ ਲਗਾ ਦਿੱਤੀ ਸੀ। ਇਸ ਦੌਰਾਨ ਦੋਵਾਂ ਦੇ ਪਰਵਾਰਕ ਮੈਂਬਰਾਂ ਨੇ ਉਨ੍ਹਾਂ ਨੂੰ ਬੇਕਸੂਰ ਦੱਸਦੇ ਹੋਏ ਜ਼ਿਲ੍ਹੇ ਤੋਂ ਬਾਹਰ ਜਾਂਚ ਲਈ ਡੀ.ਆਈ.ਜੀ. ਜਲੰਧਰ ਰੇਂਜ ਨੂੰ ਲਿਖਤੀ ਦਰਖ਼ਾਸਤ ਦਿੱਤੀ ਸੀ। ਡੀ.ਆਈ.ਜੀ. ਨੇ ਮਾਮਲਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਐਸ.ਐਸ.ਪੀ. ਨੂੰ ਸੌਂਪਿਆ ਅਤੇ ਉਨ੍ਹਾਂ ਨੂੰ ਪੂਰੇ ਮਾਮਲੇ ਦੀ ਨਿਰਪੱਖਤਾ ਨਾਲ ਇੱਕ ਸੀਨੀਅਰ ਪੁਲਸ ਅਧਿਕਾਰੀ ਤੋਂ ਜਾਂਚ ਕਰਵਾਉਣ ਅਤੇ ਰਿਪੋਰਟ ਪੇਸ਼ ਕਰਨ ਲਈ ਕਿਹਾ। ਜਿਸ 'ਤੇ ਹੁਸ਼ਿਆਰਪੁਰ ਦੀ ਐਸ.ਪੀ. ਨਵਨੀਤ ਕੌਰ (ਆਈ.ਪੀ.ਐਸ.) ਨੇ ਦੋਵਾਂ ਧਿਰਾਂ ਨੂੰ ਤਲਬ ਕੀਤਾ ਅਤੇ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਤੇ ਦੋਵਾਂ ਧਿਰਾਂ ਦੇ ਬਿਆਨ ਦਰਜ ਕੀਤੇ। ਪੁਲਸ ਜਾਂਚ ਵਿੱਚ ਮਹਿਲਾ ਦੇ ਦੋਸ਼ ਬੇਬੁਨਿਆਦ ਸਾਬਤ ਹੋਏ। ਜਾਂਚ ਅਧਿਕਾਰੀ ਨੇ ਆਪਣੀ ਰਿਪੋਰਟ ਵਿੱਚ ਸਪੱਸ਼ਟ ਤੌਰ 'ਤੇ ਲਿਖਿਆ ਕਿ ਸ਼ਿਕਾਇਤਕਰਤਾ ਲੜਕੀ ਨਾਲ ਕਿਸੇ ਵੀ ਤਰ੍ਹਾਂ ਛੇੜਛਾੜ ਨਹੀਂ ਕੀਤੀ ਗਈ ਅਤੇ ਨਾ ਹੀ ਲੜਕੀ ਨੂੰ ਧਮਕੀ ਦਿੱਤੀ ਗਈ। ਜਾਂਚ ਰਿਪੋਰਟ ਵਿੱਚ ਖੁਲਾਸਾ ਹੋਇਆ ਕਿ ਲੜਕੀ ਦਾ ਆਪਣੇ ਪਤੀ ਅਨੁਦੀਪ ਸਿੰਘ ਨਾਲ ਘਰੇਲੂ ਝਗੜਾ ਸੀ, ਜਿਹਨਾਂ ਦਾ ਅਮਿਤ ਅਤੇ ਅਨੁਰਾਗ ਨੇ ਲੜਕੀ ਦੇ ਮਾਪਿਆਂ ਦੀ ਮੌਜੂਦਗੀ ਵਿੱਚ ਰਾਜ਼ੀਨਾਮਾ ਕਰਵਾਇਆ ਸੀ। ਇਸ ਦੌਰਾਨ ਅਨੁਦੀਪ ਤੋਂ ਹਲਫ਼ਨਾਮੇ 'ਤੇ ਲਈ ਗਈ ਲਿਖਤੀ ਮੁਆਫ਼ੀ ਨੂੰ ਲੈ ਕੇ ਉਹਨਾਂ ਦੇ ਮਨ ਵਿੱਚ ਨਾਰਾਜ਼ਗੀ ਸੀ। ਇਸ ਤੋਂ ਇਲਾਵਾ ਸਿਆਸੀ ਦਬਾਅ ਅਤੇ ਕੁਝ ਹੋਰ ਲੋਕਾਂ ਦੇ ਪ੍ਰਭਾਵ ਹੇਠ, ਲੜਕੀ ਨੂੰ ਗੁੰਮਰਾਹ ਕੀਤਾ ਗਿਆ ਅਤੇ ਝੂਠਾ ਬਿਆਨ ਦੇ ਕੇ ਅਮਿਤ ਅਤੇ ਅਨੁਰਾਗ ਵਿਰੁੱਧ ਕੇਸ ਦਰਜ ਕਰਵਾਇਆ ਗਿਆ ਸੀ।

## ਸ਼ਰਾਬ ਦੀਆਂ ਖਾਲੀ ਬੋਤਲਾਂ ਦੀ ਦੁਰਵਰਤੋਂ ਰੋਕਣ ਲਈ ਆਬਕਾਰੀ ਵਿਭਾਗ ਨੇ ਕੱਸੀ ਕਮਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** ਵਿੱਤ ਕਮਿਸ਼ਨਰ (ਆਬਕਾਰੀ ਵਿਭਾਗ), ਪੰਜਾਬ ਦੇ ਹੁਕਮਾਂ ਅਨੁਸਾਰ ਅੱਜ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਮੂਹ ਮੈਰਿਜ ਪੈਲੇਸਾਂ/ਬੈਂਕੁਇਟ ਹਾਲਾਂ/ਹਾਰਡ ਬਾਰਾਂ ਦੇ ਲਾਇਸੰਸੀਆਂ ਨਾਲ ਆਬਕਾਰੀ ਅਫ਼ਸਰ ਹੁਸ਼ਿਆਰਪੁਰ-1 ਨਵਜੋਤ ਭਾਰਤੀ ਅਤੇ ਆਬਕਾਰੀ ਅਫ਼ਸਰ ਹੁਸ਼ਿਆਰਪੁਰ-2 ਪ੍ਰੀਤ ਭੁਪਿੰਦਰ ਸਿੰਘ ਵੱਲੋਂ ਮੀਟਿੰਗ ਕੀਤੀ ਗਈ।ਇਸ ਦੌਰਾਨ ਲਾਇਸੰਸੀਆਂ ਨੂੰ ਹਦਾਇਤ ਕੀਤੀ ਗਈ ਕਿ ਮੈਰਿਜ ਪੈਲੇਸਾਂ/ਬੈਂਕੁਇਟ ਹਾਲਾਂ/ਹਾਰਡ ਬਾਰਾਂ ਵਿਚ ਜੋ ਵੀ ਪਾਰਟੀਆਂ ਹੁੰਦੀਆਂ ਹਨ, ਉਨ੍ਹਾਂ ਵਿਚ ਵਰਤੀਆਂ ਜਾਣ ਵਾਲੀਆਂ ਸ਼ਰਾਬ ਦੀਆਂ ਖਾਲੀ ਬੋਤਲਾਂ ਦੀ ਦੁਰਵਰਤੋਂ ਦੇ ਕੇਸ ਪੰਜਾਬ ਦੀਆਂ ਵੱਖ-ਵੱਖ ਥਾਵਾਂ 'ਤੇ ਸਾਹਮਣੇ ਆਏ ਹਨ। ਕੁਝ ਕੇਸਾਂ ਵਿਚ ਸ਼ਰਾਰਤੀ ਅਨਸਰਾਂ ਵੱਲੋਂ ਇਨ੍ਹਾਂ ਖਾਲੀ ਬੋਤਲਾਂ ਨੂੰ 'ਰੀਫਿਲ' ਕਰਕੇ ਦੁਬਾਰਾ ਵੇਚਿਆ ਜਾ ਰਿਹਾ ਹੈ। ਇਸ ਨੂੰ ਕੰਟਰੋਲ ਕਰਨ ਲਈ ਆਬਕਾਰੀ ਪਾਲਿਸੀ 2025-26 ਵਿਚ ਦਰਜ ਰੂਲਾਂ ਤੋਂ ਲਾਇਸੰਸੀਆਂ ਨੂੰ ਜਾਣੂ ਕਰਵਾਇਆ ਗਿਆ। ਇਸ ਨੂੰ ਰੋਕਣ ਲਈ ਲਾਇਸੰਸੀਆਂ ਨੂੰ ਆਬਕਾਰੀ ਵਿਭਾਗ ਦੇ ਭਰਪੂਰ ਸਾਥ ਦੇਣ ਦੀ ਅਪੀਲ ਕੀਤੀ ਗਈ।

## ਬੂਥ ਪੱਧਰ ਤੱਕ ਬਸਪਾ ਨੂੰ ਮਜ਼ਬੂਤ ਕਰਨ ਪਾਰਟੀ ਆਗੂ : ਬੈਣੀਵਾਲ



**ਜਲੰਧਰ (ਸ਼ੈਲੀ ਐਲਬਰਟ)**

ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸੂਬਾ ਪੱਧਰੀ ਮੀਟਿੰਗ ਇੱਥੇ ਪਾਰਟੀ ਦੇ ਦਾਵਾ ਇਨਕਲੇਵ ਸਥਿਤ ਸੂਬਾ ਦਫ਼ਤਰ ਵਿਖੇ ਕੀਤੀ ਗਈ। ਬਸਪਾ ਦੇ ਰਾਸ਼ਟਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਮੀਟਿੰਗ ਵਿੱਚ ਬਤੌਰ ਮੁੱਖ ਮਹਿਮਾਨ 'ਤੇ ਬਸਪਾ ਦੇ ਸੂਬਾ ਕੇਂਦਰੀ ਇੰਚਾਰਜ ਵਿਪੁਲ ਕੁਮਾਰ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਹੋਏ। ਉਨ੍ਹਾਂ ਵੱਲੋਂ ਪਾਰਟੀ ਦੇ ਸੰਗਠਨ ਦੀ ਸਮੀਖਿਆ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਬਸਪਾ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਵੱਲੋਂ ਕੀਤੀ ਗਈ।ਸੂਬੇ ਦੀ ਪਾਰਟੀ ਲੀਡਰਸ਼ਿਪ ਨੂੰ ਸੰਬੋਧਨ ਕਰਦਿਆਂ ਬਸਪਾ ਰਾਸ਼ਟਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਨੇ ਕਿਹਾ ਕਿ ਮਜ਼ਬੂਤ ਸੰਗਠਨ ਦੇ ਸਿਰ 'ਤੇ ਹੀ ਬਸਪਾ ਸੂਬੇ ਦੀ ਸੱਤਾ ਪ੍ਰਾਪਤ ਕਰ ਸਕਦੀ ਹੈ।ਸੂਬਾ ਇੰਚਾਰਜ਼ ਵਿਪੁਲ ਕੁਮਾਰ ਨੇ ਵੀ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਸੰਗਠਨ ਦੀ ਮਜ਼ਬੂਤੀ ਲਈ ਕੰਮ ਕਰਨ ਲਈ ਕਿਹਾ। ਇਸ ਦੌਰਾਨ ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਆਮ ਲੋਕਾਂ 'ਤੇ ਸਰਕਾਰੀ ਜਬਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਗਰੂਰ ਵਿੱਚ ਜ਼ਮੀਨ ਵਿੱਚ ਹਿੱਸੇਦਾਰੀ ਲੈਣ ਲਈ ਸੰਘਰਸ਼ ਕਰ ਰਹੇ ਦਲਿਤਾਂ ਮਜ਼ਦੂਰਾਂ ਨੂੰ ਜੇਲ੍ਹ ਵਿੱਚ ਡੱਕਿਆ ਗਿਆ, ਜਿਨ੍ਹਾਂ ਨੂੰ ਰਿਹਾ ਕਰਨ ਦੀ ਬਜਾਏ ਸ਼ਾਮਲਾਟ ਛੱਡਿਆ ਗਿਆ। ਇਸ ਸਰਕਾਰੀ ਜਬਰ ਦੇ ਵਿਰੋਧ ਵਿੱਚ ਬਸਪਾ ਨੇ 29 ਜੂਨ ਨੂੰ ਜ਼ਿਲ੍ਹਾ ਪੱਧਰੀ ਜਬਰ ਵਿਰੋਧੀ ਰੈਲੀ ਜ਼ਿਲ੍ਹਾ ਸੰਗਰੂਰ ਵਿੱਚ ਰੱਖੀ ਹੈ, ਜਿਹਦੀ ਕਿ ਬਸਪਾ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਵੱਲੋਂ ਸ਼ੁਰੂ ਕੀਤੇ ਭਾਰਤੀ ਕਿਸਾਨ ਮਜ਼ਦੂਰ ਅੰਦੋਲਨ 'ਤੇ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਕੀਤੀ ਜਾਵੇਗੀ। ਇਸ ਮੌਕੇ ਬਸਪਾ ਲੀਡਰਸ਼ਿਪ ਨੇ ਸੂਬੇ ਦੀ ਵਿਗੜ ਰਹੀ ਕਾਨੂੰਨ ਵਿਵਸਥਾ ਲਈ ਵੀ ਸਰਕਾਰ ਦੀ ਨਿੰਦਾ ਕੀਤੀ। ਮੀਟਿੰਗ ਦੌਰਾਨ ਬਸਪਾ ਸੂਬਾ ਇੰਚਾਰਜ ਅਜੀਤ ਸਿੰਘ ਭੈਣੀ, ਕੁਲਦੀਪ ਸਿੰਘ ਸਰਦੂਲਗੜ੍ਹ, ਬਲਵੀਰ ਮਹਿਰਾ, ਲਾਲ ਸਿੰਘ ਸੁਲਹਾਣੀ, ਤਰਸੇਮ ਥਾਪਰ, ਚੌਧਰੀ ਗੁਰਨਾਮ ਸਿੰਘ, ਐਡਵੋਕੇਟ ਬਲਵਿੰਦਰ ਕੁਮਾਰ, ਤੀਰਥ ਰਾਜਪੁਰਾ, ਹਰਭਜਨ ਸਿੰਘ ਬਜਹੇੜੀ, ਅਮਰਜੀਤ ਸਿੰਘ ਝਲੂਰ, ਚਮਕੌਰ ਸਿੰਘ ਵੀਰ, ਡਾ. ਮੱਖਣ ਸਿੰਘ, ਠੇਕੇਦਾਰ ਭਗਵਾਨ ਦਾਸ, ਰਾਜਾ ਰਜਿੰਦਰ ਨਨਹੇੜੀਆ, ਕੁਲਵੰਤ ਮਹਿਤੋ, ਬਲਵਿੰਦਰ ਬਿੱਟਾ, ਓਮ ਪ੍ਰਕਾਸ਼ ਸਰੋਏ, ਤਾਰਾ ਚੰਦ ਭਗਤ, ਸੁਰਜੀਤ ਭੇਲ, ਰਾਕੇਸ਼ ਦਤਾਰਪੁਰੀ, ਹਰਭਜਨ ਬਲਾਲੋਂ, ਪਰਵੀਨ ਬੰਗਾ, ਗੁਰਬਖਸ਼ ਸਿੰਘ ਚੌਹਾਨ, ਜਗਸੀਰ ਸ਼ੀਰਾ, ਜਗਦੀਸ਼ ਸ਼ੇਰਪੁਰੀ, ਸਲਵਿੰਦਰ ਕੁਮਾਰ ਆਦਿ ਵੀ ਹਾਜ਼ਰ ਸਨ।

## ਸਾਂਝੇ ਯਤਨਾਂ ਨਾਲ ਨਸ਼ਿਆਂ ਦਾ ਖਾਤਮਾ ਸੰਭਵ : ਸੰਤੋਸ਼ ਕਟਾਰੀਆ




**ਬਲਾਚੌਰ (ਜਸਵਿੰਦਰ ਬੈਂਸ)**

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿਧਾਇਕ ਸੰਤੋਸ਼ ਕਟਾਰੀਆ ਨੇ ਵੱਖ-ਵੱਖ ਪਿੰਡਾਂ ਵਿਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਦੌਰਾਨ ਲੋਕਾਂ ਨੂੰ ਸੱਦਾ ਦਿੱਤਾ ਕਿ ਸਾਰਿਆਂ ਦੇ ਸਾਂਝੇ ਯਤਨਾ ਸਦਕਾ ਇਸ ਅਲਾਮਤ ਦਾ ਮੁਕੰਮਲ ਸਫਾਇਆ ਪੂਰੀ ਤਰ੍ਹਾਂ ਸੰਭਵ ਹੈ।ਨੇੜਲੇ ਪਿੰਡਾਂ ਚੂਹੜਪੁਰ , ਸਾਧੜ੍ਹਾ, ਮਾਲੇਵਾਲ, ਸਿੰਘਪੁਰ, ਰਾਣੇਵਾਲ ਅਤੇ ਟੱਪਰੀਆਂ ਵਿਖੇ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਦੌਰਾਨ ਸੰਬੋਧਨ ਕਰਦਿਆਂ ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਉਪਰਾਲਿਆਂ ਵਿੱਚ ਸਾਰਿਆਂ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਨਸ਼ਾ ਮੁਕਤ ਅਤੇ ਸਿਹਤਮੰਦ ਸਮਾਜ ਦਾ ਸੁਪਨਾ ਸਾਕਾਰ ਹੋ ਸਕੇ। ਵਿਧਾਇਕ ਸੰਤੋਸ਼ ਕਟਾਰੀਆ ਨੇ ਪਿੰਡਾਂ ਦੇ ਵਸਨੀਕਾਂ ਖ਼ਾਸਕਰ ਪੰਚਾਇਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕਤਾ ਫੈਲਾਉਣ ਵਿਚ ਅਹਿਮ ਭੂਮਿਕਾ ਨਿਭਾਉਣ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਅਤੇ ਸਿਹਤਮੰਦ ਸਰਗਰਮੀਆਂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ ਜਿਸ ਲਈ ਸਾਰਿਆਂ ਨੂੰ ਹੰਭਲਾ ਮਾਰਨਾ ਚਾਹੀਦਾ ਹੈ। ਉਨ੍ਹਾਂ ਨੇ ਨਸ਼ਿਆਂ ਦੇ ਖਾਤਮੇ ਲਈ ਚੱਲ ਰਹੀ ਮੁਹਿੰਮ ਤਹਿਤ ਲੋਕਾਂ ਨੂੰ ਅਹਿਦ ਵੀ ਦਿਵਾਇਆ। ਇਸ ਮੌਕੇ ਪਿੰਡਾਂ ਦੀਆਂ ਪੰਚਾਇਤਾਂ ਤੋਂ ਇਲਾਵਾ ਮਾਰਕੀਟ ਕਮੇਟੀ ਦੇ ਚੇਅਰਮੈਨ ਸੇਠੀ ਉਧਨਵਾਲ, ਅਸ਼ੋਕ ਕਟਾਰੀਆ, ਬਲਦੇਵ ਰਾਜ ਆਦਿ ਵੀ ਮੌਜੂਦ ਸਨ।

## ਮੈਟ੍ਰਿਕੂਲੇਸ਼ਨ ਤੇ ਸੀਨੀਅਰ ਸੈਕੰਡਰੀ ਕੋਰਸਾਂ 'ਚ ਬਿਨਾਂ ਲੇਟ ਫੀਸ ਦਾਖਲਾ ਲੈਣ ਦੀ ਅੰਤਿਮ ਮਿਤੀ 31 ਅਗਸਤ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਕਾਦਮਿਕ ਸਾਲ 2025-26 ਲਈ ਓਪਨ ਸਕੂਲ ਪ੍ਰਣਾਲੀ ਅਧੀਨ ਮੈਟ੍ਰਿਕੂਲੇਸ਼ਨ ਅਤੇ ਸੀਨੀਅਰ ਸੈਕੰਡਰੀ ਕੋਰਸਾਂ ਵਿੱਚ ਬਿਨਾਂ ਲੇਟ ਫੀਸ ਦਾਖਲਾ ਲੈਣ ਦੀ ਅੰਤਿਮ ਮਿਤੀ 31 ਅਗਸਤ 2025 ਹੈ। ਮਿਤੀ 01 ਸਤੰਬਰ, 2025 ਤੋਂ 31 ਅਕਤੂਬਰ 2025 ਤੱਕ 1500/- ਰੁਪਏ ਪ੍ਰਤੀ ਵਿਦਿਆਰਥੀ ਲੇਟ ਫੀਸ ਨਾਲ ਦਾਖਲਾ ਲਿਆ ਜਾ ਸਕਦਾ ਹੈ। ਇਨ੍ਹਾਂ ਮਿਤੀਆਂ ਤੋਂ ਬਾਅਦ ਓਪਨ ਸਕੂਲ ਦਾਖਲਾ ਮਿਤੀਆਂ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ। ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਐਕਰੀਡਿਟਿਡ ਸਕੂਲਾਂ ਰਾਹੀਂ (ਐਕਰੀਡਿਟਿਡ ਸਕੂਲਾਂ ਦੀ ਸੂਚੀ ਬੋਰਡ ਦੀ ਵੈੱਬਸਾਈਟ www.pseb.ac.in 'ਤੇ ਉਪਲਬਧ ਹੈ), ਬੋਰਡ ਦੇ ਖੇਤਰੀ ਦਫਤਰਾਂ ਰਾਹੀਂ ਜਾਂ ਵਿਦਿਆਰਥੀ ਸਿੱਧੇ ਤੌਰ 'ਤੇ ਵੀ ਬੋਰਡ ਦੀ ਵੈਬਸਾਈਟ ਤੋਂ ਆਨਲਾਈਨ ਪ੍ਰੀਕ੍ਰਿਆ ਰਾਹੀਂ ਦਾਖਲਾ ਫਾਰਮ ਭਰ ਸਕਣਗੇ। ਫ਼ੀਸਾਂ ਜਮ੍ਹਾਂ ਕਰਵਾਉਣ ਦੀ ਵਿਧੀ ਆਨਲਾਈਨ ਹੋਵੇਗੀ। ਪੰਜਾਬ ਓਪਨ ਸਕੂਲ ਦੇ ਮੈਟ੍ਰਿਕੂਲੇਸ਼ਨ ਅਤੇ ਸੀਨੀਅਰ ਸੈਕੰਡਰੀ ਕੋਰਸਾਂ ਲਈ ਵਿਦਿਆਰਥੀ ਦੁਆਰਾ ਬੋਰਡ ਵੱਲੋਂ ਨਿਰਧਾਰਤ ਦਾਖਲਾ ਅਤੇ ਪ੍ਰੀਖਿਆ ਫ਼ੀਸ ਤੋਂ ਇਲਾਵਾ ਹੋਰ ਕਿਸੇ ਕਿਸਮ ਦੀ ਵਾਧੂ ਫੀਸ ਅਦਾ ਨਹੀਂ ਕਰਨੀ ਹੋਵੇਗੀ। ਪ੍ਰਾਸਪੈਕਟਸ ਅਤੇ ਪਾਠਕ੍ਰਮ ਬੋਰਡ ਦੀ ਵੈਬਸਾਈਟ www.pseb.ac.in 'ਤੇ ਉਪਲਬਧ ਹਨ ।

## ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਹਰ ਵਰਗ ਨੇ ਡਟ ਕੇ ਸਹਿਯੋਗ ਦਿੱਤਾ : ਬੈਂਸ

**ਨੰਗਲ (ਸੁਰਜੀਤ ਸਿੰਘ)**

ਨਸ਼ਿਆਂ ਵਿਰੁੱਧ ਸਾਝਾਂ ਯੁੱਧ ਪੰਜਾਬ ਸਰਕਾਰ ਦਾ ਇੱਕ ਅਜਿਹਾ ਮਿਸ਼ਨ ਹੈ, ਜਿਸ ਤਹਿਤ ਕਾਸੋ ਆਪ੍ਰੇਸ਼ਨ ਚਲਾ ਕੇ ਪੰਜਾਬ ਸਰਕਾਰ ਸ਼ੱਕੀ ਥਾਵਾਂ 'ਤੇ ਛਾਪੇਪਾਰੀ ਕਰਕੇ ਨਸ਼ਿਆ ਦੇ ਸੌਦਾਗਰਾਂ ਨੂੰ ਭਾਜੜਾਂ ਪਾ ਦਿੱਤੀਆਂ ਹਨ। ਨਸ਼ਿਆਂ ਨੂੰ ਵੇਚਣ ਵਾਲਿਆਂ ਦੀਆਂ ਚੱਲ ਅਚੱਲ ਜਾਇਦਾਦਾਂ ਜਬਤ ਕੀਤੀਆਂ ਜਾਣਗੀਆਂ ਤੇ ਆਮ ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਦੀ ਗ੍ਰਿਫਤ ਵਿਚ ਆਏ ਭੋਲੇ ਭਾਲੇ ਲੋਕਾਂ ਨੂੰ ਇਸ ਮੱਕੜ ਜਾਲ ਤੋਂ ਬਾਹਰ ਕੱਢਣ ਲਈ ਇੱਕ ਵਿਆਪਕ ਅਭਿਆਨ ਚਲਾਇਆ ਜਾ ਰਿਹਾ ਹੈ। ਵੱਡੇ ਨਸ਼ਾ ਤਸਕਰ ਕਾਨੂੰਨ ਦੀ ਗ੍ਰਿਫਤ ਵਿੱਚ ਆ ਕੇ ਨਸ਼ਾ ਵੇਚਣ ਤੋਂ ਤੋਬਾ ਕਰਨ ਲੱਗੇ ਪਏ ਹਨ। ਚਿੱਟਾ ਵੇਚ ਕੇ ਕੀਤੀ ਕਾਲੀ ਕਮਾਈ ਨਾਲ ਉਸਾਰੇ ਮਹਿਲ ਪੀਲੇ ਪੰਜੇ ਨਾਲ ਢਾਹ ਢੇਰੀ ਹੋ ਰਹੇ ਹਨ। ਸੂਬੇ ਦੇ ਨੌਜਵਾਨਾਂ ਨੂੰ ਮਾਨ ਸਰਕਾਰ ਨਸ਼ਿਆ 'ਚੋਂ ਕੱਢ ਕੇ ਖੇਡ ਮੈਦਾਨਾਂ ਵੱਲ ਲੈ ਜਾਣ ਵਿਚ ਸਫਲ ਹੋਈ ਹੈ।ਇਹ ਪ੍ਰਗਟਾਵਾਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਭਾਸ਼ਾ ਅਤੇ ਉਚੇਰੀ ਸਿੱਖਿਆ, ਸਕੂਲ ਸਿੱਖਿਆ ਵਿਭਾਗ ਪੰਜਾਬ ਨੇ ਦਬਖੇੜਾ ਅੱਪਰ,ਦਬਖੇੜਾ ਲੋਅਰ, ਬ੍ਰਹਮਪੁਰ ਲੋਅਰ, ਬੰਦਲੈਹੜੀ, ਜੋਹਲ, ਮੈਦਾਮਾਜਰਾ, ਕਥੇੜਾ,ਨੰਗਲ ਨਿੱਕੂ ਤੇ ਮਾਣਕਪੁਰ ਵਿੱਚ ਜੁੜੇ ਇਲਾਕੇ ਦੇ ਲੋਕਾਂ ਨੂੰ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਸਹੁੰ ਚਕਾਉਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਨਸ਼ਿਆਂ ਦੀ ਸਮੱਸਿਆ ਪਿਛਲੀਆਂ ਸਰਕਾਰਾਂ ਨੇ ਸਾਨੂੰ ਵਿਰਾਸਤ ਵਿਚ ਦਿੱਤੀ ਹੈ, ਜਿਨ੍ਹਾਂ ਨੇ ਪੰਜਾਬ ਦੀ ਭਲਾਈ ਨੂੰ ਨਜ਼ਰਅੰਦਾਜ਼ ਕੀਤਾ, ਜਿਸ ਕਾਰਨ ਸੂਬੇ ਦੀ ਹਾਲਤ ਤਰਸਯੋਗ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਵਿੱਚ ਲੋਕਾਂ ਦੇ ਪੂਰਨ ਸਹਿਯੋਗ ਦੀ ਮੰਗ ਕਰਦੇ ਹਾਂ ਨਸ਼ਿਆਂ ਦੀ ਲਾਹਨਤ ਸੂਬੇ ਦੇ ਚਿਹਰੇ 'ਤੇ ਕਲੰਕ ਹੈ ਅਤੇ ਇਸ ਸਰਾਪ ਨੂੰ ਜੜ੍ਹੋਂ ਪੁੱਟਣ ਲਈ ਸੂਬਾ ਸਰਕਾਰ ਨੂੰ ਦੋ ਸਾਲ ਤੋਂ ਵੱਧ ਦਾ ਸਮਾਂ ਲੱਗ ਗਿਆ ਹੈ। ਅੱਜ ਮਾਨ ਸਰਕਾਰ ਨੇ ਇਹ ਲਾਹਨਤ ਕਾਫੀ ਹੱਦ ਤੱਕ ਖਤਮ ਕਰ ਦਿੱਤੀ ਹੈ।

ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ,ਕੁਲਵੀਰ ਸਿੰਘ ਡੀ.ਐਸ.ਪੀ, ਸੁਰਿੰਦਰਪਾਲ ਸਿੰਘ ਉਪ ਜਿਲ੍ਹਾ ਸਿੱਖਿਆ ਅਫਸਰ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਹਿਤੇਸ ਸ਼ਰਮਾ ਕੋਆਰਡੀਨੇਟਰ ਯੁੱਧ ਨਸ਼ਿਆ ਵਿਰੁੱਧ, ਪ੍ਰਿੰ. ਰਾਮ ਗੋਪਾਲ, ਦਇਆ ਸਿੰਘ ਸਿੱਖਿਆ ਕੋਆਰਡੀਨੇਟਰ, ਸਤੀਸ਼ ਚੋਪੜਾ ਬਲਾਕ ਪ੍ਰਧਾਨ, ਗੋਬਿੰਦ ਰਾਮ ਬੂਥ ਇੰਚਾਰਜ, ਰਾਕੇਸ ਕੁਮਾਰ, ਮਨਪ੍ਰੀਤ ਸੈਣੀ, ਵਿਕਾਸ ਸਰਪੰਚ, ਸਿਵ ਕੁਮਾਰ ਸਰਪੰਚ, ਕ੍ਰਿਸ਼ਨ ਚੰਦ ਪੰਚ, ਮਨੂੰ ਪੁਰੀ, ਜਗਮੋਹਨ ਨੱਡਾ, ਸੁਮਿਤ ਜਿੰਦਵੜੀ ਸਰਪੰਚ, ਧਰਮ ਦਾਸ ਬਲਾਕ ਸੰਮਤੀ ਮੈਂਬਰ, ਮਨੀਸ਼, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਮਨਵੀਰ ਸਿੰਘ ਕਾਰਜ ਸਾਧਕ ਅਫਸਰ, ਮਨਜੋਤ ਸਿੰਘ, ਐਡਵੋਕੇਟ ਨਿਸ਼ਾਤ ਗੁਪਤਾ, ਮੋਹਿਤ ਦੀਵਾਨ, ਰਾਜੀਵ ਅਰੋੜਾ,ਵਿਕਰਮ ਸਚਦੇਵਾ, ਨਿਸ਼ਾਤ, ਮੁਕੇਸ਼ ਵਰਮਾ, ਰਾਜੂ ਅਰੋੜਾ, ਸੁਖਵਿੰਦਰ ਸੇਖੋਂ ਆਦਿ ਹਾਜ਼ਰ ਸਨ।

## ਗੁਰਵਿੰਦਰ ਕੌਰ ਦਾ ਮੁੱਖ ਮੰਤਰੀ ਵੱਲੋਂ ਸਨਮਾਨ



**ਬਲਾਚੌਰ (ਜਸਵਿੰਦਰ ਬੈਂਸ)**- ਨਿਊ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸੜੋਆ ਦੀ ਵਿਦਿਆਰਥਣ ਗੁਰਵਿੰਦਰ ਕੌਰ ਦਾ ਜਮਾਤ ਦੱਸਵੀਂ ਵਿੱਚੋਂ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚੋਂ ਅੱਵਲ ਆਉਣ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 21000 ਦੀ ਇਨਾਮੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।ਗੌਰਤਲਬ ਗੁਰਵਿੰਦਰ ਕੌਰ ਦਾ ਦੱਸਵੀਂ ਦਾ ਰਿਜਾਲਟ ਬਹੁਤ ਹੀ ਸ਼ਾਨਦਾਰ ਰਿਹਾ ਗੁਰਵਿੰਦਰ ਕੌਰ ਨੇ ਪੰਜਾਬ ਵਿੱਚ 9ਵਾਂ ਰੈਂਕ ਪ੍ਰਾਪਤ ਕੀਤਾ।

## ਪ੍ਰੀਖਿਆ ਕੇਂਦਰਾਂ ਨੇੜੇ ਪੰਜ ਜਾਂ ਵੱਧ ਲੋਕਾਂ ਦੀ ਇਕੱਤਰਤਾ 'ਤੇ ਪੂਰਨ ਪਾਬੰਦੀ

**ਜਲੰਧਰ, (ਸ਼ੈਲੀ ਐਲਬਰਟ)**- ਵਧੀਕ ਜ਼ਿਲ੍ਹਾ ਮੈਜਿਸਟ੍ਰੇਟ, ਜਲੰਧਰ ਵਿਵੇਕ ਕੁਮਾਰ ਮੋਦੀ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਅੱਠਵੀਂ ਸ਼੍ਰੇਣੀ ਦੀਆਂ ਮਈ/ਜੂਨ-2025 ਅਨੁਪੂਰਕ ਪ੍ਰੀਖਿਆਵਾਂ, ਜੋ 29.05.2025 ਤੋਂ 10.06.2025 ਤੱਕ ਕਰਵਾਈਆਂ ਜਾ ਰਹੀਆਂ, ਦੇ ਮੱਦੇਨਜ਼ਰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਜਲੰਧਰ ਦੇ ਸਮੂਹ ਪ੍ਰੀਖਿਆ ਕੇਂਦਰਾਂ, ਜਿਥੇ ਵੀ ਇਹ ਪ੍ਰੀਖਿਆਵਾਂ ਹੋ ਰਹੀਆਂ ਹਨ, ਦੇ ਆਲੇ-ਦੁਆਲੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੀ ਇਕੱਤਰਤਾ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਗਈ ਹੈ।ਇਹ ਹੁਕਮ ਮਿਤੀ 29.05.2025 ਤੋਂ ਮਿਤੀ 10.06.2025 ਤੱਕ ਲਾਗੂ ਰਹੇਗਾ।

## ਕੰਨਿਆ ਸਕੂਲ ਵਿਖੇ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ



**ਮਹਿਤਪੁਰ (ਰਾਜਾ)**- ਪੀ ਐਮ ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਵਿਖੇ ਰਿਟਾਇਰਡ ਪ੍ਰਿੰਸੀਪਲ ਹਰਜੀਤ ਸਿੰਘ ਦੇ ਵਿਸ਼ੇਸ਼ ਉਪਰਾਲੇ ਸਦਕਾ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ 'ਤੇ ਉੱਘੇ ਸਮਾਜ ਸੇਵਕ ਅਤੇ ਦਾਨੀ ਸੱਜਣ ਸੁਭਾਸ਼ ਕੱਕੜ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ। ਸਕੂਲ ਇੰਚਾਰਜ ਨਰੇਸ਼ ਕੁਮਾਰ ਨੇ ਇਸ ਉੱਦਮ ਲਈ ਹਰਜੀਤ ਸਿੰਘ ਦਾ ਧੰਨਵਾਦ ਕੀਤਾ।

## ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਦੀ ਰਿਹਾਈ ਲਈ ਮੁਜ਼ਾਹਰਾ 2 ਨੂੰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਜ਼ਿਲ੍ਹਾ ਸੰਗਰੂਰ ਦੇ ਬੇਚਿਰਾਗ ਪਿੰਡ ਐਸਵਾਨ ਬੀੜ ਜਮੀਨ ਉੱਤੇ ਬੇਗਮਪੁਰਾ ਵਸਾਉਣ ਦਾ ਐਲਾਨ ਕਰਨ ਵਾਲੀ 'ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ' ਦੇ ਸੈਂਕੜੇ ਆਗੂਆਂ ਅਤੇ ਵਰਕਰਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋਂ ਪੰਜਾਬ ਦੇ ਜ਼ਿਲ੍ਹਾ ਹੈੱਡਕੁਆਰਟਰਾਂ ਉੱਤੇ ਮੁਜਾਹਰੇ ਕਰਨ ਦੇ ਸੱਦੇ ਤਹਿਤ ਮਜਦੂਰ ਜਥੇਬੰਦੀਆਂ ਵਲੋਂ ਨਵਾਂਸ਼ਹਿਰ ਵਿਖੇ 2 ਜੂਨ ਨੂੰ ਰੋਹ ਭਰਪੂਰ ਮੁਜਾਹਰਾ ਕੀਤਾ ਜਾਵੇਗਾ।ਮੁਜਾਹਰੇ ਤੋਂ ਪਹਿਲਾਂ ਬੱਸ ਅੱਡਾ ਨਵਾਂਸ਼ਹਿਰ ਵਿਖੇ ਰੈਲੀ ਕੀਤੀ ਜਾਵੇਗੀ।ਇਹ ਫੈਸਲਾ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਮਜਦੂਰ ਜਥੇਬੰਦੀਆਂ ਦੀ ਹੋਈ ਮੀਟਿੰਗ ਵਿਚ ਕੀਤਾ ਗਿਆ। ਕੱਲ੍ਹ ਵੀ ਪੁਲਸ ਨੇ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੇ ਘਰ ਦੇ ਜਿੰਦਰੇ ਤੋੜ ਕੇ ਤਲਾਸ਼ੀ ਲਈ ਅਤੇ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕੀਤੀ।ਉਹਨਾਂ ਕਿਹਾ ਕਿ ਮਾਨ ਸਰਕਾਰ ਦਾ ਮਜਦੂਰ ਵਿਰੋਧੀ ਅਤੇ ਜਮਹੂਰੀਅਤ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ।ਇਸ ਮੀਟਿੰਗ ਨੂੰ ਕਾਮਰੇਡ ਨਿਰੰਜਣ ਦਾਸ, ਕੁੱਲ ਹਿੰਦ ਮਜਦੂਰ ਸਭਾ ਦੇ ਆਗੂ ਪਰਮਿੰਦਰ ਮੇਨਕਾ, ਸੰਤੋਖ ਪਾਲ,ਗੁਰਬਖਸ਼ ਕੌਰ,ਧਰਮ ਪਾਲ,ਸਰਾਧੂ ਰਾਮ,ਪੰਜਾਬ ਖੇਤ ਮਜਦੂਰ ਸਭਾ ਦੇ ਆਗੂ ਸੁਰਿੰਦਰ ਭੱਟੀ, ਸੁਖਦੇਵ ਸਿੰਘ ਰਾਹੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਾਨ ਸਰਕਾਰ ਸੂਬੇ ਵਿਚ ਲੈਂਡ ਸੀਲਿੰਗ ਐਕਟ ਲਾਗੂ ਕਰਕੇ ਸਾਢੇ ਸਤਾਰਾਂ ਏਕੜ ਤੋਂ ਵਾਧੂ ਜਮੀਨ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਵਿਚ ਵੰਡੇ।

## ਸੀ ਪੀ ਆਈ ਐੱਮ ਐੱਲ ਵੱਲੋਂ ਚਾਰ ਦੀ ਜਲੰਧਰ ਕਨਵੈਨਸ਼ਨ ਸੰਬੰਧੀ ਮੀਟਿੰਗਾਂ

**ਕਪੂਰਥਲਾ (ਬਲਵੀਰ ਸ਼ਾਲ੍ਹਾਪੁਰੀ)**- ਜ਼ਿਲ੍ਹਾ ਕਪੂਰਥਲਾ ਦੇ ਨਾਲ ਲੱਗਦੇ ਪਿੰਡਾਂ ਵਿੱਚ ਪੂਰਨ ਸਿੰਘ ਅਲੌਦੀਪੁਰ ਅਤੇ ਰਾਜ ਸਿੰਘ ਵਿਲਾ ਕੋਠੀ ਦੀ ਪ੍ਰਧਾਨਗੀ ਹੇਠ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ ਜਿਸ ਵਿੱਚ ਸੀ ਪੀ ਆਈ ਐਮ ਐਲ ਲਿਬਰੇਸ਼ਨ ਵਲੋਂ ਪਿੰਡਾ ਹਿਰਦੇ ਵੇਦਕ ਪਹਿਲਗਾਮ ਘਟਨਾ ਆਪਰੇਸ਼ਨ ਸੰਧੂਰ ਅਤੇ ਭਵਿੱਖ ਵਿੱਚ ਭਾਰਤ ਨੂੰ ਜੰਗਾ ਯੁੱਧਾਂ ਤੋਂ ਦੂਰ ਰੱਖਣ ਲਈ ਸੀ ਪੀ ਆਈ ਐਮ ਲਿਬਰੇਸ਼ਨ ਵੱਲੋਂ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਇੱਕ ਕਨਵੈਂਸ਼ਨ ਚਾਰ ਜੂਨ ਨੂੰ ਕੀਤੀ ਜਾ ਰਹੀ ਹੈ ਜਿਸ ਸਬੰਧੀ ਕਪੂਰਥਲਾ ਦੇ ਪਿੰਡਾਂ ਅਲੌਦੀਪੁਰ, ਵਿਲਾ ਕੋਠੀ, ਬਾਦਸ਼ਾਹਪੁਰ ਆਦਿ ਪਿੰਡਾਂ ਵਿੱਚ ਮੀਟਿੰਗਾਂ ਕਰਵਾਈਆਂ ਗਈਆਂ ਅਤੇ ਨਾਲ ਦੀ ਨਾਲ ਪਾਰਟੀ ਮੈਂਬਰਸ਼ਿਪ ਸਾਲ 2025 ਲਈ ਕੀਤੀ ਗਈ ਬ੍ਰਾਂਚਾਂ ਨੂੰ ਨਵਿਆਇਆ ਗਿਆ ਪਾਰਟੀ ਮੈਂਬਰਸ਼ਿਪ ਪ੍ਰਤੀ ਕਪੂਰਥਲਾ ਦੇ ਵਿੱਚ ਪਿੰਡਾਂ ਵਿੱਚ ਲੋਕਾਂ ਵਿੱਚ ਕਾਫੀ ਉਤਸ਼ਾਹ ਵੇਖਣ ਨੂੰ ਮਿਲਿਆ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਲਿਬਰੇਸ਼ਨ ਦੇ ਜ਼ਿਲ੍ਹਾ ਕਪੂਰਥਲਾ ਦੇ ਇੰਚਾਰਜ ਨਿਰਮਲ ਛਦਲਵੱਡੀ ਨੇ ਕਿਹਾ ਕਿ 4 ਜੂਨ ਦੀ ਕਨਵੈਂਸ਼ਨ ਵਿੱਚ ਲਬਰੇਸ਼ਨ ਦੇ ਕੌਮੀ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਜੀ ਮੁੱਖ ਬੁਲਾਰੇ ਹੋਣਗੇ। ਇਸ ਮੌਕੇ ਰਾਜ ਸਿੰਘ, ਬਲਵਿੰਦਰ ਸਿੰਘ ਬਿਲਾਕੋਠੀ, ਮਹਿੰਦਰ ਸਿੰਘ, ਪੂਰਨ ਸਿੰਘ, ਕੁਲਵੰਤ ਕੌਰ, ਨਰਿੰਦਰ ਸਿੰਘ, ਗੋਪਾਲ ਸਿੰਘ ਗਿਆਨ ਸਿੰਘ ਦੌਲਤ ਸਿੰਘ ਦਿਲਬਾਗ ਸਿੰਘ ਆਦਿ ਮੁੱਖ ਰੂਪ ਵਿੱਚ ਹਾਜ਼ਰ ਸਨ।

## ਅੱਵਲ ਆਏ ਵਿਦਿਆਰਥੀਆਂ ਦਾ ਸਨਮਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਬੱਡੋਂ ਖਾਲਸਾ ਕੋ ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਪਿਛਲੇ ਦਿਨੀਂ ਬੋਰਡ ਦੀਆਂ ਕਲਾਸਾਂ ਦੇ ਨਤੀਜੇ ਪੰਜਵੀਂ, ਅੱਠਵੀਂ, ਬਾਰਵੀਂ ਕਲਾਸ ਆਰਟਸ ਅਤੇ ਸਾਇੰਸ ਦੇ ਸ਼ਾਨਦਾਰ ਨਤੀਜਾ ਬੁਹਤ ਵਧੀਆ ਆਏ ਹਨ। ਜਿਸ ਵਿਚ ਸਾਇੰਸ ਗਰੁੱਪ ਦੇ ਬਾਰ੍ਹਵੀ ਕਲਾਸ ਦੇ ਸਾਰੇ ਵਿਦਿਆਰਥੀ ਫਸਟ ਪੁਜੀਸ਼ਨ ਲੈਣ ਕੇ ਪਾਸ ਹੋਏ ਹਨ।ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤੇ ਗਏ।ਇਸ ਮੌਕੇ ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ ਰਿੱਕੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਜਿਸ ਵਿਚ ਮੁੱਖ ਮਹਿਮਾਨ ਉਘੇ ਸਮਾਜ ਸੇਵਕ ਜਥੇਦਾਰ ਹਰੀ ਸਿੰਘ ਜਸਵਾਲ ਭਾਮ ਨੇ ਖੇਡ ਪ੍ਰਮੋਟਰ ਨੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਮ੍ਰੀਤ ਪ੍ਰਧਾਨ ਰਾਮ ਨਰਾਇਣ, ਮੈਨੇਜਰ ਤਰਸੇਮ ਸਿੰਘ, ਮਨਪ੍ਰੀਤ ਸਿੰਘ ਪੰਚ, ਸੁਖਵੀਰ ਸਿੰਘ ਬੱਡੋ, ਨਵੀਨ ਕੁਮਾਰ, ਮਾਸਟਰ ਗੁਰਬੰਤ ਸਿੰਘ, ਸਾਹਿਬ ਮਹਿਮੀ, ਮਾਸਟਰ ਪਰਮਜੀਤ ਸਿੰਘ, ਮੈਡਮ ਸੁਨੀਤਾ ਕੁਮਾਰੀ, ਮੈਡਮ ਅਮਨਦੀਪ ਕੌਰ, ਮੈਡਮ ਸਿਮਰਨ ਜੀਤ ਕੌਰ, ਮੈਡਮ ਲਵਪ੍ਰੀਤ ਕੌਰ, ਮੈਡਮ ਮਨਿੰਦਰ ਕੌਰ, ਸ੍ਰੀਮਤੀ ਅਨੀਤਾ ਰਾਣੀ, ਮੈਡਮ ਸਿਮਰਨ ਪ੍ਰੀਤ ਕੌਰ, ਮੈਡਮ ਸੁਬਰੀਨ ਅਖ਼ਤਰ ਆਦਿ ਹਾਜ਼ਰ ਸਨ।

## ਵਨ ਟਾਇਮ ਸੈਟਲਮੈਂਟ ਸਕੀਮ ਦਾ ਸ਼ਹਿਰ ਵਾਸੀ ਲਾਭ ਲੈਣ : ਚਾਹਲ

**ਨਵਾਂਸ਼ਹਿਰ (ਮਨੋਜ ਲਾਡੀ)**— ਪੰਜਾਬ ਸਰਕਾਰ ਵੱਲੋਂ ਪ੍ਰਾਪਰਟੀ ਟੈਕਸ ਦੇ ਡਿਫਾਲਟਰਾਂ ਲਈ ਇਕ ਵਾਰ ਫਿਰ ਤੋਂ ਵਨ ਟਾਇਮ ਸੈਟਲਮੈਂਟ ਸਕੀਮ ਲਾਗੂ ਕੀਤੀ ਗਈ ਹੈ। ਜਿਸ ਅਧੀਨ ਲੋਕ ਆਪਣਾ ਸਾਲ 2013-14 ਤੋਂ ਲੈ ਕੇ 31 ਮਾਰਚ 2025 ਤੱਕ ਦਾ ਬਕਾਇਆ ਬਿਨਾਂ ਜੁਰਮਾਨੇ ਦੇ ਭਰ ਸਕਦੇ ਹਨ।ਸਮਾਜ ਸੇਵਕ ਅਤੇ ਕੌਂਸਲਰ ਮਨਦੀਪ ਕੌਰ ਚਾਹਲ ਨੇ ਦੱਸਿਆ ਕਿ ਇਸ ਵਨ ਟਾਇਮ ਸੈਟਲਮੈਂਟ ਸਕੀਮ ਦਾ ਸ਼ਹਿਰ ਵਾਸੀਆਂ ਨੂੰ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 31 ਜੁਲਾਈ 2025 ਤੱਕ ਇਸ ਸਕੀਮ ਦਾ ਲਾਭ ਲੈ ਕੇ ਆਪਣਾ ਪ੍ਰਾਪਰਟੀ ਟੈਕਸ ਬਿਨਾਂ ਵਿਆਜ ਤੇ ਜੁਰਮਾਨੇ ਦੇ ਜਮ੍ਹਾ ਕਰਵਾ ਸਕਦੇ ਹੋ। ਚਾਹਲ ਇੱਕ ਸਮਾਜ ਸੇਵਕ ਦੇ ਤੌਰ 'ਤੇ ਸਰਕਾਰੀ ਸਕੂਲਾਂ 'ਚ ਪੜ੍ਹਾਈ ਕਰਦੇ ਬੱਚਿਆਂ ਨੂੰ ਪੈੱਨ, ਕਾਪੀਆਂ ਅਤੇ ਕਿਤਾਬਾਂ ਦੀ ਸੇਵਾ ਕਰਦੇ ਰਹਿੰਦੇ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਅਗਰ ਕੋਈ ਵੀ ਬੱਚਾ ਪੜ੍ਹਾਈ ਕਰਨਾ ਚਾਹੁੰਦਾ ਹੈ ਅਤੇ ਘਰ ਦੀ ਮਜ਼ਬੂਰੀ ਕਰਨ ਨਹੀਂ ਪੜ੍ਹ ਰਿਹਾ ਤਾਂ ਉਸ ਬੱਚੇ ਦੀ ਜਾਣਕਾਰੀ ਦਿਉ ਤਾਂ ਕਿ ਬੱਚਾ ਪੜ੍ਹ ਲਿਖ ਸਕੇ।

## ਪੱਤਰਕਾਰ ਅਸ਼ੋਕ ਸ਼ਰਮਾ ਕਾਰਜਕਾਰੀ ਪ੍ਰਧਾਨ ਬਣੇ

**ਫਗਵਾੜਾ, (ਡਾ. ਰਮਨ, ਜਸਵਿੰਦਰ ਢੱਡਾ)**

ਫਗਵਾੜਾ ਵਿਧਾਨ ਸਭਾ ਹਲਕੇ ਨਾਲ ਸਬੰਧਿਤ ਪੱਤਰਕਾਰ ਅਸ਼ੋਕ ਸ਼ਰਮਾ ਨੂੰ ਰੈਸਟ ਹਾਊਸ ਫਗਵਾੜਾ ਵਿਖੇ ਬਲਾਕ ਪ੍ਰਧਾਨ ਮਨਦੀਪ ਸੰਧੂ ਦੀ ਪ੍ਰਧਾਨਗੀ ਅਤੇ ਸੂਬਾ ਪ੍ਰਧਾਨ ਮਨਜੀਤ ਮਾਨ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਜਰਨਲਿਸਟ ਪ੍ਰੈਸ ਕਲੱਬ ਫਗਵਾੜਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਆਸ਼ੀਸ਼ ਗਾਂਧੀ ਨੂੰ ਜਨਰਲ ਸਕੱਤਰ, ਪ੍ਰੀਤ ਕੌਰ ਪ੍ਰੀਤੀ ਨੂੰ ਪੀ ਆਰ ਓ, ਜਸਪ੍ਰੀਤ ਅਟਵਾਲ ਨੂੰ ਕਾਰਜਕਾਰਣੀ ਮੈਂਬਰ, ਪੱਤਰਕਾਰ ਸਤਪ੍ਰਕਾਸ਼ ਸਿੰਘ ਸੱਗੂ ਨੂੰ ਮੀਤ ਪ੍ਰਧਾਨ, ਪੱਤਰਕਾਰ ਸੰਜੀਵ ਕਾਲੀਆ ਸੀਨੀਅਰ ਮੀਤ ਪ੍ਰਧਾਨ, ਪੱਤਰਕਾਰ ਜਸਵਿੰਦਰ ਢੱਡਾ ਕਾਨੂੰਨੀ ਸਲਾਹਕਾਰ, ਨਿਯੁਕਤ ਕੀਤਾ ਗਿਆ। ਇਸ ਮੌਕੇ ਸੂਬਾ ਪ੍ਰਧਾਨ ਮਨਜੀਤ ਮਾਨ ਨੇ ਕਿਹਾ ਕਿ ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਪੱਤਰਕਾਰਾਂ ਦੇ ਹੱਕਾਂ ਲਈ ਹਮੇਸ਼ਾ ਸੰਘਰਸ਼ ਕਰਦਾ ਰਹੇਗਾ। ਇਸ ਮੌਕੇ ਚੇਅਰਮੈਨ ਰਾਕੇਸ਼ ਖੰਨਾ, ਸਰਪ੍ਰਸਤ ਜੇ ਐਸ ਸੰਧੂ, ਕੋਡੀਨੇਟਰ ਪ੍ਰਿਤਪਾਲ ਸਿੰਘ, ਮੁੱਖ ਬੁਲਾਰਾ ਰਾਮ ਸਿੰਘ ਭੱਟੀ ਆਦਿ ਨੇ ਆਪਣੇ ਸੰਬੋਧਨ ਦੌਰਾਨ ਆਪਣੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਦਾ ਵੇਰਵਾ ਪੇਸ਼ ਕਰਦੇ ਹੋਏ ਅੱਗੇ ਹੋਰ ਕੀਤੇ ਜਾ ਰਹੇ ਕੰਮਾਂ ਬਾਰੇ ਵੀ ਚਾਨਣਾ ਪਾਇਆ। ਇਸ ਮੌਕੇ ਨਵੇਂ ਚੁਣੇ ਗਏ ਕਾਰਜਕਾਰੀ ਪ੍ਰਧਾਨ ਅਸ਼ੋਕ ਸ਼ਰਮਾ ਅਤੇ ਪੂਰੀ ਟੀਮ ਨੇ ਸੂਬਾ ਕਮੇਟੀ ਨਾਲ ਵਾਅਦਾ ਕੀਤਾ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਦਿੱਤੀ ਗਈ ਹੈ ਉਹ ਇਸ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਪੱਤਰਕਾਰਾਂ ਦੀ ਭਲਾਈ ਲਈ ਦਿਨ ਰਾਤ ਕੰਮ ਕਰਨਗੇ।



## ਮਾਣ ਪੰਜਾਬੀਆਂ 'ਤੇ ਅੰਤਰਰਾਸ਼ਟਰੀ ਸਾਹਿਤਕ ਮੰਚ ਇੰਗਲੈਂਡ ਦਾ 20ਵਾਂ ਸਾਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ

**ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)**- ਮਾਣ ਪੰਜਾਬੀਆਂ 'ਤੇ ਅੰਤਰਰਾਸ਼ਟਰੀ ਸਾਹਿਤਕ ਮੰਚ ਇੰਗਲੈਂਡ ਦਾ 20ਵਾਂ ਸਾਲਾਨਾ ਸਮਾਗਮ, ਗੁਰਦੁਆਰਾ ਨਾਨਕਸਰ ਬੀੜ ਰਾਉਕੇ ਵਿਖੇ ਕੀਤਾ ਗਿਆ ਜਿਸ ਵਿੱਚ ਵਿਸ਼ਵ ਪ੍ਰਸਿੱਧ ਧਾਰਮਿਕ ਰਚਨਾ ਅੰਮ੍ਰਿਤਸਰ ਵੱਲ ਜਾਂਦੇ ਰਾਹੀਓ ਜਾਣਾ ਗੁਰੂ ਦੁਆਰੇ ਬਈ ਦੇ ਰਚੇਤਾ ਸ: ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਦੀ 18ਵੀਂ ਪੁਸਤਕ 'ਸੋਨੇ ਦੀ ਤਸਵੀਰ' ਦਾ ਲੋਕ ਅਰਪਣ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤੀ ਗਈ ।ਇਸ ਮੌਕੇ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਹੋਇਆ, ਜਿਸ ਵਿੱਚ ਦੂਰ ਦੂਰ ਤੋਂ ਪਹੁੰਚੇ ਮਹਾਨ ਕਵੀਆਂ ਨੇ ਹਾਜ਼ਰੀ ਭਰੀ ।ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ: ਸ਼ੇਲਿੰਦਰਜੀਤ ਸਿੰਘ ਰਾਜਨ, ਪੰਜਾਬੀ ਭਾਸ਼ਾ ਦੇ ਮਾਹਿਰ ਸ: ਜਗਤਾਰ ਸਿੰਘ ਅਧਿਆਪਕ, ਨਿਰਮਲ ਕੌਰ ਕੋਟਲਾ, ਕੁਲਵਿੰਦਰ ਸਿੰਘ ਗਾਖਲ ਅਤੇ ਸ: ਸਤਬੀਰ ਸਿੰਘ ਅੰਮ੍ਰਿਤਸਰ ਅਤੇ ਗੁਰਸੇਵਕ ਸਿੰਘ ਮੁੱਖ ਅਧਿਆਪਕ ਹਾਜ਼ਰ ਹੋਏ ।ਇਸ ਮੌਕੇ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਤੋਂ ਸ਼ੇਲਿੰਦਰਜੀਤ ਸਿੰਘ ਰਾਜਨ, ਮਾ: ਮਨਜੀਤ ਸਿੰਘ ਵੱਸੀ, ਮੱਖਣ ਸਿੰਘ ਭੈਣੀਵਾਲਾ, ਡਾ: ਕੁਲਵੰਤ ਸਿੰਘ ਬਾਠ, ਕਾਲੇ ਸ਼ਾਹ ਟਾਂਗਰਾ, ਤੇਜਪਾਲ ਸਿੰਘ ਰਾਣਾ, ਸੁਰਿੰਦਰ ਖਿਲਚੀਆਂ, ਸੁਕਦੇਵ ਸਿੰਘ ਗੰਡਵਾਂ, ਲਾਲੀ ਕਰਤਾਰਪੁਰੀ, ਪੰਜਾਬ ਸਾਹਿਤਕ ਮੰਚ ਜਲੰਧਰ ਤੋਂ ਕੁਲਵਿੰਦਰ ਸਿੰਘ ਗਾਖਲ, ਹਰਜਿੰਦਰ ਸਿੰਘ ਜਿੰਦੀ, ਅਵਤਾਰ ਸਿੰਘ ਬੈਂਸ, ਸਾਹਿਬਾਂ ਜੀਟਨ ਕੌਰ ਬਾਂਸਲ, ਵਿਸ਼ਵ ਪੰਜਾਬੀ ਸਾਹਿਤਕ ਨਾਰੀ ਮੰਚ ਤੋਂ ਪ੍ਰਧਾਨ ਨਿਰਮਲ ਕੌਰ ਕੋਟਲਾ, ਬਲਵਿੰਦਰ ਕੌਰ ਪੰਧੇਰ, ਬਲਜੀਤ ਕੌਰ ਝੂਟੀ, ਅਮਰਜੀਤ ਕੌਰ ਮਰਿੰਡਾ, ਸੁਰਿੰਦਰ ਕੌਰ ਸਰਾਏ, ਹਰਜੀਤ ਕੌਰ ਮਾਵੀ, ਬੇਟੀ ਸਹਿਜਦੀਪ ਕੌਰ ਅੰਮ੍ਰਿਤਸਰ, ਜਸਵੰਤ ਬੋਪਾਰਾਏ, ਪ੍ਰਸ਼ੋਤਮ ਪੱਤੋ, ਜਗਦੇਵ ਸਿੰਘ ਕਲਸੀ, ਸਵਰਨ ਸਿੰਘ ਗਿੱਲ, ਗੁਰਮੇਲ ਸਿੰਘ ਭੱਲਰ, ਅਮਰਜੀਤ ਸਿੰਘ ਫੌਜੀ ਪ੍ਰਧਾਨ, ਅਮਰ ਸਿੰਘ ਅਮਰ, ਬਲਵੰਤ ਸਿੰਘ ਵਿਰਕ, ਕਮਲ ਰਾਣੀ ਬੁਢਲਾਡਾ, ਮਨਪ੍ਰੀਤ ਕੌਰ ਲੁਧਿਆਣਾ, ਮਨਦੀਪ ਕੌਰ ਭਦੌੜ, ਚਰਨ ਸਿੰਘ ਭਦੌੜ, ਚਰਨਜੀਤ ਕੌਰ ਢਿੱਲੋਂ, ਗੁਰਬਿੰਦਰ ਕੌਰ ਗਿੱਲ, ਡਾ. ਸਰਬਜੀਤ ਕੌਰ ਬਰਾੜ ਨੇ ਕਾਵਿ ਰਚਾਨਵਾਂ ਪੇਸ਼ ਕੀਤੀਆਂ ।ਸਰਕਾਰੀ ਹਾਈ ਸਕੂਲ ਬੀੜ ਰਾਉਕੇ ਦੇ ਵਿਦਿਆਰਥੀ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਜਿਨ੍ਹਾਂ ਵਿੱਚੋਂ ਕੁੱਝ ਨੇ ਆਪਣੀਆਂ ਰਚਨਾਵਾਂ ਵੀ ਸੁਣਾਈਆਂ।ਸਮਾਪਤੀ ਵੇਲ਼ੇ ਲਖਵਿੰਦਰ ਸਿੰਘ ਲੱਖਾ ਵੱਲੋਂ ਅਤੇ ਪ੍ਰਬੰਧਕਾਂ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਦੌਰਾਨ ਹੀ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਸ਼ੇਲਿੰਦਰਜੀਤ ਸਿੰਘ ਰਾਜਨ, ਅੰਮ੍ਰਿਤਸਰ ਤੋਂ ਸਤਬੀਰ ਸਿੰਘ, ਕੁਲਵਿੰਦਰ ਸਿੰਘ ਗਾਖਲ, ਨਿਰਮਲ ਕੌਰ ਕੋਟਲਾ, ਸਵਰਨ ਸਿੰਘ ਗਿੱਲ ਅਤੇ ਹੋਰਾਂ ਵੱਲੋਂ ਸ: ਲਖਵਿੰਦਰ ਸਿੰਘ ਲੱਖਾ ਨੂੰ ਵੀ ਸਨਮਾਨਿਤ ਕੀਤਾ ਗਿਆ।



## ਆਟੋਮੇਟਿਡ ਡਰਾਈਵਿੰਗ ਟੈਸਟ ਟਰੈਕ ਦਾ ਲਾਭ ਉਠਾਉਣ ਸਥਾਨਕ ਲੋਕ : ਆਰ ਟੀ ਓ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਜਨਲ ਟਰਾਂਸਪੋਰਟ ਅਫ਼ਸਰ (ਆਰ.ਟੀ.ਓ) ਸੰਜੀਵ ਕੁਮਾਰ ਸ਼ਰਮਾ ਨੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਲੋਕਾਂ ਦੀ ਸਹੂਲਤ ਲਈ ਹੁਸ਼ਿਆਰਪੁਰ ਅਤੇ ਦਸੂਹਾ ਵਿਖੇ ਦੋ ਡਰਾਈਵਿੰਗ ਟੈਸਟ ਟਰੈਕ ਸਥਾਪਿਤ ਕੀਤੇ ਗਏ ਹਨ।ਉਨ੍ਹਾਂ ਦਸੂਹਾ, ਮੁਕੇਰੀਆਂ ਅਤੇ ਤਲਵਾੜਾ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲਾਇਸੰਸ ਬਣਾਉਣ ਲਈ ਖੇੜਾ ਕੋਟਲੀ ਦਸੂਹਾ ਵਿਖੇ ਸਥਿਤ ਆਟੋਮੇਟਿਡ ਡਰਾਈਵਿੰਗ ਟੈਸਟ ਟਰੈਕ ਦੀ ਵਰਤੋਂ ਕਰਨ।ਉਨ੍ਹਾਂ ਕਿਹਾ ਕਿ ਇਹ ਦੇਖਿਆ ਗਿਆ ਹੈ ਕਿ ਉਪਰੋਕਤ ਇਲਾਕਿਆਂ ਤੋਂ ਲੋਕ ਵੀ ਕੰਮ ਲਈ ਹੁਸ਼ਿਆਰਪੁਰ ਡਰਾਈਵਿੰਗ ਟਰੈਕ 'ਤੇ ਆਉਂਦੇ ਹਨ। ਇਸ ਨਾਲ ਨਾ ਸਿਰਫ਼ ਹੁਸ਼ਿਆਰਪੁਰ ਟਰੈਕ 'ਤੇ ਭੀੜ ਵਧ ਰਹੀ ਹੈ, ਸਗੋਂ ਲੋਕਾਂ ਨੂੰ ਬੇਲੋੜੀ ਅਸੁਵਿਧਾ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਦਸੂਹਾ ਟਰੈਕ, ਜੋ ਕਿ ਤਲਵਾੜਾ, ਮੁਕੇਰੀਆਂ ਅਤੇ ਆਸਪਾਸ ਦੇ ਇਲਾਕਿਆਂ ਦੇ ਲੋਕਾਂ ਲਈ ਵਧੇਰੇ ਸੁਵਿਧਾਜਨਕ ਹੈ ਅਤੇ ਉੱਥੋਂ ਦੀਆਂ ਸਹੂਲਤਾਂ ਵੀ ਹੁਸ਼ਿਆਰਪੁਰ ਟਰੈਕ ਵਾਂਗ ਹੀ ਆਧੁਨਿਕ ਅਤੇ ਭਰੋਸੇਮੰਦ ਹਨ।ਆਰ.ਟੀ.ਓ ਨੇ ਕਿਹਾ ਕਿ ਇਸ ਨਾਲ ਨਾ ਸਿਰਫ਼ ਤਲਵਾੜਾ ਅਤੇ ਮੁਕੇਰੀਆਂ ਵਰਗੇ ਇਲਾਕਿਆਂ ਦੇ ਲੋਕਾਂ ਦਾ ਸਮਾਂ ਅਤੇ ਪੈਂਡਾ ਬਚੇਗਾ, ਬਲਕਿ ਹੁਸ਼ਿਆਰਪੁਰ ਟਰੈਕ 'ਤੇ ਭੀੜ ਨੂੰ ਘਟਾਉਣ ਵਿਚ ਵੀ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਕਮਿਸ਼ਨਰ ਪੰਜਾਬ ਜਸਪ੍ਰੀਤ ਸਿੰਘ ਦੀ ਯੋਗ ਅਗਵਾਈ ਅਤੇ ਮਾਰਗਦਰਸ਼ਨ ਵਿਚ ਪੰਜਾਬ ਦੇ ਸਾਰੇ 32 ਆਟੋਮੇਟਿਡ ਡਰਾਈਵਿੰਗ ਟੈਸਟ ਟਰੈਕਾਂ ਨੂੰ ਮੁੜ ਸੁਰਜੀਤ ਕੀਤਾ ਗਿਆ ਹੈ।ਸੰਜੀਵ ਕੁਮਾਰ ਸ਼ਰਮਾ ਨੇ ਕਿਹਾ ਕਿ ਸਾਡਾ ਉਦੇਸ਼ ਲੋਕਾਂ ਨੂੰ ਬਿਹਤਰ ਅਤੇ ਸੁਵਿਧਾਜਨਕ ਸੇਵਾਵਾਂ ਪ੍ਰਦਾਨ ਕਰਨਾ ਹੈ। ਦਸੂਹਾ ਡਰਾਈਵਿੰਗ ਟਰੈਕ ਦੀ ਵਰਤੋਂ ਕਰਕੇ ਲੋਕ ਨਾ ਸਿਰਫ ਆਪਣੀ ਸਹੂਲਤ ਵਧਾ ਸਕਦੇ ਹਨ ਬਲਕਿ ਹੁਸ਼ਿਆਰਪੁਰ ਟਰੈਕ 'ਤੇ ਭੀੜ-ਭੜੱਕੇ ਨੂੰ ਘਟਾਉਣ ਵਿਚ ਵੀ ਯੋਗਦਾਨ ਪਾ ਸਕਦੇ ਹਨ।




## ਆਰ ਬੀ ਯੂ ਵਿਖੇ 'ਫਿਊਜ਼ਨ ਫਿਊਚਰ' 'ਤੇ ਲੈਕਚਰ



**ਮੋਹਾਲੀ (ਗੁਰਜੀਤ ਬਿੱਲਾ)**

ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਐਜੂਕੇਸ਼ਨ ਐਂਡ ਸੋਸ਼ਲ ਸਾਇੰਸਿਜ਼ ਨੇ ਸਿੱਖਿਆ ਅਤੇ ਕਾਰਪੋਰੇਟ ਸਿਖਲਾਈ ਖੇਤਰ ਤੋਂ ਮਾਹਰ ਅੰਮ੍ਰਿਤਾ ਦੀ ਅਗਵਾਈ ਵਿੱਚ ਇੱਕ ਪ੍ਰੇਰਨਾਦਾਇਕ ਸੈਸ਼ਨ ਦਾ ਆਯੋਜਨ ਕੀਤਾ।ਪਿਛਲੇ ਦੋ ਦਹਾਕਿਆਂ ਤੋਂ ਵੱਧ ਦੇ ਤਜਰਬੇ ਦੇ ਨਾਲ ਅਤੇ ਵਰਤਮਾਨ ਵਿੱਚ ਆਈ ਪੀ ਬੀ ਮੋਹਾਲੀ ਵਿਖੇ ਫਰੈਂਚਾਈਜ਼ ਕਾਰੋਬਾਰ ਦੇ ਮੁਖੀ ਅਤੇ ਸੀਨੀਅਰ ਸਾਫਟ ਸਕਿੱਲ ਟ੍ਰੇਨਰ ਵਜੋਂ ਸੇਵਾ ਨਿਭਾ ਰਹੀ ਅੰਮ੍ਰਿਤਾ ਨੇ ਫਿਊਜ਼ਨ ਫਿਊਚਰ : ਜਿੱਥੇ ਲਿਬਰਲ ਆਰਟਸ ਇਨੋਵੇਸ਼ਨ ਨੂੰ ਮਿਲਦੇ ਹਨ ਵਿਸ਼ੇ 'ਤੇ ਇੱਕ ਸੈਸ਼ਨ ਦਾ ਸੰਚਾਲਨ ਕੀਤਾ।ਇਹ ਸੈਸ਼ਨ ਅਨੁਕੂਲ ਚਿੰਤਕਾਂ, ਨਵੀਨਤਾਕਾਰਾਂ ਅਤੇ ਭਾਵਨਾਤਮਕ ਤੌਰ 'ਤੇ ਬੁੱਧੀਮਾਨ ਅਤੇ ਹਮਦਰਦ ਨੇਤਾਵਾਂ ਨੂੰ ਪੈਦਾ ਕਰਨ ਵਿੱਚ ਉਦਾਰਵਾਦੀ ਕਲਾਵਾਂ ਦੀ ਭੂਮਿਕਾ 'ਤੇ ਕੇਂਦ੍ਰਿਤ ਸੀ।ਸਕੂਲ ਆਫ਼ ਐਜੂਕੇਸ਼ਨ ਐਂਡ ਸੋਸ਼ਲ ਸਾਇੰਸਿਜ਼ ਦੇ ਡੀਨ ਡਾ. ਇੰਦਰਪ੍ਰੀਤ ਕੌਰ ਨੇ ਲਿਬਰਲ ਆਰਟਸ ਵਿੱਚ ਤਕਨਾਲੋਜੀ ਦੇ ਏਕੀਕਰਨ 'ਤੇ ਚਾਨਣਾ ਪਾਇਆ ਕਿਉਂਕਿ ਇਹ ਸਿੱਖਣ ਦੇ ਤਜ਼ਰਬੇ ਨੂੰ ਅਮੀਰ ਬਣਾਉਂਦਾ ਹੈ, ਹੁਨਰਾਂ ਵਿਚ ਵਾਧਾ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਗ੍ਰੈਜੂਏਟ ਡਿਜੀਟਲ ਯੁੱਗ ਦੀਆਂ ਜਟਿਲਤਾਵਾਂ ਲਈ ਚੰਗੀ ਤਰ੍ਹਾਂ ਤਿਆਰ ਹੋਣ।ਡਾ. ਜਸਪਾਲ ਸਿੰਘ ਜੱਸੀ ਐਚ ਓ ਡੀ ਸੋਸ਼ਲ ਸਾਇੰਸਿਜ਼ ਵੀ ਇਸ ਮੌਕੇ ਮੌਜੂਦ ਸਨ।

## ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਦੀ ਯੋਜਨਾ ਕਿਸਾਨਾਂ ਲਈ ਹੋਵੇਗੀ ਲਾਹੇਵੰਦ : ਹਰਜੋਤ ਬੈਂਸ




**ਨੰਗਲ (ਸੁਰਜੀਤ ਸਿੰਘ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਹਰ ਖੇਤਰ ਵਿਚ ਵਿਕਾਸ ਦੀਆਂ ਨਵੀਆਂ ਪਿਰਤਾਂ ਪਾਈਆਂ ਹਨ। ਆਮ ਵਰਗ ਲਈ ਸਿੱਖਿਆ ਅਤੇ ਸਿਹਤ ਨੂੰ ਪ੍ਰਮੁੱਖਤਾ 'ਤੇ ਰੱਖਿਆ ਹੈ, ਇਸ ਤੋਂ ਇਲਾਵਾ ਪੰਜਾਬ ਦੀ ਆਰਥਿਕਤਾ ਦਾ ਧੁਰਾ ਕਿਸਾਨੀ ਨੂੰ ਪ੍ਰਫੁੱਲਿਤ ਕਰਨ ਲਈ ਪੰਜਾਬ ਦੇ ਹਿੱਸੇ ਦੇ ਪਾਣੀਆਂ ਦੀ ਵੱਡੀ ਲੜਾਈ ਜਿੱਤ ਕੇ ਦਹਾਕਿਆਂ ਤੋਂ ਪੰਜਾਬ ਦਾ ਪਾਣੀ ਹੋਰ ਸੂਬਿਆਂ ਨੂੰ ਜਾਣ ਤੋ ਰੋਕ ਕੇ ਪੰਜਾਬ ਦੇ ਕਿਸਾਨਾ ਦੇ ਖੇਤਾਂ ਤੱਕ ਪਹੁੰਚਾਇਆ ਹੈ। ਇਸੇ ਲੜੀ ਤਹਿਤ ਸੂਬੇ ਦੇ ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚ ਰਿਹਾ ਹੈ, ਜਿਸ ਨਾਲ ਜਿੱਥੇ ਸੂਬੇ ਵਿੱਚ ਬਿਜਲੀ ਦੀ ਬੱਚਤ ਹੋਵੇਗੀ, ਉਥੇ ਧਰਤੀ ਹੇਠਲਾ ਪਾਣੀ ਘੱਟ ਵਰਤੋਂ ਨਾਲ ਜ਼ਮੀਨ ਦੀ ਸਿਹਤ ਵੀ ਠੀਕ ਹੋ ਜਾਵੇਗੀ। ਪੰਜਾਬ ਦੇ ਕਿਸਾਨ ਆਪਣੀਆਂ ਮੋਟਰਾਂ ਤੇ ਡੂੰਘੇ ਬੋਰਾਂ ਦੇ ਰੱਖ ਰਖਾਓ 'ਤੇ ਖਰਚ ਹੋਣ ਤੋਂ ਵੀ ਬਚ ਜਾਣਗੇ।ਇਹ ਪ੍ਰਗਟਾਵਾ ਹਰਜੋਤ ਬੈਂਸ ਸਿੱਖਿਆ ਮੰਤਰੀ ਪੰਜਾਬ ਨੇ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ 'ਸਿੱਖਿਆ ਕ੍ਰਾਂਤੀ' ਤਹਿਤ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਸਕੂਲਾਂ ਵਿਚ ਮੁਕੰਮਲ ਹੋਏ ਵੱਖ-ਵੱਖ ਕੰਮਾਂ ਦਾ ਉਦਘਾਟਨ ਕਰਦਿਆਂ ਕੀਤਾ। ਸਿੱਖਿਆ ਮੰਤਰੀ ਨੇ ਕਿਹਾ ਕਿ ਰਾਜ ਵਿਚ ਸਿੱਖਿਆ ਦੇ ਖੇਤਰ ਨੂੰ ਬਣਦੀ ਤਰਜ਼ੀਹ ਪਹਿਲੀ ਵਾਰ ਦਿੱਤੀ ਗਈ ਹੈ ਜਿਸ ਦਾ ਸਿਹਰਾ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਨੂੰ ਜਾਂਦਾ ਹੈ।ਬੈਂਸ ਨੇ ਸਰਕਾਰੀ ਪ੍ਰਾਇਮਰੀ ਸਕੂਲ ਦਾ ਦਬਖੇੜਾ ਲੋਅਰ, ਸਰਕਾਰੀ ਪ੍ਰਾਇਮਰੀ ਸਕੂਲ ਦਬਖੇੜਾ ਅੱਪਰ, ਸਰਕਾਰੀ ਪ੍ਰਾਇਮਰੀ ਸਕੂਲ ਬ੍ਰਹਮਪੁਰ ਲੋਅਰ, ਸਰਕਾਰੀ ਪ੍ਰਾਇਮਰੀ ਸਕੂਲ ਬੰਦਲੈਹੜੀ, ਸਰਕਾਰੀ ਪ੍ਰਾਇਮਰੀ ਸਕੂਲ ਜੋਹਲ, ਸਰਕਾਰੀ ਪ੍ਰਾਇਮਰੀ ਸਕੂਲ ਮੈਦਾਮਾਜਰਾ, ਸਰਕਾਰੀ ਪ੍ਰਾਇਮਰੀ ਸਕੂਲ ਕਥੇੜਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਥੇੜਾ, ਸਰਕਾਰੀ ਪ੍ਰਾਇਮਰੀ ਸਕੂਲ ਨੰਗਲ ਨਿੱਕੂ, ਸਰਕਾਰੀ ਮਿਡਲ ਸਕੂਲ ਨੰਗਲ ਨਿੱਕੂ, ਸਰਕਾਰੀ ਹਾਈ ਸਕੂਲ ਮਾਣਕਪੁਰ ਵਿੱਚ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ।ਬੈਂਸ ਨੇ ਕਿਹਾ ਕਿ ਸੂਬੇ ਦੇ 20 ਹਜ਼ਾਰ ਸਰਕਾਰੀ ਸਕੂਲਾਂ ਵਿੱਚੋਂ ਉਹ ਲਗਭਗ 1200 ਸਕੂਲਾਂ ਦਾ ਨਿੱਜੀ ਤੌਰ ਤੇ ਦੌਰਾ ਕਰ ਚੁੱਕੇ ਹਨ, ਬਾਰਡਰ ਰੇਂਜ ਤੇ ਸਰਕਾਰੀ ਸਕੂਲਾਂ ਦੀ ਤਰਸਯੋਗ ਹਾਲਤ ਨੂੰ ਨੇੜੇ ਤੋਂ ਜਾਣਿਆ ਹੈ। ਉਨ੍ਹਾਂ ਨੇ ਕਿਹਾ ਕਿ ਜਿਹੜੇ ਸਕੂਲਾਂ ਨੂੰ ਜੋ ਸਹੂਲਤਾਂ ਚਾਹੀਦੀਆਂ ਹਨ ਉਹ ਭਾਵੇ ਚਾਰਦੀਵਾਰੀ, ਲੈਬੋਰਟਰੀ, ਫਰਨੀਚਰ, ਲਾਇਬ੍ਰੇਰੀ, ਖੇਡ ਮੈਦਾਨ ਜਾਂ ਹੋਰ ਸਹੂਲਤਾਂ ਲੋੜੀਦੀਆਂ ਹੋਣ ਉਹ ਸਾਰੀਆਂ ਮੁਹੱਈਆ ਕਰਵਾ ਦਿੱਤੀਆਂ ਹਨ।ਉਨ੍ਹਾਂ ਨੇ ਕਿਹਾ ਕਿ ਸਿੱਖਿਆ ਲਈ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀ ਹੈ। ਬੈਂਸ ਨੇ ਕਿਹਾ ਕਿ 200 ਕਰੋੜ ਦੀ ਲਾਗਤ ਨਾਲ ਪਾਈਪਾਂ ਰਾਹੀ ਨਹਿਰੀ ਪਾਣੀ ਕਿਸਾਨਾ ਦੇ ਖੇਤਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਹੁਣ ਕਿਸਾਨਾ ਦੇ ਖੇਤਾ ਨੂੰ ਨਹਿਰੀ ਪਾਣੀ ਲੱਗੇਗਾ ਜਿਸ ਨਾਲ ਖਾਦ, ਦਵਾਈ ਦੀ ਵਰਤੋਂ ਘੱਟ ਤੇ ਫਸਲ ਦੀ ਪੈਦਾਵਾਰ ਵਧੇਰੇ ਹੋਵੇਗੀ।ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ,ਕੁਲਵੀਰ ਸਿੰਘ ਡੀ.ਐਸ.ਪੀ, ਸੁਰਿੰਦਰਪਾਲ ਸਿੰਘ ਉਪ ਜਿਲ੍ਹਾ ਸਿੱਖਿਆ ਅਫਸਰ, ਦਇਆ ਸਿੰਘ ਸਿੱਖਿਆ ਕੋਆਰਡੀਨੇਟਰ, ਸਤੀਸ਼ ਚੋਪੜਾ ਬਲਾਕ ਪ੍ਰਧਾਨ, ਮਨੀਸ਼, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਮਨਵੀਰ ਸਿੰਘ ਕਾਰਜ ਸਾਧਕ ਅਫਸਰ, ਮਨਜੋਤ ਸਿੰਘ, ਐਡਵੋਕੇਟ ਨਿਸ਼ਾਤ ਗੁਪਤਾ, ਹਿਤੇਸ ਸ਼ਰਮਾ ਕੋਆਰਡੀਨੇਟਰ ਯੁੱਧ ਨਸ਼ਿਆ ਵਿਰੁੱਧ,ਮੋਹਿਤ ਦੀਵਾਨ, ਰਾਜੀਵ ਅਰੋੜਾ,ਵਿਕਰਮ ਸਚਦੇਵਾ, ਨਿਸ਼ਾਤ, ਮੁਕੇਸ਼ ਵਰਮਾ, ਰਾਜੂ ਅਰੋੜਾ, ਸੁਖਵਿੰਦਰ ਸੇਖੋਂ, ਜੌਹਲ ਸਰਪੰਚ ਤੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀ, ਪੰਚ, ਸਰਪੰਚ, ਮਾਪੇ ਤੇ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਵੱਡੀ ਗਿਣਤੀ ਵਿਚ ਹਾਜ਼ਰ ਸਨ।

## ਫਰੀ ਮੈਡੀਕਲ ਕੈਂਪ ਲਗਾਇਆ



**ਮੋਹਾਲੀ, (ਗੁਰਜੀਤ ਬਿੱਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜ਼ਿੰਦਗੀ ਦੀ ਨੱਠ ਭੱਜ ਦੌਰਾਨ ਕਰਮਚਾਰੀਆਂ 'ਤੇ ਵੱਧ ਰਹੇ ਤਣਾਅ ਦੇ ਮੱਦੇ ਨਜ਼ਰ ਮਾਹਿਰ ਡਾਕਟਰਾਂ ਦੀਆਂ ਟੀਮਾਂ ਵੱਲੋਂ ਫਰੀ ਮੈਡੀਕਲ ਕੈਂਪ ਲਗਾਇਆ ਗਿਆ।ਇਸ ਦਾ ਉਦਘਾਟਨ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਅਮਰਪਾਲ ਸਿੰਘ, ਆਈ ਏ ਐੱਸ (ਰਿਟਾ:) ਵੱਲੋਂ ਕੀਤਾ ਗਿਆ।ਪੰਜਾਬ ਸਕੂਲ ਸਿੱਖਿਆ ਬੋਰਡ ਦੇ ਤਕਰੀਬਨ 296 ਮੁਲਾਜ਼ਮਾਂ ਦਾ ਮੈਡੀਕਲ ਚੈਕਅੱਪ ਕੀਤਾ ਗਿਆ।ਇਸ ਕੈਂਪ ਦਾ ਆਯੋਜਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਿਵਾਸਾ ਹਸਪਤਾਲ ਸਕੈਟਰ-71 ਮੋਹਾਲੀ ਅਤੇ ਪ੍ਰੋ ਸਾਈਟ ਆਈ ਹਸਪਤਾਲ ਸੈਕਟਰ-43 ਬੀ ਚੰਡੀਗੜ੍ਹ ਦੇ ਸਹਿਯੋਗ ਨਾਲ ਕੀਤਾ ਗਿਆ।ਇਸ ਕੈਂਪ ਸਬੰਧੀ ਬੋਰਡ ਦੇ ਬੁਲਾਰੇ ਨੇ ਦੱਸਿਆ ਕਿ ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਅਤੇ ਦਫਤਰਾਂ ਵਿੱਚ ਵੱਧ ਰਹੇ ਕੰਮ ਦੇ ਬੋਝ ਕਾਰਨ ਮੁਲਾਜ਼ਮਾਂ ਵਿੱਚ ਤਣਾਅ ਵੱਧ ਰਿਹਾ ਹੈ, ਜਿਸ ਕਾਰਨ ਬਹੁਤ ਸਾਰੇ ਮੁਲਾਜ਼ਮ ਕਈ ਪ੍ਰਕਾਰ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਬੋਰਡ ਮੁਲਾਜ਼ਮਾਂ ਨੇ ਇਸ ਮੈਡੀਕਲ ਕੈਂਪ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਜਿਸ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਇਸਤਰੀ ਕਰਮਚਾਰਨਾਂ ਵੀ ਸ਼ਾਮਿਲ ਸਨ। ਮੈਡੀਕਲ ਕੈਂਪ ਦੌਰਾਨ ਅੱਖਾਂ, ਈ.ਸੀ.ਜੀ, ਓਰਥੋ, ਗਾਇਨੀ, ਦਿਲ, ਸ਼ੂਗਰ ਅਤੇ ਬੀ.ਪੀ ਆਦਿ ਸਬੰਧੀ ਚੈਕਅੱਪ ਕੀਤੇ ਗਏ ਅਤੇ ਮੁਫਤ ਦਵਾਈਆਂ ਵੰਡੀਆਂ ਗਈਆਂ। ਇਸ ਮੈਡੀਕਲ ਕੈਂਪ ਵਿੱਚ ਮੁਲਾਜ਼ਮ ਜੱਥੇਬੰਦੀ ਦੇ ਨੁਮਾਇੰਦੇ ਅਤੇ ਅਹੁਦੇਦਾਰ ਵੀ ਹਾਜ਼ਰ ਸਨ।

30-MAY-PAGE-10.qxd 5/29/2025 10:56 PM Page 1



## ਲੀਗਲ ਏਡ ਡਿਫੈਂਸ ਕਾਊਂਸਲ ਤੇ ਪੈਰਾ ਲੀਗਲ ਵਲੰਟੀਅਰਾਂ ਨੂੰ ਈ-ਸ਼ਰਮ ਪੋਰਟਲ ਦੀ ਟ੍ਰੇਨਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਸ੍ਰੀ ਸਰਬਜੀਤ ਸਿੰਘ ਧਾਲੀਵਾਲ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਦੀ ਰਹਿਨੁਮਾਈ ਹੇਠ ਮਿਸ ਕਿਰਨ ਜਯੋਤੀ, ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਤੇ ਕਰਨ ਗੋਇਲ ਲੇਬਰ ਇੰਸਪੈਕਟਰ ਦੁਆਰਾ ਲੀਗਲ ਏਡ ਡਿਫੈਂਸ ਕਾਊਂਸਲ ਤੇ ਪੈਰਾ ਲੀਗਲ ਵਲੰਟੀਅਰਾਂ ਨੂੰ ਜੁਡੀਸ਼ੀਅਲ ਕੋਰਟਸ ਕੰਪਲੈਕਸ ਮੋਗਾ ਵਿਖੇ ਈ-ਸ਼ਰਮ ਪੋਰਟਲ ਦੀ ਟ੍ਰੇਨਿੰਗ ਸਬੰਧੀ ਪ੍ਰੋਗਰਾਮ ਕਰਾਇਆ ਗਿਆ। ਮਿਸ ਕਿਰਨ ਜਯੋਤੀ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਪੋਰਟਲ ਦੇ ਫਾਇਦਿਆਂ ਬਾਰੇ ਜਾਗਰੂਕ ਕੀਤਾ। ਪ੍ਰੋਗਰਾਮ ਵਿੱਚ ਲੇਬਰ ਇੰਸਪੈਕਟਰ ਮੋਗਾ ਵੱਲੋਂ ਅਨਆਰਗੇਨਾਈਜ਼ਡ ਸੈਕਟਰ ਦੇ ਵਰਕਰਾਂ ਨੂੰ ਈ-ਸ਼ਰਮ ਪੋਰਟਲ ਰਾਹੀਂ ਰਜਿਸਟਰ ਕਰਨ ਦੀ ਟ੍ਰੇਨਿੰਗ ਦਿੱਤੀ ਗਈ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਕੋਈ ਵੀ ਅਨਆਰਗੇਨਾਈਜ਼ਡ ਸੈਕਟਰ ਦਾ ਵਰਕਰ ਆਪਣੇ ਆਪ ਹੀ ਆਪਣੇ ਮੋਬਾਇਲ ਤੋਂ ਵੀ ਈ-ਸ਼ਰਮ ਪੋਰਟਲ 'ਤੇ ਰਜਿਸਟਰ ਹੋ ਸਕਦਾ ਹੈ ਤੇ ਇਸ ਲਈ ਕੋਈ ਵੀ ਹੋਰ ਅਪਰੂਵਲ ਅਥਾਰਟੀ ਨਹੀਂ ਹੈ। ਇਸ ਦੇ ਨਾਲ ਉਨ੍ਹਾਂ ਪੋਰਟਲ 'ਤੇ ਰਜਿਸਟਰ ਹੋਣ ਦੇ ਫ਼ਾਇਦਿਆਂ ਬਾਰੇ ਵੀ ਜਾਗਰੂਕ ਕੀਤਾ ਗਿਆ।

## ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਨਸ਼ਿਆਂ ਦਾ ਜੜ੍ਹੋਂ ਖ਼ਾਤਮਾ ਜ਼ਰੂਰੀ : ਵਿਧਾਇਕ ਬੁੱਧ ਰਾਮ



**ਭੀਖੀ (ਧਰਮਵੀਰ ਸ਼ਰਮਾ)**-ਹਲਕਾ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਬੁੱਧਰਾਮ ਨੇ ਕਾਸਮਪੁਰ ਛੀਨਾ, ਆਲਮਪੁਰ ਮੰਦਰਾਂ ਅਤੇ ਉੱਡਤ ਸੈਦੇਵਾਲਾ ਪਿੰਡਾਂ ਵਿੱਚ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਜਿੱਥੇ ਸਰਕਾਰ, ਪੁਲਸ ਪ੍ਰਸ਼ਾਸਨ, ਸਿਵਲ ਪ੍ਰਸ਼ਾਸਨ ਨਸ਼ਿਆਂ ਦੇ ਵਿਰੁੱਧ ਆਪਣਾ ਕੰਮ ਕਰ ਰਹੇ ਹਨ, ਉਥੇ ਹੀ ਹਰੇਕ ਵਿਅਕਤੀ ਦਾ ਵੀ ਫਰਜ਼ ਬਣਦਾ ਹੈ ਕਿ ਆਪਣੀ ਨਸ਼ਿਆਂ ਦੇ ਖਿਲਾਫ਼ ਆਵਾਜ਼ ਬੁਲੰਦ ਕਰ ਕੇ ਇਸ ਬਿਮਾਰੀ ਨੂੰ ਸੂਬੇ ਵਿੱਚੋਂ ਬਾਹਰ ਕਰਨ ਵਿੱਚ ਸਰਕਾਰ ਦਾ ਸਾਥ ਦੇਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਇਸ ਮੁਹਿੰਮ ਦੀ ਹਰ ਪਾਸਿਓਂ ਲੋਕਾਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਵਿਰੋਧੀ ਮੁਹਿੰਮ ਦੇ ਸੂਬੇ ਅੰਦਰ ਕਾਫ਼ੀ ਸਾਰਥਕ ਸਿੱਟੇ ਸਾਹਮਣੇ ਆ ਰਹੇ ਹਨ।ਹਲਕਾ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਕਿਹਾ ਕਿ ਪਿੰਡ ਭੂੰਦੜ ਤੇ ਕਾਹਨੇਵਾਲਾ ਵਿਖੇ ਆਪਣੇ ਦੌਰੇ ਦੌਰਾਨ ਕਿਹਾ ਕਿ ਸਿਹਤਮੰਦ ਪੰਜਾਬ ਦੀ ਸਿਰਜਣਾ ਕਰਨ ਲਈ ਨਸ਼ਿਆਂ ਦਾ ਕੋੜ੍ਹ ਵੱਢਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਦਲਦਲ ਵਿੱਚ ਫਸੇ ਲੋਕਾਂ ਦਾ ਇਲਾਜ ਕਰਵਾ ਕੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਲਈ ਸਰਕਾਰ ਪੂਰੀ ਤਰ੍ਹਾਂ ਤਤਪਰ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਚੜ੍ਹ ਕੇ ਇਸ ਮੁਹਿੰਮ ਦਾ ਹਿੱਸਾ ਬਣ ਕੇ ਨਸ਼ਿਆਂ ਖਿਲਾਫ ਜੰਗ ਵਿੱਚ ਆਪਣਾ ਸਾਥ ਦੇਣ।ਇਸ ਮੌਕੇ ਉਨ੍ਹਾਂ ਲੋਕਾਂ ਨੂੰ ਨਸ਼ਿਆਂ ਦੇ ਸੇਵਨ ਨਾ ਕਰਨ ਅਤੇ ਨਸ਼ਿਆਂ ਖਿਲਾਫ ਆਵਾਜ਼ ਉਠਾਉਣ ਸਬੰਧੀ ਸਹੁੰ ਵੀ ਚੁਕਵਾਈ।

## ਮਹਿੰਦਰ ਭਗਤ ਨੇ ਜਵਾਹਰ ਕੈਂਪ ਦੇ ਇੰਚਾਰਜਾਂ ਨਾਲ ਕੀਤੀ ਮੀਟਿੰਗ




**ਲੁਧਿਆਣਾ (ਰੈਕਟਰ ਕਥੂਰੀਆ)**-ਲੁਧਿਆਣਾ ਪੱਛਮੀ ਉਪ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਚੋਣ ਪ੍ਰਚਾਰ ਨੂੰ ਹੋਰ ਤੇਜ਼ੀ ਦੇਣ ਲਈ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਵਾਰਡ ਨੰਬਰ 72 ਦੇ ਜਵਾਹਰ ਕੈਂਪ ਦੇ ਇੰਚਾਰਜਾਂ ਨਾਲ ਮੀਟਿੰਗ ਕੀਤੀ ਤੇ ਉਨ੍ਹਾਂ ਨੂੰ ਨਾਲ ਲੈ ਕੇ ਇਲਾਕੇ ਵਿੱਚ ਘਰ-ਘਰ ਚੋਣ ਪ੍ਰਚਾਰ ਕੀਤਾ। ਸ੍ਰੀ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਲੋਕ ਕਾਫੀ ਪ੍ਰਭਾਵਿਤ ਹਨ ਤੇ ਚੋਣ ਪ੍ਰਚਾਰ ਦੌਰਾਨ ਲੋਕਾਂ ਵਲੋਂ ਭਰਪੂਰ ਪਿਆਰ ਅਤੇ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਭਗਵੰਤ ਮਾਨ ਸਰਕਾਰ ਵਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਚਲਾਏ ਜਾ ਰਹੇ ਯੁੱਧ ਪੱਧਰੀ ਮੁਹਿੰਮ ਵਿੱਚ ਲੋਕਾਂ ਦੀ ਭਾਗੀਦਾਰੀ ਕਾਰਨ ਇਹ ਮੁਹਿੰਮ ਕਾਮਯਾਬ ਹੋ ਰਹੀ ਹੈ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਘਰ-ਘਰ ਜਾ ਕੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਕਰਨ ਤਾਂ ਜੁ ਲੋਕਾਂ ਨੂੰ ਭਗਵੰਤ ਮਾਨ ਸਰਕਾਰ ਵਲੋਂ ਕੀਤੇ ਗਏ ਕੰਮਾਂ ਬਾਰੇ ਜਾਣੂ ਕਰਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਉਪਰਾਲਿਆਂ ਨਾਲ ਲੋਕ ਕਾਫੀ ਉਤਸ਼ਾਹਤ ਹਨ। ਲੋਕਾਂ ਵਲੋਂ ਦਿੱਤੇ ਜਾ ਰਹੇ ਪਿਆਰ ਅਤੇ ਇੱਜ਼ਤ ਤੋਂ ਇਹ ਸਾਫ ਹੈ ਕਿ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਹੀ ਆਪਣਾ ਨੁਮਾਇੰਦਾ ਚੁਣਨਗੇ।

## ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਵਿਖੇ ਲਗਾਈ ਛਬੀਲ



**ਜਗਰਾਉਂ (ਅਮਿਤ ਖੰਨਾ)**-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਜਗਰਾਉਂ ਵਿਖੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਵੇਦ ਵਰਤ ਪਲਾਹ ਨੇ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਹਾੜੇ ਨੂੰ ਧਿਆਨ ਵਿੱਚ ਰੱਖਦਿਆਂ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ।ਵਿਦਿਆਰਥੀਆਂ ਤੇ ਅਧਿਆਪਕਾਂ ਦੇ ਸਹਿਯੋਗ ਨਾਲ ਇਹ ਕਾਰਜ ਸੰਪੂਰਨ ਹੋਇਆ।ਪੀ.ਟੀ.ਐੱਮ. ਦੌਰਾਨ ਸਕੂਲ ਵਿੱਚ ਆਏ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਛਬੀਲ ਦਾ ਆਨੰਦ ਮਾਣਿਆ।ਇਹ ਕਾਰਜ ਲਗਭਗ ਸਵੇਰ 8:30 ਵਜੇ ਸ਼ੁਰੂ ਹੋਇਆ ਤੇ ਬਾਅਦ ਦੁਪਹਿਰ ਤੱਕ ਚੱਲਦਾ ਰਿਹਾ।ਸਕੂਲ ਵਿੱਚ ਵਿਦਿਆਰਥੀਆਂ ਨੇ ਬੜੇ ਹੀ ਸੇਵਾ-ਭਾਵ ਨਾਲ ਇਸ ਕਾਰਜ ਦੀ ਸੇਵਾ ਕੀਤੀ।ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਜਾਣਕਾਰੀ ਪ੍ਰਦਾਨ ਕੀਤੀ।ਇਸ ਮੌਕੇ ਸਕੂਲ ਦਾ ਸਾਰੇ ਅਧਿਆਪਕ ਸਾਹਿਬਾਨ ਤੇ ਸਹਿਯੋਗੀ ਸਟਾਫ ਮੌਜੂਦ ਸੀ।

## ਸ਼ਨੀ ਜਯੰਤੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪ੍ਰਾਚੀਨ ਸ੍ਰੀ ਸ਼ਿਵ ਸ਼ਨੀ ਮੰਦਰ ਮਾਲ ਸਹਿਬ ਵਿਖੇ ਸ਼ਨੀ ਜਯੰਤੀ (ਭਗਵਾਨ ਸ਼ਨੀ ਦੇਵ ਜੀ ਦਾ ਜਨਮ ਦਿਨ) ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਈ ਗਈ ਅਤੇ ਇਹ ਸਮਾਗਮ ਸ੍ਰੀ ਸ਼ਿਵ ਸ਼ਨੀ ਮੰਦਰ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਦੀ ਅਗਵਾਈ ਵਿੱਚ ਕਰਵਾਇਆ ਗਿਆ ਅਤੇ ਮੰਦਰ ਵਿਖੇ ਸਵੇਰ ਤੋਂ ਰਾਤ 10 ਵਜੇ ਤੱਕ ਭਗਤਾਂ ਦੀਆਂ ਲਾਈਨਾਂ ਲੱਗੀਆਂ ਰਹੀਆਂ ਅਤੇ ਭਗਤਾਂ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਰਿਹਾ।ਸ਼ਨੀ ਜਯੰਤੀ ਮੌਕੇ ਰਾਤ 8 ਵਜੇ ਤੋਂ ਲੈ ਕੇ 10 ਸੰਕੀਰਤਨ ਕੀਤਾ ਗਿਆ ਤੇ ਬਾਅਦ ਵਿੱਚ ਕੇਕ ਦੀ ਰਸਮ ਕੀਤੀ ਗਈ ਅਤੇ ਸਾਰੇ ਹੀ ਭਗਤਾਂ ਵਿੱਚ ਕੇਕ ਵੰਡਿਆਂ ਗਿਆ।ਇਸ ਮੌਕੇ ਯੋਗੇਸ਼ ਬਾਂਸਲ ਯੋਗੀ, ਜਸਵੀਰ ਕੁਮਾਰ ਸ਼ੇਰੀ, ਕੇਵਲ ਕੁਮਾਰ ਬਿੱਟਾ, ਸ਼ਿਵਮ ਕਟਾਰੀਆ, ਸਾਜਨ, ਜੋਨੀ, ਪੰਡਿਤ ਕਾਕੂ ਸ਼ਰਮਾ, ਸੁਮੀਤ ਸਾਹਿਲ ਚੰਚਲ, ਕਮਲ, ਮੈਂਬਰਾਂ ਵੱਲੋਂ ਆਏ ਹੋਏ ਭਗਤਾਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀਆਂ ਨੇ ਹਾਜ਼ਰੀ ਲਗਾਈ।

## ਏਮਜ਼ ਵਿਖੇ ਵਿਸ਼ਵ ਹਾਈਪਰਟੈਂਸ਼ਨ ਦਿਵਸ ਮਨਾਇਆ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਹਾਈਪਰਟੈਂਸ਼ਨ ਇੱਕ ਵੱਡੀ ਜਨਤਕ ਸਿਹਤ ਚੁਣੌਤੀ ਬਣਿਆ ਹੋਇਆ ਹੈ। ਇੱਕ ਸਾਈਲੈਂਟ ਦੇ ਦੱਖਣ-ਪੂਰਬੀ ਏਸ਼ੀਆ ਖੇਤਰ ਵਿੱਚ 294 ਮਿਲੀਅਨ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ।ਹਾਈਪਰਟੈਂਸ਼ਨ (ਹਾਈ ਬਲੱਡ ਪ੍ਰੈਸ਼ਰ) ਆਮ ਤੌਰ 'ਤੇ ਕੋਈ ਲੱਛਣ ਨਹੀਂ ਦਿਖਾਉਂਦਾ, ਜਿਸ ਕਾਰਨ ਜਾਗਰੂਕਤਾ ਬਹੁਤ ਮਹੱਤਵਪੂਰਨ ਬਣ ਜਾਂਦੀ ਹੈ।ਏਮਜ਼ ਬਠਿੰਡਾ ਨੇ 27 ਮਈ 2025 ਨੂੰ ਜਾਗਰੂਕਤਾ ਪੈਦਾ ਕਰਨ ਤੇ ਹਾਈਪਰਟੈਂਸ਼ਨ ਦਾ ਮੁਕਾਬਲਾ ਕਰਨ ਲਈ ਇੱਕ ਮਹੀਨਾ ਚੱਲਣ ਵਾਲੀ ਪਹਿਲਕਦਮੀ ਸ਼ੁਰੂ ਕਰਕੇ ਵਿਸ਼ਵ ਹਾਈਪਰਟੈਂਸ਼ਨ ਦਿਵਸ ਮਨਾਇਆ, ਜੋ ਕਿ ਦਿਲ ਦੀਆਂ ਬਿਮਾਰੀਆਂ ਦਾ ਇੱਕ ਵੱਡਾ ਯੋਗਦਾਨ ਹੈ।ਇਸ ਮੁਹਿੰਮ ਦਾ ਉਦੇਸ਼ ਜਨਤਾ ਨੂੰ ਹਾਈਪਰਟੈਂਸ਼ਨ ਦੀ ਰੋਕਥਾਮ, ਖੋਜ ਤੇ ਨਿਯੰਤਰਣ ਬਾਰੇ ਜਾਗਰੂਕ ਕਰਨਾ ਸੀ।ਇਸ ਪ੍ਰੋਗਰਾਮ ਨੇ ਜੀਵਨਸ਼ੈਲੀ ਵਿੱਚ ਬਦਲਾਅ, ਨਿਯਮਤ ਨਿਗਰਾਨੀ ਤੇ ਸ਼ੁਰੂਆਤੀ ਦਖਲਅੰਦਾਜ਼ੀ ਰਾਹੀਂ ਰੋਕਥਾਮ 'ਤੇ ਜ਼ੋਰ ਦਿੱਤਾ, ਜਿਸ ਵਿੱਚ ਕਮਜ਼ੋਰ ਸਮੂਹਾਂ ਜਿਵੇਂ ਕਿ ਬਜ਼ੁਰਗ, ਨੌਜਵਾਨ ਬਾਲਗ ਜੋ ਆਪਣੀ ਹਾਈਪਰਟੈਂਸ਼ਨ ਸਥਿਤੀ ਤੋਂ ਅਣਜਾਣ ਹਨ ਅਤੇ ਮੋਟਾਪੇ ਵਾਲੇ ਬੱਚਿਆਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ, ਜੋ ਕਿ ਦਿਲ ਦੀਆਂ ਬਿਮਾਰੀਆਂ ਦਾ ਇੱਕ ਜੋਖਮ ਕਾਰਕ ਹੈ। ਇਹ ਪਹਿਲ ਪ੍ਰੋ. ਮੀਨੂ ਸਿੰਘ (ਕਾਰਜਕਾਰੀ ਨਿਰਦੇਸ਼ਕ) ਤੇ ਪ੍ਰੋ. ਡੀ. ਕੇ. ਸਿੰਘ (ਸੰਸਥਾਪਕ ਨਿਰਦੇਸ਼ਕ) ਦੇ ਅਗਵਾਈ ਹੇਠ ਕੀਤੀ ਗਈ, ਡਾ. ਰਾਜੀਵ ਕੁਮਾਰ (ਮੈਡੀਕਲ ਸੁਪਰਡੈਂਟ), ਡਾ. ਰਾਕੇਸ਼ ਕੱਕੜ (ਐੱਚਓਡੀ, ਕਮਿਊਨਿਟੀ ਤੇ ਫੈਮਿਲੀ ਮੈਡੀਸਨ), ਡਾ. ਭੁਪਿੰਦਰ ਸਿੰਘ (ਐੱਚਓਡੀ, ਕਾਰਡੀਓਲੋਜੀ), ਡਾ. ਪ੍ਰੀਤੀ (ਐੱਚਓਡੀ ਮੈਡੀਸਨ), ਡਾ. ਕਮਲੇਸ਼ (ਪ੍ਰਿੰਸੀਪਲ, ਆਈਐੱਨਈਆਰ) ਤੇ ਡਾ. ਦੀਪਕ (ਸਹਾਇਕ ਪ੍ਰੋਫੈਸਰ, ਮੈਡੀਸਨ) ਦੀ ਅਗਵਾਈ ਵਿੱਚ ਇਸ ਪਹਿਲ ਕਦਮੀ ਨੇ ਮੁਫ਼ਤ ਸਕ੍ਰੀਨਿੰਗ ਤੇ ਵਿੱਦਿਅਕ ਸੈਸ਼ਨ ਪੇਸ਼ ਕੀਤੇ।

## ਮੁਸਲਿਮ ਫਰੰਟ ਪੰਜਾਬ ਦੀ ਮੀਟਿੰਗ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਮੁਸਲਿਮ ਫਰੰਟ ਪੰਜਾਬ ਦੀ ਮੋਗਾ ਜ਼ਿਲ੍ਹੇ ਤੇ ਸਾਰੇ ਹਲਕਿਆਂ ਦੀ ਮੀਟਿੰਗ ਮਸਜਿਦ ਵਿਖੇ ਹੋਈ।ਇਹ ਮੀਟਿੰਗ ਸੂਬਾ ਚੇਅਰਮੈਨ ਡਾਕਟਰ ਫਕੀਰ ਮੁਹੰਮਦ ਦੀ ਅਗਵਾਈ ਵਿੱਚ ਹੋਈ।ਫਰੰਟ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਮੁਸਲਮਾਨ ਭਾਈਚਾਰੇ ਦੀਆਂ ਮੰਗਾ ਵੱਲ ਪੰਜਾਬ ਸਰਕਾਰ ਧਿਆਨ ਦੇਵੇ ਜਿਵੇਂ ਕਿ ਜ਼ਿਲ੍ਹੇ ਵਿੱਚ ਕੋਈ ਵੀ ਇਸਲਾਮੀ ਸਕੂਲ ਨਹੀਂ ਹੈ, ਇਸ ਲਈ ਹਲਕਾ ਵਾਇਜ ਹਰ ਇੱਕ ਜ਼ਿਲ੍ਹੇ ਵਿੱਚ ਇਸਲਾਮੀ ਸਕੂਲ ਖੋਲ੍ਹਿਆ ਜਾਵੇ। ਮੁਸਲਿਮ ਸਮਾਜ ਬਹੁਤ ਗਰੀਬ ਹੈ। ਇਨ੍ਹਾਂ ਕੋਲ ਪਿੰਡਾਂ ਵਿੱਚ ਆਪਣੇ ਛੋਟੇ-ਛੋਟੇ ਕਾਰਜ ਕਰਨ ਲਈ ਕੋਈ ਵੀ ਧਰਮਸ਼ਾਲਾ ਨਹੀਂ ਹੈ।ਇਸ ਲਈ ਦੂਜੇ ਗਰੀਬਾਂ ਦੀ ਤਰ੍ਹਾਂ ਮੁਸਲਿਮ ਭਾਈਚਾਰੇ ਲਈ ਧਰਮਸ਼ਾਲਾ ਦਾ ਪ੍ਰਬੰਧ ਕੀਤਾ ਜਾਵੇ।ਬੀ ਸੀ ਓ ਬੀ ਸੀ ਵਿੱਚ ਮੁਸਲਿਮ ਭਾਈਚਾਰੇ ਦੀਆਂ ਬਹੁਤ ਘੱਟ ਜਾਤੀਆਂ ਹਨ, ਇਨ੍ਹਾਂ ਦੀ ਗਿਣਤੀ ਵਧਾਈ ਜਾਵੇ।ਕਬਰਸਤਾਨਾਂ ਦੇ ਲਈ ਨਿਸ਼ਾਨਦੇਹੀ ਕਰਕੇ ਚਾਰਦੀਵਾਰੀ ਕਰਨ ਦਾ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਸੂਬਾ ਖ਼ਜ਼ਾਨਚੀ ਨੂਰ ਮੁਹੰਮਦ, ਜ਼ਿਲ੍ਹਾ ਚੇਅਰਮੈਨ ਜਮਾਲ ਮੁਹੰਮਦ ਕਾਲੇਕੇ, ਪ੍ਰਧਾਨ ਜੀਵਨ ਖਾਂ ਮਨਾਵਾ, ਸੀਨੀਅਰ ਮੀਤ ਪ੍ਰਧਾਨ ਮੁਹੰਮਦ ਵਿੱਕੀ, ਸੈਕਟਰੀ ਮੁਹੰਮਦ ਇਕਬਾਲ ਲੰਡੇ, ਖ਼ਜ਼ਾਨਚੀ ਬੂਟਾ ਖਾਂ ਮੋਗਾ, ਹਲਕਾ ਪ੍ਰਧਾਨ ਮੇਹਰਦੀਨ ਰਾਜੇਆਣਾ ਤੋਂ ਇਲਾਵਾ ਹੋਰ ਮੁਸਲਿਮ ਭਾਈਚਾਰਾ ਵੀ ਹਾਜ਼ਰ ਸੀ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਮੁਜ਼ਾਹਰੇ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿਛਲੇ ਦਿਨੀਂ 20 ਮਈ ਨੂੰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਬੇਚਿਰਾਗ ਪਿੰਡ ਬੀੜ ਐਸ਼ਵਨ ਨੂੰ ਬੇਗਮਪੁਰਾ ਬਣਾਉਣ ਲਈ ਜਾ ਰਹੇ ਸੈਂਕੜੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਪੁਲਸ ਦੀਆਂ ਭਾਰੀ ਰੋਕਾਂ ਲਾ ਕੇ ਘਰਾਂ ਤੇ ਰਾਸਤੇ ਵਿੱਚੋਂ ਹੀ ਗ੍ਰਿਫਤਾਰ ਕਰਕੇ ਔਰਤਾਂ, ਬਜ਼ੁਰਗਾਂ, ਨੌਜਵਾਨਾਂ ਨੂੰ ਜੇਲ੍ਹੀਂ ਸੁੱਟਿਆ, ਜਿਨ੍ਹਾਂ ਦੀ ਰਿਹਾਈ ਲਈ ਸੰਘਰਸ਼ ਕਮੇਟੀ ਨੇ 2 ਜੂਨ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਸੰਗਰੂਰ ਅੱਗੇ ਮੁਜ਼ਾਹਰਾ ਕਰਨ ਦੀਆਂ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਤਿਆਰੀਆਂ ਖਿੱਚ ਲਈਆਂ ਹਨ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਤੇ ਵਿੱਤ ਸਕੱਤਰ ਬਿੱਕਰ ਹਥੋਆ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਪੁਲਸ ਦਹਿਸ਼ਤ ਬਣਾ ਕੇ ਜੇਲ੍ਹੀਂ ਡੱਕ ਕੇ ਡਰ ਦਾ ਮਾਹੌਲ ਸਿਰਜਣਾ ਚਾਹੁੰਦੀ ਸੀ, ਪਰ ਸਰਕਾਰ ਇਸ 'ਚ ਪੂਰੀ ਤਰ੍ਹਾਂ ਨਕਾਮ ਸਾਬਿਤ ਹੋਈ ਹੈ।ਲੋਕਾਂ 'ਤੇ ਸਰਕਾਰ ਨੇ ਪੁਲਸ ਦਬਾਅ ਪਾ ਕੇ ਜੀਂਦ ਰਿਆਸਤ ਦੇ ਰਾਜੇ ਦੀ 927 ਏਕੜ ਜ਼ਮੀਨ ਕਾਰਪੋਰੇਟ ਦੇ ਹਵਾਲੇ ਕਰਨ ਲਈ ਬਜ਼ੁਰਗਾਂ, ਔਰਤਾਂ, ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਹੈ।ਸੰਘਰਸ਼ ਕਮੇਟੀ ਦੇ ਅਗਲੇ ਐਕਸ਼ਨ 2 ਜੂਨ ਨੂੰ ਸੰਗਰੂਰ ਮੁਜ਼ਾਹਰਾ ਕਰਨ ਦੇ ਐਲਾਨ ਤੋਂ ਬਾਅਦ ਹੇੜੀਕੇ, ਖੇੜੀ, ਕੁੰਬੜਵਾਲ, ਨਰਮਾਣਾ, ਝਲੂਰ, ਸਾਦੀਹਰੀ, ਕਕਰਾਲਾ, ਬੌੜਾਂ, ਤੋਲੇਵਾਲ, ਅਮਰਗੜ੍ਹ, ਲਾਂਗੜੀਆ, ਘਾਬਦਾਂ, ਘਰਾਚੋਂ, ਬਟੜਿਆਣਾ, ਕਾਹਨਗੜ੍ਹ, ਕਿਲ੍ਹਾ, ਮੰਡੋੜ ਅਤੇ ਹੋਰ ਪਿੰਡਾਂ ਦੇ ਸਾਥੀਆਂ ਨੂੰ ਰਿਹਾਅ ਕੀਤਾ ਹੈ। ਰਿਹਾਅ ਕਰਨ ਸਮੇਂ ਸਰਕਾਰ ਨੇ ਪਿੰਡਾਂ ਵਿੱਚੋਂ ਆਪਣੇ ਲੀਡਰਾਂ ਤੇ ਪੰਚਾਇਤਾਂ ਨੂੰ ਬੁਲਾ ਕੇ ਲੋਕਾਂ ਨੂੰ ਉਨ੍ਹਾਂ ਦੇ ਹੱਥਠੋਕੇ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਹੜੀ ਨਾਕਾਮ ਰਹੀ ਹੈ।ਲੋਕਾਂ 'ਤੇ ਦਬਾਅ ਰੱਖਣ ਲਈ ਅਜੇ ਮੰਡੋੜ, ਤੋਲੇਵਾਲ, ਸਾਦੀਹਰੀ ਤੇ ਹੋਰ ਕੁਝ ਪਿੰਡਾਂ ਦੇ ਲੋਕਾਂ ਨੂੰ ਜੇਲ੍ਹਾਂ ਵਿੱਚ ਰੱਖਿਆ ਹੋਇਆ ਹੈ, ਜਿਸ ਦੇ ਵਿਰੋਧ ਵਿੱਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ 2 ਜੂਨ ਨੂੰ ਸੰਗਰੂਰ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਮੁਜ਼ਾਹਰਾ ਕਰਨ ਤੇ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜਨ ਦਾ ਐਲਾਨ ਕੀਤਾ ਹੈ, ਜਿਸ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ ਤੇ ਲੋਕ ਭਾਰੀ ਉਤਸ਼ਾਹ ਨਾਲ ਮੁਜ਼ਾਹਰੇ ਵਿੱਚ ਸ਼ਮੂਲੀਅਤ ਕਰਨਗੇ।

## ਜਮਹੂਰੀ ਅਧਿਕਾਰ ਸਭਾ ਦਾ ਵਫਦ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਿਲਿਆ



**ਸੰਗਰੂਰ (ਪ੍ਰਵੀਨ ਸਿੰਘ)**-ਲੈਂਡ ਸੀਲਿੰਗ ਐਕਟ ਤਹਿਤ ਨਿਰਧਾਰਤ ਜ਼ਮੀਨ ਤੋਂ ਵਾਧੂ ਜ਼ਮੀਨ ਬੇਜ਼ਮੀਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਵਿੱਚ ਵੰਡਣ ਦੀ ਮੰਗ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੀ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਸੰਗਰੂਰ ਨੇੜੇ ਮਹਾਰਾਜਾ ਜੀਂਦ ਦੀ 927 ਏਕੜ ਜ਼ਮੀਨ ਵਿੱਚੋਂ ਵਾਧੂ ਜ਼ਮੀਨ ਉੱਪਰ ਆਪਣੀ ਹੱਕ ਜਤਾਈ ਲਈ ਕੀਤੇ ਜਾ ਰਹੇ ਪ੍ਰੋਗਰਾਮ ਨੂੰ ਰੋਕਣ ਲਈ ਸੰਗਰੂਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਤੇ ਸੰਘਰਸ਼ ਵਿੱਚ ਸ਼ਾਮਲ ਮਜ਼ਦੂਰ ਮਰਦ ਔਰਤਾਂ ਨੂੰ ਜੇਲ੍ਹਾਂ ਵਿੱਚ ਡੱਕ ਕੇ ਉਨ੍ਹਾਂ ਨਾਲ ਗੈਰ-ਜਮਹੂਰੀ ਤੇ ਅਣ-ਮਨੁੱਖੀ ਵਿਵਹਾਰ ਕਰਨ ਤੇ ਉਨ੍ਹਾਂ ਦੀ ਰਿਹਾਈ ਕਰਨ ਦੀਆਂ ਮੰਗਾਂ ਨੂੰ ਲੈ ਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਸੰਗਰੂਰ ਦਾ ਇੱਕ ਵਫਦ ਸੂਬਾ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਮੰਡੀ ਕਲਾਂ ਦੀ ਅਗਵਾਈ ਵਿੱਚ ਵਧੀਕ ਡਿਪਟੀ ਕਮਿਸ਼ਨਰ ਤੇ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਨੂੰ ਵੱਖ ਵੱਖ ਤੌਰ 'ਤੇ ਮਿਲਿਆ ਤੇ ਪ੍ਰਸ਼ਾਸਨ ਵੱਲੋਂ ਇਸ ਸੰਘਰਸ਼ ਪ੍ਰਤੀ ਅਪਨਾਏ ਗੈਰ-ਜਮਹੂਰੀ ਤੇ ਜਾਬਰ ਰਵੱਈਏ ਸੰਬੰਧੀ ਆਪਣੇ ਰੋਸ ਦਾ ਇਜ਼ਹਾਰ ਕੀਤਾ ਗਿਆ।ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭੁਟਾਲ, ਸਕੱਤਰ ਕੁਲਦੀਪ ਸਿੰਘ ਨੇ ਅਧਿਕਾਰੀਆਂ ਨੂੰ ਕਿਹਾ ਕਿ ਮਜ਼ਦੂਰਾਂ ਨੂੰ ਆਪਣੇ ਕਾਨੂੰਨੀ ਹੱਕਾਂ ਲਈ ਸ਼ਾਂਤਮਈ ਸੰਘਰਸ਼ ਕਰਨ ਤੋਂ ਰੋਕ ਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਕੇ ਉਨ੍ਹਾਂ ਨਾਲ ਅਣਮਨੁੱਖੀ ਵਿਵਹਾਰ ਕੀਤਾ ਗਿਆ ਹੈ, ਜੋ ਬਰਤਾਨਵੀ ਹਕੂਮਤ ਵੱਲੋਂ ਕੀਤੇ ਜਬਰ ਨੂੰ ਵੀ ਮਾਤ ਪਾਉਂਦਾ ਹੈ।ਜੇਲ੍ਹਾਂ ਵਿੱਚ ਬੰਦ ਮਰਦ ਔਰਤਾਂ ਨੂੰ 24-24 ਘੰਟੇ ਬੈਰਕਾਂ ਵਿੱਚ ਬੰਦ ਰੱਖਣ, ਉਨ੍ਹਾਂ ਨੂੰ ਲੋੜੀਂਦੀਆਂ ਜ਼ਰੂਰਤਾਂ ਤੋਂ ਵਾਂਝਾ ਰੱਖਣ, ਬਿਮਾਰਾਂ ਨੂੰ ਇਲਾਜ ਦੀ ਸਹੂਲਤ ਨਾ ਦੇਣਾ ਸਿਰੇ ਦੀ ਗੈਰ-ਜਮਹੂਰੀ ਤੇ ਤਾਨਾਸ਼ਾਹੀ ਕਾਰਵਾਈ ਹੈ, ਜਿਸ ਦੀ ਉੱਚ ਪੱਧਰੀ ਪੜਤਾਲ ਹੋਣੀ ਚਾਹੀਦੀ ਹੈ।ਵਫਦ ਨੇ ਜੇਲ੍ਹਾਂ ਵਿੱਚ ਬੰਦ ਮਜ਼ਦੂਰਾਂ ਤੇ ਉਨ੍ਹਾਂ ਆਗੂਆਂ ਨੂੰ ਤੁਰੰਤ ਰਿਹਾਅ ਕਰ, ਉਨ੍ਹਾਂ ਉੱਪਰ ਛਾਪੇਮਾਰੀ ਬੰਦ ਕਰਨ ਦੀ ਮੰਗ ਕੀਤੀ।ਵਫ਼ਦ ਵਿੱਚ ਉਪਰੋਕਤ ਤੋਂ ਇਲਾਵਾ ਬਲਵੀਰ ਸਿੰਘ ਲੌਂਗੋਵਾਲ, ਦਰਸ਼ਨ ਸਿੰਘ ਕੁਨਰਾਂ, ਲਖਵੀਰ ਲੌਂਗੋਵਾਲ, ਲਾਲ ਚੰਦ ਤੇ ਗੁਰਜੰਟ ਸਿੰਘ ਬਡਰੁੱਖਾਂ ਸ਼ਾਮਲ ਸਨ।

## ਲੁਧਿਆਣਾ ਜ਼ਿਮਨੀ ਚੋਣ 'ਆਪ' ਸਪੱਸ਼ਟ ਬਹੁਮਤ ਨਾਲ ਜਿੱਤੇਗੀ : ਹੈਪੀ ਗਰਗ

**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਲੁਧਿਆਣਾ ਜ਼ਿਮਨੀ ਚੋਣ ਵਿੱਚ 'ਆਪ' ਸਪੱਸ਼ਟ ਬਹੁਮਤ ਨਾਲ ਜਿੱਤੇਗੀ।ਉਨ੍ਹਾਂ ਕਿਹਾ ਕਿ ਇਹ ਚੋਣ ਸਿਰਫ਼ ਇੱਕ ਰਾਜਨੀਤਕ ਮੁਕਾਬਲਾ ਨਹੀਂ ਹੈ, ਇਹ ਇਮਾਨਦਾਰੀ ਤੇ ਸੇਵਾ-ਅਧਾਰਤ ਸ਼ਾਸਨ ਦੇ ਮੁੱਲਾਂ ਨੂੰ ਹੋਰ ਮਜ਼ਬੂਤ ਕਰਨ ਦਾ ਮੌਕਾ ਹੈ, ਜਿਨ੍ਹਾਂ ਲਈ 'ਆਪ' ਖੜ੍ਹੀ ਹੈ।ਉਨ੍ਹਾਂ ਪਾਰਟੀ ਵਰਕਰਾਂ ਨੂੰ ਫ਼ੈਸਲਾਕੁੰਨ ਜਿੱਤ ਯਕੀਨੀ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਅਣਥੱਕ ਮਿਹਨਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਅਪੀਲ ਕੀਤੀ ਕਿ ਉਹ ਸੂਬੇ ਵਿੱਚ 'ਆਪ' ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਸਮਰਥਨ ਕਰਨ ਅਤੇ ਆਪਣੇ-ਆਪਣੇ ਪਿੰਡਾਂ ਵਿੱਚੋਂ ਨਸ਼ਾ ਖਤਮ ਕਰਨ ਵਿੱਚ ਸਰਕਾਰ ਦਾ ਸਹਿਯੋਗ ਕਰਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਨੂੰ ਕਿਸੇ ਵੀ ਤਰ੍ਹਾਂ ਦਾ ਸਮਰਥਨ ਨਾ ਦੇਣ। ਉਨ੍ਹਾਂ ਦਾ ਸਮੂਹਿਕ ਬਾਈਕਾਟ ਕਰੋ।ਇਹ ਲੋਕ ਕਿਸੇ ਨਾਲ ਸਬੰਧਤ ਨਹੀਂ ਹਨ। ਉਨ੍ਹਾਂ ਨੇ ਜੋ ਜਾਇਦਾਦਾਂ ਬਣਾਈਆਂ ਹਨ, ਉਹ ਆਮ ਲੋਕਾਂ ਦੇ ਘਰਾਂ ਨੂੰ ਤਬਾਹ ਕਰਕੇ ਬਣਾਈਆਂ ਗਈਆਂ ਹਨ। ਅਜਿਹੇ ਲੋਕਾਂ ਨੂੰ ਰੱਬ ਵੀ ਮਾਫ਼ ਨਹੀਂ ਕਰਦਾ।

# ਦਿਵਿਆਂਗਜਨਾਂ ਤੇ ਬਜ਼ੁਰਗਾਂ ਨੂੰ ਮੁਫ਼ਤ ਬਣਾਵਟੀ ਅੰਗਾਂ ਦੀ ਵੰਡ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦਿਵਿਆਂਗਜਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਲਿਆਉਣ ਲਈ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਕਲਿਆਣ ਅਤੇ ਪੁਨਰਵਾਸ ਲਈ ਵੱਡੀ ਪੱਧਰ 'ਤੇ ਕੰਮ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ 24 ਤੋਂ 29 ਮਾਰਚ ਤੱਕ ਮਖੂ, ਜ਼ੀਰਾ, ਤਲਵੰਡੀ ਭਾਈ, ਮਮਦੋਟ, ਗੁਰੂਹਰਸਹਾਏ, ਅਤੇ ਫਿਰੋਜ਼ਪੁਰ ਵਿਚ ਦਿਵਿਆਂਗਜਨਾਂ ਅਤੇ ਬਜ਼ੁਰਗਾਂ ਲਈ ਸ਼ਨਾਖਤੀ ਕੈਂਪ ਲਗਾਏ ਗਏ ਸਨ। ਅੱਜ ਇਨ੍ਹਾਂ ਕੈਂਪਾਂ ਦੌਰਾਨ ਸ਼ਨਾਖਤ ਕੀਤੇ ਗਏ ਦਿਵਿਆਂਗਜਨਾਂ ਅਤੇ ਬਜ਼ੁਰਗਾਂ ਨੂੰ ਮੁਫਤ ਉਪਕਰਣ ਵੰਡੇ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਅਤੇ ਸਹਾਇਕ ਕਮਿਸ਼ਨਰ (ਜ) ਹਰਜੋਤ ਕੌਰ ਵੱਲੋਂ ਬਨਾਵਟੀ ਅੰਗ ਅਤੇ ਉਪਕਰਨ ਜਿਵੇਂ ਮੋਟਰਾਈਜ਼ਡ ਟਰਾਈਸਾਈਕਲ, ਟਰਾਈਸਾਈਕਲ, ਵਹੀਲਚੇਅਰ, ਵਿਸਾਖੀਆਂ, ਐੱਮ ਆਰ ਕਿੱਟ, ਬਨਾਵਟੀ ਅੰਗ/ਕੈਲੀਪਰ, ਕੰਨਾਂ ਦੀਆਂ ਮਸ਼ੀਨਾਂ, ਗੋਡਿਆਂ ਲਈ ਬਰੇਸਿਸ, ਸਿਲੀਕੋਨ ਕੁਸ਼ਨ, ਵਾਕਿੰਗ ਸਟਿਕਸ ਆਦਿ ਦੀ ਵੰਡ ਦਿਵਿਆਂਗਜਨ ਅਤੇ ਬਜ਼ੁਰਗ ਲਾਭਪਾਤਰੀਆਂ ਨੂੰ ਕੀਤੀ ਗਈ। ਇਸ ਮੌਕੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਸਮਾਰੋਹ ਵਿੱਚ ਲਗਭਗ 157 ਦਿਵਿਆਂਗਜਨਾਂ ਅਤੇ 71 ਬਜ਼ੁਰਗਾਂ ਨੂੰ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ, ਭਾਰਤ ਸਰਕਾਰ ਦੇ ਦਿਵਿਆਂਗਜਨ ਸਸ਼ਕਤੀਕਰਨ ਵਿਭਾਗ ਦੇ ਅਧੀਨ ਕੰਮ ਕਰ ਰਹੇ ਭਾਰਤੀ ਕਰਿਤਰਮ ਅੰਗ ਨਿਰਮਾਣ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਜ਼ਿਲ੍ਹਾ ਰੈਡ ਕਰਾਸ, ਫ਼ਿਰੋਜ਼ਪੁਰ ਦੇ ਸਹਿਯੋਗ ਨਾਲ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅਡਿਪ ਅਤੇ ਆਰ ਵੀ ਵਾਈ ਯੋਜਨਾ ਦੇ ਅਧੀਨ ਕੁੱਲ 41.66 ਲੱਖ ਰੁਪਏ ਦੀ ਲਾਗਤ ਨਾਲ ਦਿਵਿਆਂਗਜਨਾਂ ਅਤੇ ਬਜ਼ੁਰਗਾਂ ਨੂੰ ਮੁਫਤ ਵੰਡੇ ਗਏ ਉਪਕਰਨਾਂ ਵਿਚ ਅਲਿਮਕੋ ਵੱਲੋਂ ਨਿਰਮਿਤ ਕੁੱਲ 599 ਸਹਾਇਕ ਉਪਕਰਨ ਸ਼ਾਮਿਲ ਹਨ, ਜਿਸ ਵਿਚ ਅਡਿਪ ਸਕੀਮ ਅਧੀਨ 47 ਮੋਟਰਾਈਜ਼ਡ ਟਰਾਈਸਾਈਕਲ, 46 ਟਰਾਈਸਾਈਕਲ, 32 ਵਹੀਲਚੇਅਰ, 74 ਵਿਸਾਖੀਆਂ, 8 ਐੱਮਆਰ. ਕਿੱਟ, 24 ਬਨਾਵਟੀ ਅੰਗ/ਕੈਲੀਪਰ, 49 ਕੰਨਾਂ ਦੀਆਂ ਮਸ਼ੀਨਾਂ, 12 ਵਾਕਿੰਗ ਸਟਿਕਸ ਤੇ ਆਰਵੀਵਾਈ ਸਕੀਮ ਅਧੀਨ 101 ਕੰਨਾਂ ਦੀਆਂ ਮਸ਼ੀਨਾਂ, 100 ਗੋਡਿਆਂ ਲਈ ਬਰੇਸਿਸ, 41 ਸਿਲੀਕੋਨ ਕੁਸ਼ਨ, 46 ਵਾਕਿੰਗ ਸਟਿਕਸ ਤੇ 19 ਵ੍ਹੀਲਚੇਅਰ ਤੇ ਸਮਾਰਟ ਫੋਨ ਵੰਡੇ ਗਏ। ਉਨ੍ਹਾਂ ਕਿਹਾ ਕਿ ਦਿਵਿਆਂਗਜਨ ਤੇ ਬਜ਼ੁਰਗ ਸਾਡੇ ਸਮਾਜ ਦੇ ਮੁੱਖ ਹਿੱਸਾ ਹਨ, ਇਨ੍ਹਾਂ ਨੂੰ ਹਰ ਸਹੂਲਤ ਮੁਹੱਈਆ ਕਰਵਾਉਣਾ ਸਾਡਾ ਸਾਰਿਆਂ ਦਾ ਨੈਤਿਕ ਤੇ ਸਮਾਜਿਕ ਫਰਜ਼ ਬਣਦਾ ਹੈ। ਇਸ ਮੌਕੇ ਅਸ਼ੋਕ ਬਹਿਲ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ, ਸੁਨੀਲ ਕੁਮਾਰ, ਨਰਿੰਦਰ ਸਿੰਘ, ਪ੍ਰਵੀਨ ਧਵਨ, ਹਰੀਸ਼ ਮੋਂਗਾ ਤੇ ਅਲਿਮਕੋ ਤੋਂ ਅਸ਼ੋਕ ਸਾਹੂ, ਮਧੁਰ ਸ਼ਰਮਾ, ਪੁਨੀਤ ਦੂਬੇ ਹਾਜ਼ਰ ਸਨ।

## ਤਰਕਸ਼ੀਲ ਭਵਨ ਬਰਨਾਲਾ ਵਿਖੇ ਚੇਤਨਾ ਕੈਂਪ 7 ਤੋਂ

**ਮਾਨਸਾ (ਆਤਮਾ ਸਿੰਘ ਪਮਾਰ)**-ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਮਾ. ਲੱਖਾ ਸਿੰਘ ਸਹਾਰਨਾ, ਆਤਮਾ ਸਿੰਘ ਪਾਮਾਰ ਤੇ ਨਰਿੰਦਰ ਕੌਰ ਬੁਰਜ ਹਮੀਰਾ ਨੇ ਇੱਕ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਸੁਸਾਇਟੀ ਵੱਲੋਂ ਵਿਦਿਆਰਥੀਆਂ ਦੇ ਮਾਨਸਿਕ, ਬੌਧਿਕ ਤੇ ਸ਼ਖ਼ਸੀਅਤ ਵਿਕਾਸ ਲਈ ਸ਼੍ਰੇਣੀ 9ਵੀਂ ਤੋਂ +2 ਤੱਕ ਦੇ ਵਿਦਿਆਰਥੀਆਂ ਲਈ ਪਾਠਕ੍ਰਮ ਕਿਵੇਂ ਪੜ੍ਹਿਆ ਜਾਵੇ?, ਕੀ ਸਿੱਖਿਆ ਜਾਵੇ?, ਕਿਸ ਤਰੀਕੇ ਪੜ੍ਹਾਈ ਨੂੰ ਸਾਮਾਜ ਵਿੱਚ ਵਿਚਰਦਿਆਂ ਲਾਗੂ ਕੀਤਾ ਜਾਵੇ ਦੇ ਉਦੇਸ਼ 'ਤੇ ਚੱਲਦਿਆਂ 7, 8, 9 ਜੂਨ ਨੂੰ ਦੂਜਾ ਚੇਤਨਾ ਕੈਂਪ ਲਗਾਇਆ ਜਾ ਰਿਹਾ ਹੈ। ਉਨਾਂ ਕਿਹਾ ਜੋ ਵਿਦਿਆਰਥੀ ਇਸ ਕੈਂਪ ਵਿੱਚ ਭਾਗ ਲੈਣਾ ਚਾਹੁੰਦੇ ਹਨ, ਉਹ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਸਹਿਮਤੀ ਪੱਤਰ ਲੈ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਨੇੜੇ ਦੇ ਜ਼ੋਨ, ਇਕਾਈ ਕਾਰਕੁਨਾਂ ਕੋਲ ਆਪਣਾ ਨਾਮ ਦਰਜ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਕੈਂਪ ਦਾ ਖਰਚਾ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹੀ ਕੀਤਾ ਜਾਵੇਗਾ।

## ਡਾ. ਸੁਰਜੀਤ ਪਾਤਰ ਜਿਹੀਆਂ ਸ਼ਖ਼ਸੀਅਤਾਂ ਦਾ ਪੰਜਾਬੀ 'ਵਰਸਿਟੀ ਦੇ ਵਿਦਿਆਰਥੀ ਹੋਣਾ ਮਾਣ ਵਾਲੀ ਗੱਲ : ਡਾ. ਜਗਦੀਪ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵਿਖੇ ਸ਼ੁਰੂ ਕੀਤੀ ਗਈ ਮਰਹੂਮ 'ਪੰਜਾਬੀ ਕਵੀ ਪਦਮਸ਼੍ਰੀ ਡਾ. ਸੁਰਜੀਤ ਪਾਤਰ ਯਾਦਗਾਰੀ ਭਾਸ਼ਣ ਲੜੀ' ਅਧੀਨ ਪਹਿਲਾ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਕਰਵਾਏ ਗਏ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕਿਹਾ ਕਿ ਡਾ. ਸੁਰਜੀਤ ਪਾਤਰ ਵੱਲੋਂ ਆਪਣੇ ਵਡਮੁੱਲੇ ਸਾਹਿਤ ਨਾਲ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਅਥਾਹ ਯੋਗਦਾਨ ਪਾਇਆ ਗਿਆ ਹੈ। ਉਨ੍ਹਾਂ ਇਸ ਮੌਕੇ ਡਾ. ਸੁਰਜੀਤ ਪਾਤਰ ਨਾਲ ਆਪਣੀਆਂ ਕੁੱਝ ਮੁਲਕਾਤਾਂ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਬਹੁਤ ਨਿੱਘੇ ਸੁਭਾਅ ਦੇ ਗੁਣਵਾਨ ਮਨੁੱਖ ਸਨ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੂੰ ਇਸ ਗੱਲ ਦਾ ਮਾਣ ਹੈ ਕਿ ਸੁਰਜੀਤ ਪਾਤਰ ਇੱਥੋਂ ਦੇ ਵਿਦਿਆਰਥੀ ਰਹੇ ਹਨ। ਉਨ੍ਹਾਂ ਕਿਹਾ ਕਿ ਪਾਤਰ ਸਾਹਿਬ ਨੇ ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਪੰਜਾਬੀ ਯੂਨੀਵਰਸਿਟੀ ਦੀ ਗੋਦ ਵਿੱਚ ਬੈਠ ਕੇ ਲਿਖੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਵਿੱਚ ਜੋ ਥਾਂ ਡਾ. ਪਾਤਰ ਦੀ ਹੈ, ਉਹ ਕੋਈ ਦੂਜਾ ਨਹੀਂ ਲੈ ਸਕਦਾ।ਸਮਾਗਮ ਦੇ ਮੁੱਖ ਬੁਲਾਰੇ ਪ੍ਰੋ. ਸੁਰਜੀਤ ਸਿੰਘ ਭੱਟੀ ਨੇ ਡਾ. ਸੁਰਜੀਤ ਪਾਤਰ ਦੀ ਜ਼ਿੰਦਗੀ ਅਤੇ ਰਚਨਾਵਾਂ ਸਬੰਧੀ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਡਾ. ਸੁਰਜੀਤ ਪਾਤਰ ਇੱਕ ਸਫਲ ਕਵੀ ਹੀ ਨਹੀਂ ਸਗੋਂ ਇੱਕ ਸੰਵੇਦਨਸ਼ੀਲ ਸ਼ਖ਼ਸੀਅਤ ਦੇ ਮਾਲਕ ਵੀ ਸਨ। ਉਹਨਾਂ ਦੱਸਿਆ ਕਿ ਕਿਵੇਂ ਜ਼ਿੰਦਗੀ ਵਿੱਚ ਵਾਪਰਨ ਵਾਲੀਆਂ ਛੋਟੀਆਂ-ਛੋਟੀਆਂ ਘਟਨਾਵਾਂ ਨੂੰ ਡਾ. ਸੁਰਜੀਤ ਪਾਤਰ ਜੀ ਨੇ ਜੀਅ ਕੇ ਕਵਿਤਾ ਜਾਂ ਗ਼ਜ਼ਲ ਦੇ ਰੂਪ ਵਿੱਚ ਸ਼ਬਦਾਂ ਵਿੱਚ ਢਾਲਿਆ।ਇਸ ਮੌਕੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਡਾ. ਸੁਰਜੀਤ ਪਾਤਰ ਦੇ ਪੰਜਾਬੀ ਭਾਸ਼ਾ ਪ੍ਰਤੀ ਚਿੰਤਨ ਬਾਰੇ ਜਾਣੂ ਕਰਵਾਇਆ। ਯੂਨੀਵਰਸਿਟੀ ਧੁਨੀ ਨਾਲ ਸ਼ੁਰੂ ਹੋਏ ਇਸ ਸਮਾਗਮ ਦੇ ਸੰਚਾਲਕ ਡਾ. ਪਰਮਿੰਦਰਜੀਤ ਕੌਰ, ਮੁਖੀ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਉਨ੍ਹਾਂ ਡਾ. ਸੁਰਜੀਤ ਪਾਤਰ ਦੀ ਯਾਦ ਨੂੰ ਸਮਰਪਤ ਸ਼ੁਰੂ ਕੀਤੀ ਗਈ ਵਿਸ਼ੇਸ਼ ਭਾਸ਼ਣ ਲੜੀ ਦੇ ਆਗਾਜ਼ ਕਰਨ ਵਾਲੇ ਇਸ ਪਲੇਠੇ ਸਮਾਗਮ ਦੀ ਪ੍ਰਵਾਨਗੀ ਲਈ ਉਪ-ਕੁਲਪਤੀ ਪ੍ਰੋ. ਜਗਦੀਪ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਮਾਗਮ ਦੌਰਾਨ ਰਸਮੀ ਸਵਾਗਤੀ ਭਾਸ਼ਣ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਫ਼ੈਲੋ ਡਾ. ਸੁਰਿੰਦਰ ਮੰਡ ਨੇ ਦਿੱਤਾ।ਅੰਤ ਵਿੱਚ ਡਾ. ਪਰਮੀਤ ਕੌਰ ਧੰਨਵਾਦੀ ਸ਼ਬਦ ਪੇਸ਼ ਕੀਤੇ।

# ਟਾਪਰ ਵਿਦਿਆਰਥੀਆਂ ਨੇ ਐੱਸ ਐੱਸ ਪੀ ਡਾ. ਅਖਿਲ ਚੌਧਰੀ ਨਾਲ ਕੀਤੀ ਮੁਲਾਕਾਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਨਿਵੇਕਲੀ ਪਹਿਲਕਦਮੀ 'ਇਕ ਦਿਨ ਡੀ.ਸੀ/ਐਸ.ਐਸ.ਪੀ. ਦੇ ਨਾਲ' ਪ੍ਰੋਗਰਾਮ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਦਸਵੀਂ ਤੇ ਬਾਰ੍ਹਵੀਂ ਜਮਾਤਾਂ ਵਿਚ ਮੋਹਰੀ ਸਥਾਨ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੇ ਐਸ.ਐਸ.ਪੀ. ਡਾ. ਅਖਿਲ ਚੌਧਰੀ ਨਾਲ ਪੂਰੇ ਦਿਨ ਪੁਲਸ ਦੀ ਕਾਰਜ ਪ੍ਰਣਾਲੀ ਬਾਰੇ ਜਾਣਕਾਰੀ ਹਾਸਲ ਕੀਤੀ ਗਈ।ਇਸ ਅਨੋਖੀ ਪਹਿਲਕਦਮੀ ਦਾ ਉਦੇਸ਼ ਨਾ ਕੇਵਲ ਹੋਣਹਾਰ ਵਿਦਿਆਰਥਣਾਂ ਨੂੰ ਸਨਮਾਨਤ ਕਰਨਾ ਸੀ, ਸਗੋਂ ਉਨ੍ਹਾਂ ਨੂੰ ਪ੍ਰਸ਼ਾਸਨਿਕ ਅਨੁਭਵ, ਲੀਡਰਸ਼ਿਪ ਤੇ ਪੁਲਿਸ ਸੇਵਾ ਦੀਆਂ ਜ਼ਮੀਨੀ ਹਕੀਕਤਾਂ ਤੋਂ ਜਾਣੂ ਕਰਾਉਣਾ ਵੀ ਸੀ। ਐਸ.ਐਸ.ਪੀ. ਡਾ. ਅਖਿਲ ਚੌਧਰੀ ਨੇ ਵਿਦਿਆਰਥੀਆਂ ਨਾਲ ਜਾਣ-ਪਛਾਣ ਸੈਸ਼ਨ ਵਿਚ ਹਿੱਸਾ ਲਿਆ ਅਤੇ ਆਪਣੀ ਰੋਜ਼ਾਨਾ ਅਨੁਸ਼ਾਸਤ ਜੀਵਨ ਸ਼ੈਲੀ ਬਾਰੇ ਦੱਸਿਆ।ਵਿਦਿਆਰਥੀਆਂ ਤੇ ਐਸ.ਐਸ.ਪੀ. ਵਿਚਕਾਰ ਇੱਕ ਖੁੱਲ੍ਹਾ ਸੰਵਾਦ ਸੈਸ਼ਨ ਹੋਇਆ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਐਸ.ਐਸ.ਪੀ. ਤੋਂ ਪ੍ਰੇਰਨਾਦਾਇਕ ਵਿਚਾਰ ਸੁਣੇ।ਐਸ.ਐਸ.ਪੀ. ਡਾ. ਅਖਿਲ ਚੌਧਰੀ ਨੇ ਵਿਦਿਆਰਥੀਆਂ ਨੂੰ ਇੱਕ-ਇੱਕ ਪ੍ਰੇਰਨਾਦਾਇਕ ਕਿਤਾਬ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਤੇ ਉਨ੍ਹਾਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕੀਤੀ। ਵਿਦਿਆਰਥੀਆਂ ਨੂੰ ਜ਼ਿਲ੍ਹਾ ਪੁਲਿਸ ਮੁਖੀ ਦੇ ਦਫ਼ਤਰ ਦਾ ਦੌਰਾ ਕਰਾਇਆ ਗਿਆ ਜਿੱਥੇ ਉਨ੍ਹਾਂ ਨੂੰ ਵੱਖ-ਵੱਖ ਵਿਭਾਗਾਂ ਦੇ ਕੰਮਕਾਜ, ਪੁਲਸ ਕੰਟਰੋਲ ਰੂਮ, ਸ਼ਿਕਾਇਤ ਨਿਵਾਰਣ ਪ੍ਰਣਾਲੀ ਤੇ ਸਰਕਾਰੀ ਯੋਜਨਾਵਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਪ੍ਰਤੱਖ ਤੌਰ 'ਤੇ ਦੇਖਣ ਦਾ ਮੌਕਾ ਮਿਲਿਆ। ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਐਸ.ਐਸ.ਪੀ. ਡਾ. ਅਖਿਲ ਚੌਧਰੀ ਨੇ ਕਿਹਾ ਕਿ ਇਸ ਪ੍ਰੋਗਰਾਮ ਨੇ ਵਿਦਿਆਰਥੀਆਂ ਨੂੰ ਨਾ ਕੇਵਲ ਪੁਲਸ ਪ੍ਰਸ਼ਾਸਨ ਦੇ ਕੰਮਕਾਜ ਤੋਂ ਜਾਣੂ ਕਰਾਇਆ, ਸਗੋਂ ਉਨ੍ਹਾਂ ਵਿੱਚ ਲੀਡਰਸ਼ਿਪ, ਅਨੁਸ਼ਾਸਨ ਤੇ ਲੋਕ ਸੇਵਾ ਦੀ ਭਾਵਨਾ ਵੀ ਭਰੀ।ਉਨ੍ਹਾਂ ਕਿਹਾ ਕਿ ਇੱਕ ਦਿਨ ਡੀ.ਸੀ/ਐਸ.ਐਸ.ਪੀ. ਦੇ ਨਾਲ ਵਰਗੇ ਉਪਰਾਲੇ ਵਿਦਿਆਰਥੀਆਂ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਇੱਕ ਮੀਲ ਪੱਥਰ ਸਾਬਤ ਹੋ ਸਕਦੇ ਹਨ। ਪੀ.ਐਮ. ਸ਼੍ਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀਆਂ 12ਵੀਂ ਜਮਾਤ ਦੀਆਂ ਜ਼ਿਲ੍ਹੇ ਦੀਆਂ ਟਾਪਰ ਵਿਦਿਆਰਥਣਾਂ, ਸਾਕਸ਼ੀ (97.80 ਪ੍ਰਤੀਸ਼ਤ), ਗੀਤਿਕਾ (97.60) ਤੇ ਰੂਹਾਨੀ (96.80) ਤੇ ਪੀ.ਐਮ. ਸ਼੍ਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰੁਪਾਣਾ ਦੀ 10ਵੀਂ ਜਮਾਤ ਦੀ ਵਿਦਿਆਰਥਣ ਗੁਰਲੀਨ ਕੌਰ (95.69 ਫ਼ੀਸਦ), ਸ.ਸ.ਸ.ਸ. (ਕੁ) ਗਿੱਦੜਬਾਹਾ ਦੀ ਸਕੀਨਾ ਖਾਤੂਨ (95.69 ਫ਼ੀਸਦ) ਤੇ ਸ.ਸ.ਸ.ਸ. ਤਰਖਾਣਵਾਲਾ ਦੀ ਆਸਨਤ (95.54 ਫ਼ੀਸਦ) ਨੇ ਐਸ.ਐਸ.ਪੀ. ਡਾ. ਅਖਿਲ ਚੌਧਰੀ ਤੋਂ ਭਵਿੱਖ ਵਿੱਚ ਸਫ਼ਲਤਾ ਹਾਸਲ ਕਰਨ ਦੇ ਗੁਰ ਸਿੱਖੇ। ਇਨ੍ਹਾਂ ਵਿਦਿਆਰਥਣਾਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਹ ਉਹਨਾਂ ਦੇ ਜੀਵਨ ਦਾ ਇਕ ਵਿਲੱਖਣ ਮੌਕਾ ਸੀ, ਜਿਸ ਨੇ ਉਨ੍ਹਾਂ ਨੂੰ ਪੰਜਾਬ ਪੁਲਸ ਦੀ ਪ੍ਰਸ਼ਾਸਨਿਕ ਪ੍ਰਕਿਰਿਆ, ਲੀਡਰਸ਼ਿਪ ਤੇ ਜਨਤਕ ਸੇਵਾ ਦੀਆਂ ਬਾਰੀਕੀਆਂ ਨੂੰ ਸਮਝਣ ਦਾ ਮੌਕਾ ਦਿੱਤਾ।ਉਨ੍ਹਾਂ ਇਸ ਅਨੁਭਵ ਨੂੰ ਅਭੁੱਲ ਤੇ ਪ੍ਰੇਰਨਾਦਾਇਕ ਦੱਸਿਆ ਅਤੇ ਕਿਹਾ ਕਿ ਇਹ ਉਨ੍ਹਾਂ ਨੂੰ ਆਪਣੇ ਭਵਿੱਖ ਦੇ ਟੀਚੇ ਨਿਰਧਾਰਤ ਕਰਨ ਵਿਚ ਮਦਦ ਕਰੇਗਾ।

## ਦੀ ਆਕਸਫੋਰਡ ਪਬਲਿਕ ਸਕੂਲ ਦੇ ਵਿਦਿਆਰਥੀ ਰਾਜ ਪੱਧਰੀ ਐਵਾਰਡ ਨਾਲ ਸਨਮਾਨਤ



**ਚੀਮਾ (ਰਵਿੰਦਰ ਚੀਮਾ)**-ਆਈ.ਸੀ.ਐੱਸ.ਈ. ਬੋਰਡ ਤੋਂ ਮਾਨਤਾ ਪ੍ਰਾਪਤ ਦੀ ਆਕਸਫੋਰਡ ਪਬਲਿਕ ਸਕੂਲ ਚੀਮਾ ਦੇ ਵਿਦਿਆਰਥੀਆਂ ਨੇ ਸਬ ਜੂਨੀਅਰ ਤੇ ਜੂਨੀਅਰ ਕੈਟਾਗਰੀ ਅਧੀਨ ਪੰਜਾਬ ਰਾਜ ਕਰਾਟੇ ਚੈਂਪੀਅਨਸ਼ਿਪ 2025 (ਵਰਲਡ ਕਰਾਟੇ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ) ਜੋ ਮਾਊਂਟ ਇੰਟਰਨੈਸ਼ਨਲ ਸਕੂਲ, ਲੁਧਿਆਣਾ (ਪੰਜਾਬ) ਵਿਖੇ 24-25 ਮਈ ਨੂੰ ਹੋਈ, ਵਿੱਚ ਭਾਗ ਲੈ ਕੇ ਸ਼ਾਨਦਾਰ ਜਿੱਤ ਦਾ ਪ੍ਰਦਰਸ਼ਨ ਕਰਕੇ ਸਕੂਲ ਤੇ ਆਪਣੇ ਮਾਪਿਆਂ ਦਾ ਰੌਸ਼ਨ ਕੀਤਾ ਹੈ।ਟੂਰਨਾਮੈਂਟ ਦਾ ਪ੍ਰਬੰਧਨ ਜ਼ਿਲ੍ਹਾ ਕਰਾਟੇ ਐਸੋਸੀਏਸ਼ਨ ਲੁਧਿਆਣਾ ਵੱਲੋਂ ਕੀਤੀ ਗਈ।ਪ੍ਰਿੰਸੀਪਲ ਸ੍ਰੀ ਸੰਦੀਪ ਕੁਮਾਰ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਪੰਜ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚੋਂ ਤਿੰਨ ਵਿਦਿਆਰਥੀਆਂ ਨੇ ਤਗਮੇ ਹਾਸਲ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ।ਗੁਰਸ਼ਾਨ ਸਿੰਘ ਨੇ ਸੋਨਾ ਤਗਮਾ, ਪਿਯੂਸ਼ ਗਰਗ ਅਤੇ ਅਗੰਮਜੋਤ ਕੌਰ ਨੇ ਕਾਂਸਾ ਤਗਮਾ ਜਿੱਤ ਕੇ ਸਕੂਲ ਦਾ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਸੰਸਥਾ ਦੇ ਚੇਅਰਮੈਨ ਚਮਕੌਰ ਸਿੰਘ, ਵਾਈਸ ਚੇਅਰਮੈਨ ਸ੍ਰੀ ਗਗਨ ਗੋਇਲ ਤੇ ਮੈਨੇਜਿੰਗ ਡਾਇਰੈਕਟਰ ਗੁਰਧਿਆਨ ਸਿੰਘ ਵੱਲੋਂ ਵਿਦਿਆਰਥੀ ਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਨ੍ਹਾਂ ਪੁਜ਼ੀਸ਼ਨਾਂ ਨੂੰ ਪ੍ਰਾਪਤ ਕਰਨ ਲਈ ਵਿਸ਼ੇਸ਼ ਯੋਗਦਾਨ ਕਰਾਟੇ ਕੋਚ ਰਾਹੁਲ ਕੁਮਾਰ ਤੇ ਡੀ. ਪੀ. ਹਰਪ੍ਰੀਤ ਸਿੰਘ ਦੀ ਮਿਹਨਤ ਅਤੇ ਖੇਡਾਂ ਪ੍ਰਤੀ ਵਚਨਬੱਧਤਾ ਵਿਦਿਆਰਥੀਆਂ ਦੀ ਜਿੱਤ ਦਾ ਪ੍ਰਮਾਣ ਹੈ,ਜਿਨ੍ਹਾਂ ਦੇ ਅਭਿਆਸ ਸਦਕਾ ਵਿਦਿਆਰਥੀ ਖੇਡਾਂ ਵਿੱਚ ਚੰਗੇ ਮੁਕਾਮ ਹਾਸਲ ਕਰ ਰਹੇ ਹਨ।

## ਨਸ਼ਾ ਮੁਕਤੀ ਯਾਤਰਾ ਤਹਿਤ ਵੱਖ-ਵੱਖ ਪਿੰਡਾਂ ਤੇ ਵਾਰਡਾਂ 'ਚ ਡਿਫੈਂਸ ਕਮੇਟੀਆਂ ਨਾਲ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ/ਮਲੋਟ/ਗਿੱਦੜਬਾਹਾ/ਲੰਬੀ (ਸ਼ਮਿੰਦਰਪਾਲ ਪਾਲ/ਪੂਜਾ/ਓਮ ਪ੍ਰਕਾਸ਼ ਸ਼ੇਖੂ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਦਾ ਸੱਦਾ ਦਿੰਦੇ ਹੋਏ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵਿਧਾਨ ਸਭਾ ਹਲਕਾ ਲੰਬੀ ਦੇ ਪਿੰਡ ਲੁਹਾਰਾ, ਕਿੱਲਿਆਂਵਾਲੀ, ਵੜਿੰਗ ਖੇੜਾ, ਫੱਤਾ ਕੇਰਾ ਵਿਖੇ ਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਲੋਕਾਂ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ ਤੇ ਲੋਕਾਂ ਨੂੰ ਨਸ਼ਿਆਂ ਦੇ ਖਾਤਮੇ ਦੀ ਸਹੁੰ ਚੁਕਾਈ। ਖੁੱਡੀਆਂ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੀ ਹੈ ਤੇ ਇਸ ਦੇ ਸਾਰਥਿਕ ਸਿੱਟੇ ਨਿਕਲ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾਵਾਂ ਤਹਿਤ ਰੋਜ਼ਾਨਾ ਦੇ ਆਧਾਰ ਉਤੇ ਪਿੰਡਾਂ ਵਿੱਚ ਨਸ਼ਿਆਂ ਦੇ ਖਾਤਮੇ ਦਾ ਸੱਦਾ ਦਿੰਦੇ ਹੋਏ ਲੋਕਾਂ ਨੂੰ ਇਸ ਵੱਡੀ ਸਮਾਜਿਕ ਬੁਰਾਈ ਦੇ ਖਾਤਮੇ ਲਈ ਇਕਜੁਟ ਕੀਤਾ ਜਾ ਰਿਹਾ ਹੈ। ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਹਲਕੇ ਦੇ ਪਿੰਡ ਮੋਤਲੇਵਾਲ, ਚੱਕ ਮੋਤਲੇਵਾਲ ਤੇ ਮਡਾਹਰ ਵਿਖੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਜਿਹੜੇ ਲੋਕ ਕਿਸੇ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਹਨ, ਉਨ੍ਹਾਂ ਦਾ ਮੁਫ਼ਤ ਇਲਾਜ ਸਰਕਾਰ ਵੱਲੋਂ ਕਰਾਇਆ ਜਾ ਰਿਹਾ ਹੈ ਅਤੇ ਉਹ ਅਜਿਹੇ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਹੋ ਕੇ ਆਪਣਾ ਇਲਾਜ ਜ਼ਰੂਰ ਕਰਾਉਣ ਤੇ ਨਸ਼ਾ ਰਹਿਤ ਜ਼ਿੰਦਗੀ ਜਿਊਣ। ਮਲੋਟ ਹਲਕੇ ਦੇ ਪਿੰਡ ਲੱਕੜ ਵਾਲਾ, ਲਖਮੀਰੇਆਣਾ, ਖੂੰਨਣ ਕਲਾਂ, ਖੁੰਡੇ ਹਲਾਲ ਤੇ ਮਲੋਟ ਸ਼ਹਿਰ ਦੇ ਵਾਰਡ ਨੰਬਰ 1, 2, 3, 4 ਤੇ 5 ਵਿੱਚ ਚੇਅਰਮੈਨ ਮਾਰਕਿਟ ਕਮੇਟੀ ਸ੍ਰੀ ਜਸ਼ਨ ਬਰਾੜ ਨੇ ਕਿਹਾ ਕਿ ਨਸ਼ਿਆਂ ਦਾ ਕਾਲਾ ਕਾਰੋਬਾਰ ਕਰਨ ਵਾਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾ ਰਿਹਾ ਹੈ ਅਤੇ ਨਸ਼ੇ ਵੇਚ ਕੇ ਨਸ਼ਾ ਤਸਕਰਾਂ ਵੱਲੋਂ ਬਣਾਈਆਂ ਨਾਜਾਇਜ਼ ਜਾਇਦਾਦਾਂ ਨੂੰ ਵੀ ਢਾਹਿਆ ਜਾ ਰਿਹਾ ਹੈ ਤੇ ਇਸ ਨਸ਼ੇ ਦੇ ਖਾਤਮੇ ਲਈ ਆਪਸੀ ਸਹਿਯੋਗ ਬਹੁਤ ਜ਼ਰੂਰੀ ਹੈ।

## ਮੋਚੀ ਬਾਬੂ ਰਾਮ ਨੇ ਕੀਤਾ 'ਸਮਾਂਤਰ ਨਜ਼ਰੀਆ' ਲੋਕ ਅਰਪਣ



**ਬਰਨਾਲਾ (ਰਾਜਿੰਦਰ ਬਰਾੜ)**-ਲੋਕ ਰੰਗ ਸਾਹਿਤ ਸਭਾ ਬਰਨਾਲਾ ਵੱਲੋਂ ਸ਼ਹਿਰ ਦੀ ਸਭ ਤੋਂ ਪੁਰਾਣੀ ਤੇ ਵੱਡੀ ਪਾਣੀ ਵਾਲੀ ਟੈਂਕੀ ਦੇ ਵਿਹੜੇ ਵਿੱਚ 'ਸਮਾਂਤਰ ਨਜ਼ਰੀਆ' ਦਾ ਅਪ੍ਰੈਲ-ਜੂਨ 2025 ਅੰਕ ਲੋਕ ਅਰਪਣ ਕੀਤਾ ਗਿਆ।ਇਸ ਸਮਾਗਮ ਦੀ ਵਿਲੱਖਣ ਗੱਲ ਇਹ ਸੀ ਇਹ ਅੰਕ ਮੋਚੀ ਬਾਬੂ ਰਾਮ ਨੇ ਲੋਕ ਅਰਪਣ ਕੀਤਾ।ਪ੍ਰਵਾਸੀ ਬਾਬੂ ਰਾਮ ਪਿਛਲੇ 55 ਸਾਲਾਂ ਤੋਂ ਇਸ ਸ਼ਹਿਰ ਵਿੱਚ ਮੋਚੀਪੁਣੇ ਦਾ ਕਿੱਤਾ ਕਰਦਾ ਆ ਰਿਹਾ ਹੈ।ਪਰਚੇ ਦੇ ਸਹਾਇਕ ਸੰਪਾਦਕ ਤੇ ਸਭਾ ਦੇ ਪ੍ਰਧਾਨ ਭੋਲਾ ਸਿੰਘ ਸੰਘੇੜਾ ਪਰਚੇ ਵਿੱਚ ਪ੍ਰਕਾਸ਼ਤ ਰਚਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਅੰਕ ਵਿੱਚ ਕਹਾਣੀਆਂ ਤੇ ਕਵਿਤਾਵਾਂ ਤੋਂ ਬਿਨਾਂ ਡਾ. ਜੋਗਿੰਦਰ ਸਿੰਘ ਨਿਰਾਲਾ ਦਾ ਸਵੈ ਜੀਵਨੀ ਅੰਸ਼, ਜਰਨੈਲ ਸਿੰਘ ਅੱਚਰਵਾਲ ਦੀ ਪਿੰਡ ਹਠੂਰ ਬਾਰੇ ਜਾਣਕਾਰੀ ਤੋਂ ਬਿਨਾਂ, ਪਰਗਟ ਸਿੰਘ ਸਿੱਧੂ ਨਾਲ ਕੀਤੀ ਮੁਲਾਕਾਤ ਵੀ ਸ਼ਾਮਲ ਹੈ।ਬਾਬੂ ਰਾਮ ਬਾਰੇ ਡਾ. ਹਰਿਭਗਵਾਨ ਦਾ ਲਿਖਿਆ ਸ਼ਬਦ ਚਿੱਤਰ ਵੀ ਇਸ ਅੰਕ ਦਾ ਹਾਸਲ ਹੈ।ਸਮਾਗਮ ਦੇ ਆਰੰਭ ਵਿੱਚ ਡਾ. ਹਰਿਭਗਵਾਨ ਨੇ ਇਸ ਸ਼ਬਦ-ਚਿੱਤਰ ਦਾ ਪਾਠ ਕੀਤਾ।ਇਸ ਮੌਕੇ ਜਿੱਥੇ ਬਾਬੂ ਰਾਮ ਨੇ ਆਪਣੇ ਜੀਵਨ ਵਿੱਚ ਆਏ ਉਤਰਾਵਾਂ ਤੇ ਚੜ੍ਹਾਵਾਂ ਬਾਰੇ ਦੱਸਿਆ ਓਥੇ ਬਰਨਾਲਾ ਦੇ ਪੁਰਾਣੇ ਬੱਸ ਅੱਡੇ ਤੇ ਪਾਣੀ ਵਾਲੀ ਟੈਂਕੀ ਬਾਰੇ ਕਈ ਯਾਦਾਂ ਸਾਂਝੀਆਂ ਕੀਤੀਆਂ।ਇਸ ਮੌਕੇ ਡਾ. ਤੇਜਾ ਸਿੰਘ ਤਿਲਕ, ਡਾ. ਰਾਮ ਪਾਲ ਸ਼ਾਹਪੁਰੀ, ਜਗਤਾਰ ਜਜ਼ੀਰਾ, ਤੇਜਿੰਦਰ ਚੰਡਿਹੋਕ, ਮੇਜਰ ਸਿੰਘ ਗਿੱਲ, ਡਾ. ਉਜਾਗਰ ਸਿੰਘ ਮਾਨ, ਲਛਮਣ ਦਾਸ ਮੁਸਾਫਿਰ, ਸੁਦਰਸ਼ਨ ਗੁੱਡੂ ਤੇ ਬਲਦੇਵ ਮੰਡੇਰ ਆਦਿ ਹਾਜ਼ਰ ਸਨ।

## ਪੀ ਯੂ ਦੇ ਤੀਰਅੰਦਾਜ਼ ਹਰਵਿੰਦਰ ਸਿੰਘ ਨੂੰ ਮਿਲਿਆ ਪਦਮਸ਼੍ਰੀ ਐਵਾਰਡ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਲਈ ਖੁਸ਼ੀ ਵਾਲੀ ਗੱਲ ਹੈ ਕਿ ਤੀਰਅੰਦਾਜ਼ ਹਰਵਿੰਦਰ ਸਿੰਘ ਨੂੰ ਭਾਰਤ ਸਰਕਾਰ ਵੱਲੋਂ ਪਦਮਸ਼੍ਰੀ ਐਵਾਰਡ ਹਾਸਲ ਹੋਇਆ ਹੈ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟਾਉਂਦਿਆਂ ਖਿਡਾਰੀ ਹਰਵਿੰਦਰ ਸਿੰਘ, ਉਸ ਦੇ ਕੋਚ ਤੇ ਖੇਡ ਵਿਭਾਗ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਇਸ ਪੱਧਰ ਦੀਆਂ ਪ੍ਰਾਪਤੀਆਂ ਆਪਣੇ ਆਪ ਵਿੱਚ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬੀ ਯੂਨੀਵਰਸਿਟੀ ਸਿਰਫ਼ ਅਕਾਦਮਿਕ ਪੱਖੋਂ ਨਹੀਂ, ਬਲਕਿ ਖੇਡਾਂ ਜਿਹੇ ਹੋਰਾਂ ਖੇਤਰਾਂ ਵਿੱਚ ਵੀ ਵੱਡੇ ਮਾਅਰਕੇ ਮਾਰ ਰਹੀ ਹੈ।ਉਨ੍ਹਾਂ ਕਿਹਾ ਕਿ ਹਰਵਿੰਦਰ ਸਿੰਘ ਨੇ ਆਪਣੀ ਇਸ ਪ੍ਰਾਪਤੀ ਨਾਲ਼ ਜਿੱਥੇ ਪੰਜਾਬੀ ਯੂਨੀਵਰਸਿਟੀ ਦਾ ਨਾਮ ਦੁਨੀਆ ਭਰ ਵਿੱਚ ਰੋਸ਼ਨ ਕੀਤਾ ਹੈ, ਉੱਥੇ ਹੀ ਉਹ ਹੋਰਨਾਂ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਸਰੋਤ ਬਣਿਆ ਹੈ।ਯੂਨੀਵਰਸਿਟੀ ਤੋਂ ਖੇਡ ਵਿਭਾਗ ਦੇ ਡਾਇਰੈਕਟਰ ਡਾ. ਗੁਰਦੀਪ ਕੌਰ ਰੰਧਾਵਾ ਨੇ ਵਧਾਈ ਦਿੰਦਿਆਂ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਯੂਨੀਵਰਸਿਟੀ ਦੇ ਕਿਸੇ ਖਿਡਾਰੀ ਨੂੰ ਇਹ ਵੱਕਾਰੀ ਐਵਾਰਡ ਹਾਸਲ ਹੋਇਆ ਹੈ।ਉਨ੍ਹਾਂ ਦੱਸਿਆ ਕਿ ਹਰਵਿੰਦਰ ਸਿੰਘ ਦੇ ਕੋਚ ਜੀਵਨਜੋਤ ਸਿੰਘ ਤੇਜਾ ਵੀ ਦ੍ਰੋਣਾਚਾਰੀਆ ਐਵਾਰਡ ਜੇਤੂ ਹਨ।ਜ਼ਿਕਰਯੋਗ ਹੈ ਕਿ ਹਰਵਿੰਦਰ ਸਿੰਘ ਨੇ ਹਾਲ ਹੀ ਵਿੱਚ ਪੈਰਿਸ ਵਿਖੇ ਹੋਈਆਂ ਪੈਰਾ-ਓਲਿੰਪਕ ਖੇਡਾਂ ਵਿੱਚ ਸੋਨ ਤਮਗ਼ਾ ਜਿੱਤਿਆ ਸੀ। ਉਹ ਯੂਨੀਵਰਸਿਟੀ ਦੇ ਅਰਥ-ਸ਼ਾਸਤਰ ਵਿਭਾਗ ਵਿਖੇ ਪੀ-ਅੱਚ. ਡੀ. ਖੋਜਾਰਥੀ ਵਜੋਂ ਆਪਣਾ ਖੋਜ ਕਾਰਜ ਕਰ ਰਿਹਾ ਹੈ।ਹਰਵਿੰਦਰ ਸਿੰਘ ਹਰਿਆਣਾ ਦੇ ਕੈਥਲ ਜ਼ਿਲ੍ਹੇ ਦਾ ਵਸਨੀਕ ਹੈ। ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ, ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਤੋਂ ਇਲਾਵਾ ਤੀਰਅੰਦਾਜ਼ੀ ਕੋਚ ਸੁਰਿੰਦਰ ਸਿੰਘ ਰੰਧਾਵਾ ਤੇ ਗੌਰਵ ਸ਼ਰਮਾ ਵੱਲੋਂ ਵੀ ਉਸ ਨੂੰ ਵਧਾਈ ਦਿੱਤੀ ਗਈ।

## ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸਕੂਲ ਦੇ ਵਿਦਿਆਰਥੀ ਦੀ ਐੱਨ ਡੀ ਏ 'ਚ ਚੋਣ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਨੇੜਲੇ ਪਿੰਡ ਜਖੇਪਲ ਦੇ ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ 2023-24 ਦੇ 12ਵੀਂ ਜਮਾਤ ਦੇ ਸਾਇੰਸ ਗਰੁੱਪ ਦੇ ਵਿਦਿਆਰਥੀ ਲਵਦੀਪ ਸਿੰਘ ਪੁੱਤਰ ਹਰਜਿੰਦਰ ਸਿੰਘ ਉਗਰਾਹਾਂ ਨੇ ਐੱਨ.ਡੀ.ਏ. ਦੀ ਪ੍ਰੀਖਿਆ ਵਿੱਚ 238ਵਾਂ ਆਲ ਇੰਡੀਆ ਰੈਂਕ ਪ੍ਰਾਪਤ ਕਰਕੇ ਆਰਮੀ ਵਿੱਚ ਲੈਫਟੀਨੈਂਟ ਲਈ ਸਥਾਨ ਬਣਾਇਆ ਹੈ।ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਮਮਤਾ ਗੱਖੜ ਤੇ ਮੈਨੇਜਿੰਗ ਡਾਇਰੈਕਟਰ ਹਰੀਸ਼ ਗੱਖੜ ਨੇ ਦੱਸਿਆ ਕਿ 12ਵੀਂ ਜਮਾਤ ਵਿੱਚੋਂ ਵਧੀਆ ਅੰਕ ਪ੍ਰਾਪਤ ਕਰਕੇ ਸੈਂਕੜੇ ਵਿਦਿਆਰਥੀ ਵਿਦੇਸ਼ਾਂ ਵਿੱਚ ਸੈਟਲ ਹੋ ਚੁੱਕੇ ਹਨ ਤੇ ਭਾਰਤ ਵਿੱਚ ਵੀ ਸਰਕਾਰੀ ਅਹੁਦਿਆਂ 'ਤੇ ਆਪਣੀਆਂ ਸੇਵਾਵਾਂ ਦੇ ਰਹੇ ਹਨ ਅਤੇ ਅੱਜ ਫਿਰ ਸਾਲ 2023-24 ਵਿੱਚ 12ਵੀਂ ਜਮਾਤ ਦੇ ਸਾਇੰਸ ਗਰੁੱਪ ਵਿੱਚ 80% ਤੋਂ ਵੱਧ ਅੰਕ ਪਾਸ ਕਰ ਚੁੱਕੇ ਵਿਦਿਆਰਥੀ ਲਵਦੀਪ ਸਿੰਘ ਪੁੱਤਰ ਹਰਜਿੰਦਰ ਸਿੰਘ ਉਗਰਾਹਾਂ ਨੇ ਐੱਨ.ਡੀ.ਏ. ਵਿੱਚ ਸਫਲਤਾ ਪ੍ਰਾਪਤ ਕਰਨ ਲਈ ਅਜਮਾਇਸ਼ ਕੀਤੀ।ਉਨ੍ਹਾਂ ਦੱਸਿਆ ਕਿ ਇਸ ਵਿਦਿਆਰਥੀ ਨੇ ਹੌਸਲਾ ਨਾ ਛੱਡਦੇ ਹੋਏ ਤੀਸਰੀ ਵਾਰ ਇਹ ਸਫਲਤਾ ਪ੍ਰਾਪਤ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ।ਉਨ੍ਹਾਂ ਕਿਹਾ ਕਿ ਜਿੱਥੇ ਇਸ ਵਿਦਿਆਰਥੀ ਨੇ ਇਹ ਰੈਂਕ ਹਾਸਲ ਕਰਕੇ ਆਰਮੀ ਵਿੱਚ ਲੈਫਟੀਨੈਂਟ ਲਈ ਸਥਾਨ ਬਣਾਇਆ ਹੈ, ਉਥੇ ਹੀ ਸਕੂਲ ਤੇ ਇਲਾਕੇ ਦਾ ਮਾਣ ਵੀ ਵਧਾਇਆ ਹੈ।ਉਨ੍ਹਾਂ ਵਿਦਿਆਰਥੀ ਦਾ ਹੌਸਲਾ ਵਧਾਉਂਦੇ ਹੋਏ ਕਿਹਾ ਕਿ ਲਵਦੀਪ ਸਿੰਘ ਦੀ ਇਸ ਪ੍ਰਾਪਤੀ ਨਾਲ ਹੋਰਨਾਂ ਵਿਦਿਆਰਥੀਆਂ ਨੂੰ ਵੀ ਮਾਰਗ-ਦਰਸ਼ਨ ਮਿਲਿਆ ਹੈ।ਇਸ ਦੌਰਾਨ ਉਨ੍ਹਾਂ ਐੱਨ.ਡੀ.ਏ. ਵਿੱਚ ਚੁਣੇ ਗਏ ਲਵਦੀਪ ਸਿੰਘ ਦਾ ਮੂੰਹ ਮਿੱਠਾ ਕਰਵਾ ਕੇ ਉਤਸ਼ਾਹਤ ਕੀਤਾ।ਇਸ ਮੌਕੇ ਲਵਦੀਪ ਸਿੰਘ ਦੇ ਮਾਪਿਆਂ ਨੇ ਆਖਿਆ ਕਿ ਉਨ੍ਹਾਂ ਨੂੰ ਆਪਣੇ ਪੁੱਤਰ ਦੀ ਪ੍ਰਾਪਤੀ 'ਤੇ ਮਾਣ ਹੈ ਤੇ ਉਸ ਦੀ ਪ੍ਰਾਪਤੀ ਨੇ ਉਨ੍ਹਾਂ ਦਾ ਸਮਾਜ ਵਿੱਚ ਸਿਰ ਹੋਰ ਉੱਚਾ ਕੀਤਾ ਹੈ।ਉਨ੍ਹਾਂ ਸਕੂਲ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

30-May--page-11-Majha-2025-C.qxd 5/29/2025 10:55 PM Page 1



# ਨਸ਼ਾ ਮੁਕਤੀ ਯਾਤਰਾ ਮੁਹਿੰਮ ਸੂਬੇ 'ਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰੇਗੀ : ਰੰਧਾਵਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਵਿੱਚ ਨਸ਼ਾ ਮੁਕਤੀ ਯਾਤਰਾ ਪੂਰੇ ਉਤਸ਼ਾਹ ਨਾਲ ਚੱਲ ਰਹੀ ਹੈ ਅਤੇ ਲੋਕਾਂ ਵੱਲੋਂ ਇਸ ਲਹਿਰ ਨੂੰ ਪੂਰਾ ਸਮਰਥਨ ਦਿੱਤਾ ਜਾ ਰਿਹਾ ਹੈ।ਬੀਤੀ ਸ਼ਾਮ ਨਸ਼ਾ ਮੁਕਤੀ ਯਾਤਰਾ ਹਲਕੇ ਦੇ ਪਿੰਡ ਜੌੜੀਆਂ ਕਲਾਂ ਵਿੱਚ ਪਹੁੰਚੀ ਜਿਸ ਦੀ ਅਗਵਾਈ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਵੱਲੋਂ ਕੀਤੀ ਗਈ।ਪਿੰਡ ਜੌੜੀਆਂ ਕਲਾਂ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿਖੇ ਨਸ਼ਾ ਮੁਕਤੀ ਯਾਤਰਾ ਦੌਰਾਨ ਹੋਈ ਜਨਤਕ ਸਭਾ ਨੂੰ ਸੰਬੋਧਨ ਹੁੰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਲੋਕ ਦ੍ਰਿੜ੍ਹਤਾ ਨਾਲ ਪ੍ਰਣ ਕਰਨ ਅਤੇ ਹਰ ਹੀਲੇ ਉਸ ਪ੍ਰਣ ਨੂੰ ਨਿਭਾਉਣ ਵਿੱਚ ਕਿਸੇ ਵੀ ਨਾਗਰਿਕ ਨੂੰ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਉਨ੍ਹਾਂ ਕਿਹਾ ਕਿ ਹਲਕੇ ਦੇ ਹਰ ਇੱਕ ਪਿੰਡ ਵਿੱਚ ਪੇਂਡੂ ਡਿਫੈਂਸ ਕਮੇਟੀਆਂ ਕਾਰਜਸ਼ੀਲ ਹਨ ਅਤੇ ਸਾਨੂੰ ਪੂਰੀ ਉਮੀਦ ਹੈ ਕਿ ਇਹ ਡਿਫੈਂਸ ਕਮੇਟੀਆਂ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਨਸ਼ਾ ਤਸਕਰਾਂ ਦੇ ਕਾਰੋਬਾਰ ਨੂੰ ਮੁਕੰਮਲ ਤੌਰ 'ਤੇ ਬੰਦ ਕਰਵਾਉਣ ਵਿੱਚ ਯੋਗਦਾਨ ਪਾਉਣਗੀਆਂ। ਉਨ੍ਹਾਂ ਕਿਹਾ ਕਿ ਜਾਗਰੂਕਤਾ ਸਭਾਵਾਂ ਵਿੱਚ ਪਹੁੰਚਣ ਵਾਲੇ ਲੋਕਾਂ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਉਹ ਇੱਥੋਂ ਮਿਲਣ ਵਾਲੇ ਸੁਨੇਹੇ ਆਪਣੇ ਪਰਿਵਾਰਿਕ ਮੈਂਬਰਾਂ, ਦੋਸਤਾਂ ਮਿੱਤਰਾਂ, ਗੁਆਂਢੀਆਂ ਅਤੇ ਹੋਰ ਪਤਵੰਤਿਆਂ ਨਾਲ ਨਿਰੰਤਰ ਸਾਂਝਾ ਕਰਦੇ ਰਹਿਣ ਕਿਉਂਕਿ ਲੋਕ ਲਹਿਰ ਬਣਨ ਨਾਲ ਹੀ ਅਜਿਹੀਆਂ ਸਮਾਜਿਕ ਬੁਰਾਈਆਂ ਦਾ ਖ਼ਾਤਮਾ ਸੰਭਵ




ਹੁੰਦਾ ਹੈ।ਉਨ੍ਹਾਂ ਕਿਹਾ ਕਿ ਇਹ ਮੁਹਿੰਮ ਜ਼ਰੂਰ ਹੀ ਨਸ਼ੇ ਨੂੰ ਜੜ੍ਹ ਤੋਂ ਖ਼ਤਮ ਕਰੇਗੀ।ਵਿਧਾਇਕ ਰੰਧਾਵਾ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਪਿਛਲੀਆਂ ਸਰਕਾਰਾਂ ਵੱਲੋਂ ਬੀਜੇ ਕੰਡੇ ਚੁਗ ਰਹੀ ਹੈ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਨਸ਼ੇ ਰੋਕਣ ਲਈ ਕੁਝ ਨਹੀਂ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਵਿੱਚ ਹਰੇਕ ਨਾਗਰਿਕ ਤੱਕ ਸਿੱਧੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਨਸ਼ਾ ਮੁਕਤੀ ਯਾਤਰਾ ਆਰੰਭ ਕੀਤੀ ਹੈ ਤਾਂ ਜੋ ਲੋਕਾਂ ਤੋਂ ਸਿੱਧੀ ਫੀਡਬੈਕ ਲੈ ਕੇ ਨਸ਼ਿਆਂ ਦੀ ਸਪਲਾਈ ਲਾਈਨ ਤੋੜੀ ਜਾ ਸਕੇ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦਾ ਮੁਫ਼ਤ ਅਤੇ ਢੁਕਵਾਂ ਇਲਾਜ ਕਰਵਾਇਆ ਜਾ ਸਕੇ।ਇਸ ਮੌਕੇ ਐੱਸਡੀਐੱਮ ਡੇਰਾ ਬਾਬਾ ਨਾਨਕ ਗੁਰਮਿੰਦਰ ਸਿੰਘ, ਨਾਇਬ ਤਹਿਸੀਲਦਾਰ ਗੁਰਦੀਪ ਸਿੰਘ,ਬੀਡੀਪੀਓ ਮੈਡਮ ਅਮਨਦੀਪ ਕੌਰ, ਡੀਐੱਸਪੀ ਜੋਗਾ ਸਿੰਘ, ਐੱਸਐੱਚਓ ਲਖਵਿੰਦਰ ਕੌਰ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਨਸ਼ਾ ਛਡਾਉ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਡਾਕਟਰ ਅਰਸ਼ਦੀਪ ਸਿੰਘ ਕੁੰਡਲ, ਪੀਏ ਲਵਪ੍ਰੀਤ ਸਿੰਘ, ਸੋਸ਼ਲ ਮੀਡੀਆ ਇੰਚਾਰਜ, ਸਰਬਜੋਤ ਸਿੰਘ ਰੰਧਾਵਾ, ਆਪ ਆਗੂ ਹਰਜੀਤ ਸਿੰਘ ਠੇਠਰਕੇ, ਹਲਕਾ ਨੋਡਲ ਅਫ਼ਸਰ (ਸਿੱਖਿਆ) ਹਰਮਿੰਦਰ ਸਿੰਘ ਪੰਛੀ, ਮੇਜਰ ਸਿੰਘ ਠੇਠਰਕੇ, ਹਰਪ੍ਰੀਤ ਸਿੰਘ ਹੈਪੀ ਸਰਪੰਚ ਬਹਿਲੋਲਪੁਰ, ਇੰਦਰਜੀਤ ਸਿੰਘ ਚਾਕਾਵਾਲੀ, ਸਰਪੰਚ ਰਾਜਬੀਰ ਕੌਰ, ਮੈਂਬਰ ਗੁਰਮੀਤ ਕੌਰ, ਮੈਂਬਰ ਜਸਬੀਰ ਕੌਰ, ਮੈਂਬਰ ਕੁਲਵੰਤ ਸਿੰਘ,ਮੈਂਬਰ ਦਿਲਬਾਗ ਸਿੰਘ ਐੱਸਡੀਐੱਮ ਫੌਜੀ, ਮੈਂਬਰ ਖੁਸ਼ਜੀਤ ਸਿੰਘ ਟੋਨੀ, ਮੈਂਬਰ ਮਨਦੀਪ ਮਸੀਹ,ਆਪ ਆਗੂ ਸੁਖਜਿੰਦਰ ਸਿੰਘ ਜੱਗੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਭਗਤ ਪੂਰਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਪਿੰਗਲਵਾੜਾ ਨੇ 'ਪਾਣੀ ਬਚਾਉ ਮਨੁੱਖਤਾ ਬਚਾਉ' ਰੈਲੀ ਕੱਢੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਦੇ 121ਵੇਂ ਜਨਮ ਦਿਨ ਨੂੰ ਸਮਰਪਿਤ 'ਪਾਣੀ ਬਚਾਓ ਮਨੁੱਖਤਾ ਬਚਾਓ' ਰੈਲੀ ਭਰਵੇਂ ਜਲੂਸ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੇ ਮੁੱਖ ਦਫ਼ਤਰ ਤੋਂ ਭਾਈ ਗੁਰਦਾਸ ਹਾਲ ਤੱਕ ਕੱਢੀ ਗਈ। ਇਸ ਮੌਕੇ ਸੰਸਥਾ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਨੇ ਅਰਦਾਸ ਕਰਨ ਉਪਰੰਤ ਰੈਲੀ ਦੇ ਸ਼ੁਰੂਆਤ ਕਰਦੇ ਹੋਏ ਦੱਸਿਆ ਕਿ ਕਈ ਦਹਾਕੇ ਪਹਿਲਾਂ ਭਗਤ ਪੂਰਨ ਸਿੰਘ ਜੀ ਨੇ ਪਾਣੀ, ਹਵਾ ਆਦਿ ਵਰਗੀਆਂ ਕੁਦਰਤੀ ਦਾਤਾਂ ਨੂੰ ਪਲੀਤ ਹੋਣ 'ਤੇ ਆਪਣੀ ਚਿੰਤਾ ਪ੍ਰਗਟਾਉਣੀ ਸ਼ੁਰੂ ਕਰ ਦਿੱਤੀ ਸੀ ਅਤੇ ਅੱਜ ਸਾਰੀ ਦੁਨੀਆ ਦੇ ਸਾਹਮਣੇ ਹੈ ਕਿ ਭਗਤ ਪੂਰਨ ਸਿੰਘ ਦੀ ਇਹ ਫ਼ਿਕਰ ਸੱਚ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਰੈਲੀ ਕੱਢਣ ਦਾ ਮਕਸਦ ਸਿਰਫ਼ ਇਹੀ ਹੈ ਕਿ ਅਜੇ ਵੀ ਬਹੁਤ ਲੋਕ ਜਾਗਰੂਕ ਨਹੀਂ ਹਨ ਕਿ ਇਨ੍ਹਾਂ ਕੁਦਰਤੀ ਸਾਧਨਾਂ ਜਿਵੇਂ ਕਿ ਹਵਾ, ਪਾਣੀ ਵਾਤਾਵਰਨ ਨੂੰ ਅਸੀਂ ਆਪਣੇ ਲਈ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕਿਵੇਂ ਸੰਭਾਲ ਕੇ ਰੱਖਣਾ ਹੈ। ਉਨ੍ਹਾਂ ਕਿਹਾ ਕਿ ਦੁਨੀਆ ਤਕ ਇਸ ਆਵਾਜ਼ ਨੂੰ ਪਹੁੰਚਾਉਣ ਲਈ ਹੀ ਇਸ ਰੈਲੀ ਦਾ ਆਯੋਜਨ ਕੀਤਾ ਗਿਆ ਹੈ। ਇਸ ਰੈਲੀ ਵਿੱਚ ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ, ਭਗਤ ਪੂਰਨ ਸਿੰਘ ਸਕੂਲ ਫ਼ਾਰ ਦ ਡੈੱਫ਼, ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਭਗਤ ਪੂਰਨ ਸਿੰਘ ਇੰਸਟੀਚਿਊਟ ਫ਼ਾਰ ਸਪੈਸ਼ਲ ਨੀਡਜ਼, ਸਿਟੀਜ਼ਨ ਫੋਰਮ ਵਿੱਦਿਆ ਮੰਦਰ ਆਦਿ ਸਕੂਲਾਂ ਦੇ ਵਿਦਿਆਰਥੀਆਂ ਨੇ ਪਾਣੀ ਨੂੰ ਬਚਾਉਣ ਹਿੱਤ ਨਾਅਰਿਆਂ ਦੇ ਰੂਪ ਵਿੱਚ ਜਨ-ਜਨ ਤੱਕ ਆਪਣੀ




ਆਵਾਜ਼ ਮਾਟੋਆਂ, ਤਖ਼ਤੀਆਂ ਤੇ ਨਾਅਰੇ ਲਿਖ ਕੇ, ਪੋਸਟਰਾਂ ਦੇ ਰੂਪ ਵਿੱਚ ਲੋਕਾਂ ਤੱਕ ਪਹੁੰਚਾਉਣ ਦਾ ਸ਼ਲਾਘਾਯੋਗ ਉਪਰਾਲਾ ਕੀਤਾ।ਰੈਲੀ ਦੀ ਸਮਾਪਤੀ ਭਾਈ ਗੁਰਦਾਸ ਹਾਲ ਵਿਖੇ ਹੋਈ, ਹਾਲ ਵਿੱਚ ਵਾਤਾਵਰਨ ਤੇ ਕੰਮ ਕਰ ਰਹੀਆਂ ਸ਼ਖ਼ਸ਼ੀਅਤਾਂ ਜਸਕੀਰਤ ਸਿੰਘ, ਕਰਨਲ ਜਸਜੀਤ ਸਿੰਘ ਗਿੱਲ, ਅਮੀਜੋਤ ਮਾਨ, ਕੁਲਵੰਤ ਸਿੰਘ ਅਣਖੀ ਆਦਿ ਨੇ ਸੰਬੋਧਨ ਕਰਕੇ ਬੱਚਿਆਂ ਨੂੰ ਕਿਹਾ ਕਿ ਮੌਜੂਦਾ ਸਰਕਾਰਾਂ ਦੀ ਮਿਲੀਭੁਗਤ ਨਾਲ ਹੀ ਕਈ ਫੈਕਟਰੀਆਂ ਵਾਲੇ ਧਰਤੀ ਹੇਠਾਂ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਸੁੱਟ ਰਹੇ ਹਨ, ਜਿਸ ਨਾਲ ਪੀਣ ਵਾਲੇ ਪਾਣੀ ਵਿੱਚ ਕਈ ਧਾਤਾਂ ਮਿਲ ਰਹੀਆਂ ਹਨ, ਜੋ ਕਿ ਨਾਮੁਰਾਦ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪਾਣੀ ਬਚੇਗਾ ਤਾਂ ਹੀ ਮਨੁੱਖਤਾ ਬਚੇਗੀ। ਇਸ ਪ੍ਰੋਗਰਾਮ ਵਿੱਚ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ ਐੱਮਐੱਲਏ, ਮੁਖਤਾਰ ਸਿੰਘ ਗੁਰਾਇਆ, ਰਾਜਬੀਰ ਸਿੰਘ, ਹਰਜੀਤ ਸਿੰਘ ਅਰੋੜਾ, ਬੀਬੀ ਪ੍ਰੀਤਇੰਦਰ ਕੌਰ, ਯੋਗੇਸ਼ ਸੂਰੀ, ਸੁਰਿੰਦਰਜੀਤ ਸਿੰਘ ਭੱਟੀ, ਬੀਬੀ ਸੁਰਿੰਦਰ ਕੌਰ ਭੱਟੀ, ਤਜਿੰਦਰਭਾਨ ਸਿੰਘ ਬੇਦੀ, ਡਾ. ਸ਼ਿਆਮ ਸੁੰਦਰ ਦੀਪਤੀ, ਸਮਾਜ ਸੇਵੀ ਪਵਨ ਸ਼ਰਮਾ, ਸਾਬਕਾ ਪੁਲਸ ਇੰਸਪੈਕਟਰ ਰਾਜਵਿੰਦਰ ਕੌਰ, ਬਲਬੀਰ ਸਿੰਘ ਰਾਜੇਵਾਲ, ਗੁਰਨਾਇਬ ਸਿੰਘ, ਮਾਸਟਰ ਅਜੀਤ ਸਿੰਘ, ਬੀਬੀ ਬਲਜੀਤ ਕੌਰ, ਡਾ. ਅਸ਼ੋਕ ਉੱਪਲ, ਤਿਲਕ ਰਾਜ, ਹਰਪਾਲ ਸਿੰਘ ਸੰਧੂ ਵੱਖ-ਵੱਖ ਸਕੂਲਾਂ ਦੇ ਪ੍ਰਿਸੀਪਲ ਤੇ ਸਮੂਹ ਸਟਾਫ਼, ਗੁਲਸ਼ਨ ਰੰਜਨ, ਇਕਬਾਲ ਸਿੰਘ, ਵੱਖ-ਵੱਖ ਵਾਰਡਾਂ ਤੇ ਵਿਭਾਗਾਂ ਦੇ ਇੰਚਾਰਜ ਆਦਿ ਹਾਜ਼ਰ ਸਨ। ਇਸ ਮੌਕੇ ਭਾਈ ਗੁਰਦਾਸ ਹਾਲ ਵਿਖੇ ਬਹੁਤ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਕੁਦਰਤੀ ਸੋਮਿਆਂ ਦੀ ਸੰਭਾਲ ਪ੍ਰਤੀ ਹਲੂਣਾ ਦੇਣ ਵਾਲੇ ਨਾਟਕ, ਗੀਤ ਆਦਿ ਪੇਸ਼ ਕਰਕੇ ਦਰਸ਼ਕਾਂ ਨੂੰ ਵਾਹ-ਵਾਹ ਕਹਿਣ ਲਈ ਮਜ਼ਬੂਰ ਕਰ ਦਿੱਤਾ। ਇਸ ਮੌਕੇ ਆਈਆਂ ਸ਼ਖ਼ਸ਼ੀਅਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਸਨਮਾਨਿਤ ਕੀਤਾ ਗਿਆ। ਸਾਰੇ ਪ੍ਰੋਗਰਾਮ ਦਾ ਸਟੇਜ ਸੰਚਾਲਨ ਮਾਸਟਰ ਰਾਜਬੀਰ ਸਿੰਘ ਨੇ ਕੀਤਾ।

# ਇੱਕ ਕਿੱਲੋ 495 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਨਸ਼ਿਆਂ ਦਾ ਲੱਕ ਤੋੜਨ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਖਾਲੜਾ ਪੁਲਸ ਨੇ ਇੱਕ ਨੌਜਵਾਨ ਨੂੰ 1 ਕਿੱਲੋ 495 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ ਜਦਕਿ ਉਸ ਦੇ ਦੂਜੇ ਸਾਥੀ ਦੀ ਗ੍ਰਿਫ਼ਤਾਰੀ ਹੋਣੀ ਬਾਕੀ ਹੈ। ਫੜੇ ਗਏ ਨੌਜਵਾਨ ਦੀ ਪਛਾਣ ਸੁਰਜੀਤ ਸਿੰਘ ਉਰਫ਼ ਛੁੱਟੂ ਪੁੱਤਰ ਰੇਸ਼ਮ ਸਿੰਘ ਵਾਸੀ ਪਿੰਡ ਡੱਲੀ ਵਜੋਂ ਹੋਈ ਹੈ। ਹੈਰੋਇਨ ਤੋਂ ਇਲਾਵਾ ਪੁਲਸ ਪਾਰਟੀ ਨੇ ਮੋਟਰਸਾਈਕਲ ਜ਼ਬਤ ਕੀਤਾ ਹੈ। ਪ੍ਰੈੱਸ ਕਾਨਫਰੰਸ 'ਚ ਜਾਣਕਾਰੀ ਦਿੰਦਿਆਂ ਡੀਐੱਸਪੀ ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਥਾਣਾ ਮੁਖੀ ਖਾਲੜਾ ਰਣਜੀਤ ਸਿੰਘ ਦੀ ਅਗਵਾਈ ਵੱਲੋਂ ਸੁਰਜੀਤ ਸਿੰਘ ਨਾਮਕ ਨੌਜਵਾਨ ਜੋ ਪਾਕਿਸਤਾਨੀ ਤਸਕਰਾਂ ਦੇ ਸਿੱਧੇ ਸੰਪਰਕ ਵਿੱਚ ਸੀ, ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਨੌਜਵਾਨ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਉਕਤ ਨੌਜਵਾਨ ਪਾਕਿਸਤਾਨੀ ਤਸਕਰਾਂ ਤੋਂ ਡਰੋਨ ਰਾਹੀਂ ਨਸ਼ਾ ਮੰਗਵਾਉਂਦਾ ਸੀ।ਡੀਐੱਸਪੀ ਨੇ ਕਿਹਾ ਕਿ ਨੌਜਵਾਨ ਦੇ ਅਗਲੇ-ਪਿਛਲੇ ਸੰਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਡੀਐੱਸਪੀ ਨੇ ਕਿਹਾ ਕਿ ਨਸ਼ੇ ਸਪਲਾਈ ਕਰਨ ਵਾਲਿਆਂ, ਡੀਲਰਾਂ ਤੇ ਖ਼ਰੀਦਦਾਰਾਂ ਦੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਗ੍ਰਿਫ਼ਤਾਰ ਵਿਅਕਤੀ ਦੁਆਰਾ ਹੁਣ ਤੱਕ ਖਰੀਦੇ ਗਏ ਨਸ਼ਿਆਂ ਦੀ ਕੁੱਲ ਮਾਤਰਾ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਥਾਣਾ ਖਾਲੜਾ ਵਿਖੇ ਐੱਨਡੀਪੀਐੱਸ ਐਕਟ ਦੀ ਧਾਰਾ 21(ਸੀ) ਤਹਿਤ ਐੱਫਆਈਆਰ ਨੰਬਰ 97 ਮਿਤੀ 28 ਮਈ 2025 ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।



# ਕਿਸ਼ੋਰ ਅਵਸਥਾ ਦੌਰਾਨ ਹੋਣ ਵਾਲੇ ਬਦਲਾਅ ਤੇ ਸਮੱਸਿਆਵਾਂ ਸਬੰਧੀ ਸੈਮੀਨਾਰ ਕਰਵਾਇਆ

ਚੋਹਲਾ ਸਾਹਿਬ (ਰਮਨ ਚੱਢਾ)-ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ, ਡਾ. ਜਤਿੰਦਰ ਸਿੰਘ ਗਿੱਲ ਸੀਐੱਚਸੀ ਸਰਹਾਲੀ ਦੀ ਅਗਵਾਈ ਹੇਠ ਸੀਐੱਚਸੀ ਸਰਹਾਲੀ ਵਿਖੇ ਕਿਸ਼ੋਰ ਅਵਸਥਾ ਦੌਰਾਨ ਹੋਣ ਵਾਲੇ ਬਦਲਾਅ, ਸਮੱਸਿਆਵਾਂ ਸਬੰਧੀ ਇਕ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਸਕੂਲੀ ਵਿਦਿਆਰਥਣਾਂ ਅਤੇ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਤਿੰਦਰ ਸਿੰਘ ਗਿੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਿਸ਼ੋਰ ਅਵਸਥਾ ਵਿੱਚ 10 ਤੋਂ 19 ਸਾਲ ਦੇ ਲੜਕੇ ਲੜਕੀਆਂ ਆਉਂਦੇ ਹਨ, ਜੋ ਸਾਡੇ ਦੇਸ਼ ਦੀ ਕੁੱਲ ਆਬਾਦੀ ਦਾ ਕਰੀਬ 20 ਫ਼ੀਸਦੀ ਹਿੱਸਾ ਹਨ। ਬਾਲ ਅਵਸਥਾ ਤੋਂ ਕਿਸ਼ੋਰ ਅਵਸਥਾ ਤੱਕ ਆਉਂਦਿਆਂ ਸਰੀਰ ਵਿੱਚ ਹਾਰਮੋਨਜ਼ ਦੀਆਂ ਤਬਦੀਲੀਆਂ ਹੋਣ ਨਾਲ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਦੇ ਨਾਲ ਨਾਲ ਸਰੀਰਕ ਬਣਤਰ ਵਿੱਚ ਵੀ ਬਦਲਾਅ ਆਉਂਦਾ ਹੈ, ਜਿਸ ਦੌਰਾਨ ਬੱਚਿਆਂ ਨੂੰ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮੇਂ ਜਾਣਕਾਰੀ ਦਿੰਦੇ ਹੋਏ ਡਾਕਟਰ ਸਨਦੀਪ ਕੌਰ ਨੇ ਦੱਸਿਆ ਕਿ ਇਹ ਜੀਵਨ ਦੀ ਇੱਕ ਕੁਦਰਤੀ ਪ੍ਰਕਿਰਿਆ ਹੈ ਅਤੇ ਇਸ ਤੋਂ ਘਬਰਾਉਣ ਦੀ ਕੋਈ ਗੱਲ ਨਹੀ ਹੁੰਦੀ। ਇਸ ਸਮੇਂ ਦੌਰਾਨ ਲੜਕੀਆਂ ਵਿੱਚ ਮਾਹਵਾਰੀ ਸ਼ੁਰੂ ਹੋਣ ਨਾਲ ਆਉਂਦੀਆਂ ਤਕਲੀਫਾਂ ਤੋਂ ਬਚਾਅ ਤੇ ਸਾਂਭ ਸੰਭਾਲ ਲਈ ਲੜਕੀਆਂ ਦਾ ਸਿੱਖਿਅਤ ਹੋਣਾ ਬਹੁਤ ਜ਼ਰੂਰੀ ਹੈ। ਇਸ ਸਰੀਰਕ ਬਦਲਾਓ ਤੋਂ ਪਤਾ ਚੱਲਦਾ ਹੈ ਕਿ ਸਰੀਰ ਦਾ ਵਿਕਾਸ ਸਹੀ ਢੰਗ ਨਾਲ ਹੋ ਰਿਹਾ ਹੈ। ਇਸ ਉਮਰ ਦੌਰਾਨ ਮਾਪਿਆਂ ਅਤੇ ਅਧਿਆਪਕਾ ਨੂੰ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।



ਉਨ੍ਹਾਂ ਨੂੰ ਆਪਣੇ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਇਕ ਦੋਸਤ ਦੀ ਤਰ੍ਹਾਂ ਸਮਝਣਾ ਅਤੇ ਹੱਲ ਕਰਨਾ ਚਾਹੀਦਾ ਹੈ, ਤਾਂ ਜੋ ਬੱਚੇ ਆਪਣੇ ਮਾਪਿਆਂ ਅਤੇ ਅਧਿਆਪਕਾਂ ਨਾਲ ਆਪਣੀ ਹਰ ਤਰ੍ਹਾਂ ਦੀ ਸਮੱਸਿਆ ਬਿਜਿਜਕ ਹੋ ਕੇ ਸਾਂਝੀ ਕਰ ਸਕਣ। ਜੇਕਰ ਕੋਈ ਦਿੱਕਤ ਆਵੇ ਤਾਂ ਨਜ਼ਦੀਕੀ ਮਹਿਲਾ ਮੈਡੀਕਲ ਅਫਸਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਸ ਸਮੇਂ ਜਤਿੰਦਰ ਕੌਰ ਐੱਲਐੱਚਵੀ, ਸਰਬਜੀਤ ਕੌਰ ਐੱਮਐੱਲਟੀ, ਕਸ਼ਮੀਰ ਕੌਰ ਐੱਮਐੱਲਟੀ, ਪਰਮਜੀਤ ਕੌਰ ਐੱਮਐੱਲਟੀ, ਰਾਜਵਿੰਦਰ ਕੌਰ ਐੱਮਐੱਲਟੀ, ਸੁਖਵਿੰਦਰ ਕੌਰ ਐੱਮਐੱਲਟੀ, ਸਰਬਜੀਤ ਕੌਰ ਫਾਰਮੇਸੀ ਅਫਸਰ, ਬਲਰਾਜ ਸਿੰਘ ਗਿੱਲ ਬੀਈਈ, ਅਪਥਾਲਮਿਕ ਅਫਸਰ ਜਸਵਿੰਦਰ ਸਿੰਘ, ਡਾ. ਕੰਵਰਪੁਨੀਤ ਸਿੰਘ, ਤੇਜਿੰਦਰ ਸਿੰਘ ਅਤੇ ਅੰਮ੍ਰਿਤ ਲਾਲ ਆਦਿ ਹਾਜ਼ਰ ਸਨ।

# ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ 37 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਪ੍ਰੋਜੈਕਟਾਂ ਦਾ ਉਦਘਾਟਨ

ਪਠਾਨਕੋਟ (ਦਵਿੰਦਰ ਸਿੰਘ)-ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਸਰਕਾਰੀ ਪ੍ਰਾਇਮਰੀ ਸਕੂਲ ਸੁੰਦਰਚੱਕ ਵਿੱਚ ਚਾਰਦੀਵਾਰੀ ਲਈ 4.25 ਲੱਖ, ਰਿਪੇਅਰ ਮੇਨਟੇਨੈਂਸ ਲਈ 2.57 ਕੁੱਲ 6.82 ਲੱਖ, ਸਰਕਾਰੀ ਮਿਡਲ ਸੁੰਦਰਚੱਕ ਚਾਰਦੀਵਾਰੀ ਲਈ 2.50 ਲੱਖ, ਰਿਪੇਅਰ ਐਂਡ ਮੇਨਟੇਨੈਂਸ ਲਈ 2.54, ਬਾਥਰੂਮ ਰਿਪੇਅਰ ਲਈ 1.40, ਕੁੱਲ 6.44 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਭਗਵਾਨਨਗਰ ਨਵੇਂ ਕਮਰੇ ਲਈ 7.51 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਭੋਆ ਚਾਰਦੀਵਾਰੀ ਲਈ 4.35 ਲੱਖ ਅਤੇ ਸਕੂਲ ਆਫ਼ ਐਮੀਨੈਂਸ ਭੋਆ ਚਾਰਦੀਵਾਰੀ ਲਈ 5.0 ਲੱਖ, ਬਾਥਰੂਮਾਂ ਲਈ 6.88 ਲੱਖ ਕੁੱਲ 11.88 ਲੱਖ ਦੇ ਉਦਘਾਟਨ ਕੀਤੇ ਗਏ। ਇਸ ਤਰ੍ਹਾਂ ਮੰਤਰੀ ਨੇ 37 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਕੁਮਾਰ ਬਲਾਕ ਪ੍ਰਧਾਨ, ਡੀਈਓ ਐਲੀਮੈਂਟਰੀ ਕਮਲਦੀਪ ਕੌਰ, ਡੀਈਓ ਸੈਕੰਡਰੀ ਰਾਜੇਸ਼ ਕੁਮਾਰ, ਬੀਪੀਈਓ ਨਰੇਸ਼ ਪਨਿਆੜ, ਇੰਦਰਜੀਤ ਮਲਹੋਤਰਾ, ਪ੍ਰਿੰਸੀਪਲ ਨਸੀਬ ਸਿੰਘ ਸੈਣੀ, ਸੀਐੱਚਟੀ




ਰਾਜੇਸ਼ ਕੁਮਾਰ, ਸੀਐੱਚਟੀ ਸੁਨੀਲ ਕੁਮਾਰ, ਰਾਜੇਸ਼ ਕੁਮਾਰ ਲੱਕੀ, ਆਸ਼ਾ ਦੇਵੀ, ਜੋਗਿੰਦਰ ਪਾਲ, ਸ਼ਸ਼ੀ ਕੁਮਾਰ, ਬਲਕਾਰ ਅੱਤਰੀ ਆਦਿ ਹਾਜ਼ਰ ਸਨ। ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਹੁਣ ਪੰਜਾਬ ਅੰਦਰ ਉਹ ਪਹਿਲਾਂ ਵਾਲੇ ਸਕੂਲ ਨਹੀਂ ਰਹੇ। ਪੰਜਾਬ ਸਰਕਾਰ ਵੱਲੋਂ ਕੀਤੇ ਬਦਲਾਅ ਨੇ ਸਕੂਲਾਂ ਨੂੰ ਇੱਕ ਨਵੀਂ ਦਿੱਖ ਦਿੱਤੀ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲ ਦੇ ਵਿਦਿਆਰਥੀ ਸਿੱਖਿਆ ਦੇ ਖੇਤਰ ਵਿੱਚ, ਖੇਡਾਂ ਦੇ ਖੇਤਰ ਵਿੱਚ ਅੱਗੇ ਵੱਧ ਰਹੇ ਹਨ।ਸਰਕਾਰ ਵੱਲੋਂ ਵਿਦੇਸ਼ੀ ਸਿੱਖਿਆ ਪ੍ਰਣਾਲੀ ਨੂੰ ਜਾਣਨ ਦੇ ਲਈ ਅਧਿਆਪਕਾਂ ਨੂੰ ਵਿਦੇਸ਼ਾਂ ਅੰਦਰ ਭੇਜਿਆ ਜਾ ਰਿਹਾ ਹੈ। ਸਕੂਲਾਂ ਅੰਦਰ ਸਾਇੰਸ ਲੈਬ, ਸਕੂਲਾਂ ਦੀ ਚਾਰਦੀਵਾਰੀ, ਡਾਈਨਿੰਗ ਹਾਲ, ਕੰਪਿਊਟਰ ਲੈਬ, ਡਿਜੀਟਲ ਬੋਰਡ, ਸਮਾਰਟ ਰੂਮ, ਫ੍ਰੀ ਕਿਤਾਬਾਂ, ਫ੍ਰੀ ਵਰਦੀਆਂ, ਮਿਡ-ਏ-ਮੀਲ ਅਤੇ ਹੋਰ ਬਦਲਾਅ ਨੇ ਸਿੱਖਿਆ ਖੇਤਰ ਅੰਦਰ ਕ੍ਰਾਂਤੀ ਲਿਆਂਦੀ ਹੈ।

# ਜੀਟੀਬੀਆਈ ਸਕੂਲ ਕਲਿਆਣਪੁਰ ਨੇ ਜ਼ੋਨਲ ਫੁੱਟਬਾਲ ਟੂਰਨਾਮੈਂਟ 'ਚ ਮਾਰੀ ਬਾਜ਼ੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀਟੀਬੀਆਈ) ਸਕੂਲ ਕਲਿਆਣਪੁਰ (ਧਾਰੀਵਾਲ) ਦੇ ਵਿਦਿਆਰਥੀਆਂ ਨੇ ਜ਼ੋਨਲ ਪੱਧਰੀ ਫੁੱਟਬਾਲ ਟੂਰਨਾਮੈਂਟ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਸਬੰਧੀ ਖੁਸ਼ੀ ਪ੍ਰਗਟ ਕਰਦਿਆਂ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ, ਡਾਇਰੈਕਟਰ ਪ੍ਰਿਤਪਾਲ ਸਿੰਘ (ਐਡਵੋਕੇਟ) ਅਤੇ ਪ੍ਰਿੰਸੀਪਲ ਬਰਿੰਦਰ ਜੋਤ ਕੌਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਆਈਸੀਐੱਸਸੀ ਅਤੇ ਆਈਐੱਸਸੀ ਬੋਰਡ ਵੱਲੋਂ ਪਠਾਨਕੋਟ ਵਿਖੇ ਕਰਵਾਏ ਗਏ ਜ਼ੋਨਲ ਪੱਧਰ ਦੇ ਫੁੱਟਬਾਲ ਟੂਰਨਾਮੈਂਟ ਵਿੱਚ ਵੱਖ-ਵੱਖ ਸਕੂਲਾਂ ਦੀਆਂ ਲਗਭਗ 9 ਟੀਮਾਂ ਨੇ ਭਾਗ ਲਿਆ ਗਿਆ ਜਿਸ ਵਿੱਚ ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਕਲਿਆਣਪੁਰ (ਧਾਰੀਵਾਲ) ਦੀ ਟੀਮ (ਅੰਡਰ-17 ਮੁੰਡੇ) ਨੇ ਪਹਿਲਾ ਸਥਾਨ ਹਾਸਲ ਕੀਤਾ। ਇਨ੍ਹਾਂ ਮੁਕਾਬਲਿਆਂ ਦੌਰਾਨ ਸਕੂਲ ਦੇ ਫੁੱਟਬਾਲ ਖਿਡਾਰੀ ਅਰਪਨ ਸਿੰਘ, ਅਰਮਾਨ ਸਿੰਘ, ਦਵਨਪ੍ਰੀਤ ਸਿੰਘ, ਸੁਖਮਨਪ੍ਰੀਤ ਸਿੰਘ, ਹਰਸਿਮਰਤ ਸਿੰਘ, ਨਮਨ ਸ਼ਰਮਾ, ਪ੍ਰਭਜੋਤ ਸਿੰਘ, ਸਹਿਜਪ੍ਰੀਤ ਸਿੰਘ, ਪ੍ਰਥਮਪ੍ਰੀਤ ਸਿੰਘ, ਹਰਜਾਪ ਸਿੰਘ, ਤਨਵੀਰ ਸਿੰਘ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਅਤੇ ਸੱਭ ਤੋਂ ਵੱਧ ਗੋਲ ਸੁਖਮਨਪ੍ਰੀਤ ਸਿੰਘ ਨੇ ਕੀਤੇ। ਚੇਅਰਮੈਨ ਸੁਰਜੀਤ ਸਿੰਘ, ਡਾਇਰੈਕਟਰ ਪ੍ਰਿਤਪਾਲ ਸਿੰਘ ਅਤੇ ਪ੍ਰਿੰਸੀਪਲ ਬਰਿੰਦਰ ਜੋਤ ਕੌਰ ਨੇ ਇਸ ਸ਼ਾਨਦਾਰ ਜਿੱਤ 'ਤੇ ਖਿਡਾਰੀ ਬੱਚਿਆਂ ਅਤੇ ਉਨ੍ਹਾਂ ਦੇ ਕੋਚ ਲਵਦੀਪ ਸਿੰਘ ਤੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਟੂਰਨਾਮੈਂਟਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲਈ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ।

# ਧਾਲੀਵਾਲ ਨੇ ਅਜਨਾਲਾ ਹਲਕੇ ਦੇ ਤਿੰਨ ਸਰਕਾਰੀ ਸਕੂਲਾਂ 'ਚ ਕੀਤਾ ਵਿਕਾਸ ਕਾਰਜਾਂ ਦਾ ਉਦਘਾਟਨ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸ. ਧਾਲੀਵਾਲ ਵੱਲੋਂ ਹਲਕੇ ਦੇ ਸਰਹੱਦੀ ਸਰਕਾਰੀ ਐਲੀਮੈਂਟਰੀ ਸਕੂਲ ਤੇੜਾ ਰਾਜਪੂਤਾਂ ਵਿਖੇ 50 ਲੱਖ, ਸਰਕਾਰੀ ਐਲੀਮੈਂਟਰੀ ਸਕੂਲ ਬੱਲ ਲਬੇ ਦਰਿਆ 10.65 ਲੱਖ, ਸਰਕਾਰੀ ਐਲੀਮੈਂਟਰੀ ਸਕੂਲ ਭੂਤਨਪੁਰਾ ਵਿਖੇ 27 ਲੱਖ ਰੁਪਏ ਦੀ ਲਾਗਤ ਨਾਲ ਬੁਨਿਆਦੀ ਢਾਂਚੇ ਦੇ ਵਿਕਾਸ ਨਾਲ ਨੇਪਰੇ ਚੜ੍ਹੇ ਨਵ ਨਿਰਮਾਣ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਧਾਲੀਵਾਲ ਨੇ ਕਿਹਾ ਕਿ ਪਹਿਲਾਂ ਬੱਚਿਆਂ ਦੇ ਵਾਰਿਸ ਆਪਣੇ ਬੱਚਿਆਂ ਨੂੰ ਆਰਥਿਕ ਤੰਗੀ ਦੇ ਬਾਵਜੂਦ ਪ੍ਰਾਈਵੇਟ ਤੇ ਕਾਨਵੈਂਟ ਸਕੂਲਾਂ 'ਚ ਪੜ੍ਹਾਉਣ 'ਚ ਤਰਜੀਹ ਦਿੰਦੇ ਸਨ, ਪਰ ਹੁਣ ਸਰਕਾਰੀ ਸਕੂਲਾਂ ਦੇ ਸਿੱਖਿਆ ਢਾਂਚੇ ਦਾ ਬੁਨਿਆਦੀ ਵਿਕਾਸ ਕਰਵਾ ਕੇ ਪ੍ਰਾਈਵੇਟ ਮਾਡਲ ਤੇ ਕਾਨਵੈਂਟ ਸਕੂਲਾਂ ਦੇ ਬਰਾਬਰ ਮੁਕਾਬਲੇਬਾਜ਼ੀ 'ਚ ਲਿਆਂਦੇ ਜਾਣ ਦੇ ਨਤੀਜੇ ਵਜੋਂ ਉਹ ਦਿਨ ਦੂਰ ਨਹੀਂ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਮਾਡਲ ਤੇ ਕਾਨਵੈਂਟ ਸਕੂਲਾਂ ਤੋਂ ਹਟਾ ਕੇ ਸਮੇਂ ਸਰਕਾਰੀ ਸਕੂਲਾਂ 'ਚ ਦਾਖਲ ਕਰਵਉਣਗੇ।

ਉਨ੍ਹਾਂ ਮਿਹਨਤਕਸ਼ ਰਾਏ ਸਿੱਖ ਬਰਾਦਰੀ ਨੂੰ ਬਹਾਦਰ ਕੌਮ ਕਰਾਰ ਦਿੰਦਿਆਂ ਕਿਹਾ ਕਿ ਉਹ ਮਿਹਨਤ ਮਜ਼ਦੂਰੀ ਨਾਲ ਰੋਜ਼ੀ ਰੋਟੀ ਕਮਾਉਂਦਿਆਂ ਬੱਚਿਆਂ ਨੂੰ ਪੜ੍ਹਾਉਣ 'ਚ ਵੀ ਵਿਸ਼ੇਸ਼ ਦਿਲਚਸਪੀ ਵਿਖਾਉਣ ਕਿਉਂਕਿ ਵਿੱਦਿਆ ਤੋਂ ਬਿਨਾਂ ਹਰ ਬੰਦਾ ਅਜੋਕੇ ਯੁੱਗ 'ਚ ਤਰੱਕੀ ਪੱਖੋਂ ਅਧੂਰਾ ਹੈ।ਸ੍ਰੀ ਧਾਲੀਵਾਲ ਨੇ ਅਧਿਆਪਕਾਂ ਦੀ ਮਿਹਨਤ ਦੀ ਪ੍ਰਸ਼ੰਸਾ ਕਰਦਿਆਂ ਇਹ ਵੀ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਬਹੁਪੱਖੀ ਸ਼ਖ਼ਸ਼ੀਅਤ ਬਣਾਉਣ ਲਈ




ਬੱਚਿਆਂ ਅੰਦਰ ਹਲੀਮੀ ਨਾਲ ਕਿਸੇ ਦਾ ਬੁਰਾ ਨਾ ਕਰਨਾ, ਸ਼ਰਾਬ ਆਦਿ ਨਸ਼ੇ ਨਾ ਕਰਨਾ, ਹੰਕਾਰ ਨਾ ਕਰਨਾ, ਸੇਵਾ ਦੀ ਭਾਵਨਾ, ਅਨੁਸ਼ਾਸ਼ਨ, ਸੱਚਾਈ, ਸਮੇਂ ਦੇ ਪਾਬੰਦ, ਦੂਜਿਆਂ ਦਾ ਸਤਿਕਾਰ, ਈਮਾਨਦਾਰ ਤੇ ਆਗਿਆਕਾਰੀ ਹੋਣ ਆਦਿ ਵਿਭਿੰਨ ਨੈਤਿਕ ਸਿੱਖਿਆ ਨਾਲ ਵੀ ਲਬਰੇਜ਼ ਕੀਤਾ ਜਾਵੇ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਸਿੱਖਿਆ ਕੋਆਰਡੀਨੇਟਰ ਅਮਨਦੀਪ ਕੌਰ ਧਾਲੀਵਾਲ, ਬੀਈਓ ਦਲਜੀਤ ਸਿੰਘ ਸਮੇਤ ਸਮੂਹ ਸਕੂਲ ਸਟਾਫ, ਪੰਚ ਸਰਪੰਚ, ਸਕੂਲ ਪ੍ਰਬੰਧਕ ਕਮੇਟੀਆਂ, ਬੱਚਿਆਂ ਦੇ ਮਾਪੇ ਤੇ ਹੋਰ ਮੋਹਤਬਰ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਭਾਰਤ ਭੂਸ਼ਨ ਆਸ਼ੂ ਬਹੁਤ ਵੱਡੇ ਫਰਕ ਨਾਲ ਜਿੱਤਣਗੇ: ਪੱਖੋਕੇ

ਝਬਾਲ (ਹਰਜਿੰਦਰ ਸਿੰਘ ਸੋਨੀ)-ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਫਲਾ ਲੈ ਕੇ ਭਾਰਤ ਭੂਸ਼ਨ ਆਸ਼ੂ ਦੇ ਨਾਮਜ਼ਦਗੀ ਪੱਤਰ ਭਰਨ ਲਈ ਤੁਰਨ ਸਮੇਂ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਅਤੇ ਮੀਤ ਪ੍ਰਧਾਨ ਪੰਜਾਬ ਰਾਜਬੀਰ ਸਿੰਘ ਪੱਖੋਕੇ ਨੇ ਕਿਹਾ ਕਿ ਭਾਰਤ ਭੂਸ਼ਨ ਆਸ਼ੂ ਬਹੁਤ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰਨਗੇ।ਉਨ੍ਹਾਂ ਕਿਹਾ ਕਿ ਹੁਣ ਸਿਰਫ ਕਾਂਗਰਸ ਪਾਰਟੀ ਹੀ ਹੈ ਜਿਸ ਤੋਂ ਪੰਜਾਬ ਵਾਸੀਆਂ ਨੂੰ ਪੂਰੀਆਂ ਉਮੀਦਾਂ ਹਨ ਕਾਂਗਰਸ ਪਾਰਟੀ ਦੀ ਜਦੋਂ ਵੀ ਸਰਕਾਰ ਬਣੀ ਬਹੁਤ ਵਿਕਾਸ ਹੋਇਆ। ਹੁਣ ਫਿਰ ਸਰਕਾਰ ਆਉਣ ਤੇ ਪੰਜਾਬ ਦਾ ਵਿਕਾਸ ਜੰਗੀ ਪੱਧਰ ਤੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਿਲਕੁਲ ਫੇਲ੍ਹ ਹੋ ਚੁੱਕੀ ਹੈ ਹਰ ਰੋਜ਼ ਕਿਤੇ ਨਾਂ ਕਿਤੇ ਗੋਲੀ ਚਲਦੀ ਹੈ ਤੇ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ। ਆਮ ਆਦਮੀ ਪਾਰਟੀ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ ਜਿਸ ਦੀ ਮਿਸਾਲ ਲੁਧਿਆਣਾ ਨਿਵਾਸੀ ਆਸ਼ੂ ਨੂੰ ਜਿਤਾ ਕੇ ਦੇਣਗੇ। ਖਡੂਰ ਸਾਹਿਬ ਹਲਕੇ 'ਚ ਹਰ ਰੋਜ਼ ਵੱਡੀ ਗਿਣਤੀ ਵਿੱਚ ਲੋਕ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਇਸ ਮੌਕੇ ਰਣਜੀਤ ਸਿੰਘ ਰਾਣਾ, ਅੰਗਰੇਜ਼ ਸਿੰਘ, ਅਮਰੀਕ ਸਿੰਘ, ਕਰਤਾਰ ਸਿੰਘ ਕੱਲਾ, ਕੇਵਲ ਸਿੰਘ ਬਾਠ, ਡਾ. ਮਨਜਿੰਦਰ ਸਿੰਘ ਬਾਠ, ਸ਼ੇਰ ਸਿੰਘ ਸੰਘਾ, ਪ੍ਰਭਜੀਤ ਸਿੰਘ ਦੁੱਗਲਵਾਲਾ, ਮਨਜਿੰਦਰ ਸਿੰਘ ਮੱਲ੍ਹੀ, ਜਸਬੀਰ ਸਿੰਘ, ਸੰਜੀਵ ਕੁਮਾਰ ਲਾਲੀ, ਨੰਬਰਦਾਰ ਕੁਲਦੀਪ ਸਿੰਘ ਪੱਖੋਕੇ, ਕਿਸ਼ਨ ਸਿੰਘ ਪੱਖੋਕੇ, ਗੁਰਭੇਜ ਸਿੰਘ ਪੱਖੋਕੇ, ਪ੍ਰਗਟ



ਸਿੰਘ ਪੱਖੋਕੇ, ਕਵਰ ਸਿੰਘ ਪੱਖੋਕੇ ਆਦਿ ਹਾਜ਼ਰ ਸਨ

## ਤਲਬੀਰ ਗਿੱਲ ਵੱਲੋਂ ਕੁਲਬੀਰ ਸਿੰਘ ਦੇ ਪਰਵਾਰ ਨਾਲ ਦੁੱਖ ਸਾਂਝਾ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਬੀਤੇ ਦਿਨੀਂ ਕੁਲਬੀਰ ਸਿੰਘ ਡਾਹਰੀਕੇ ਅੱਡਾ ਟਾਹਲੀ ਸਾਹਿਬ ਅਕਾਲ ਚਲਾਣਾ ਕਰ ਗਏ ਸਨ, ਜਿਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਆਪ ਆਗੂ ਤਲਬੀਰ ਸਿੰਘ ਗਿੱਲ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ। ਇਸ ਮੌਕੇ ਕੁਲਬੀਰ ਸਿੰਘ ਦੇ ਭਰਾ ਮਲੂਕ ਸਿੰਘ, ਬਲਜੀਤ ਸਿੰਘ ਤੇ ਰਣਜੀਤ ਸਿੰਘ ਰਾਣਾ ਬਾਬਾ, ਸਵਰਨਜੀਤ ਸਿੰਘ ਕੁਰਾਲੀਆਂ, ਸਰਪੰਚ ਪਲਵਿੰਦਰ ਸਿੰਘ ਸਿਆਲਕਾ, ਸਤਨਾਮ ਸਿੰਘ ਸਿਆਲਕਾ, ਹਰਪ੍ਰੀਤ ਸਿੰਘ ਕੋਟ ਖਹਿਰਾ, ਪਰਮਜੀਤ ਸਿੰਘ ਮੱਤੇਵਾਲ, ਦਿਆਲ ਸਿੰਘ ਸਰਪੰਚ, ਪ੍ਰਭਜੋਤ ਸਿੰਘ, ਲਵਜੋਤ ਸਿੰਘ, ਪਲਵਿੰਦਰ ਸਿੰਘ ਸਰਹਾਲਾ ਆਦਿ ਆਗੂ ਵੀ ਹਾਜ਼ਰ ਸਨ।

# ਰੰਧਾਵਾ ਨੇ ਡੇਰਾ ਬਾਬਾ ਨਾਨਕ ਨਿਵਾਸੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਸਹੁੰ ਚੁਕਵਾਈ

ਡੇਰਾ ਬਾਬਾ ਨਾਨਕ 29 ਮਈ (ਰਮੇਸ਼ ਸ਼ਰਮਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਦਾ ਸੁਪਨਾ ਪੂਰਾ ਹੋ ਰਿਹਾ ਹੈ, ਜਿਸ ਵਿੱਚ ਪਿੰਡ ਦੀਆਂ ਪੰਚਾਇਤਾਂ, ਵਾਰਡਾਂ ਦੀਆਂ ਡਿਫੈਂਸ ਕਮੇਟੀਆਂ ਪੂਰਨ ਸਹਿਯੋਗ ਦੇ ਰਹੀਆਂ ਹਨ।ਨਸ਼ਾ ਮੁਕਤੀ ਯਾਤਰਾ ਤਹਿਤ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਡੇਰਾ ਬਾਬਾ ਨਾਨਕ ਦੇ ਨਗਰ ਕੌਂਸਲ ਦਫ਼ਤਰ ਵਿਖੇ ਡੇਰਾ ਬਾਬਾ ਨਾਨਕ ਨਿਵਾਸੀਆਂ ਨਾਲ ਵਿਸ਼ੇਸ਼ ਤੌਰ ਤੇ ਨਸ਼ਿਆਂ ਖਿਲਾਫ ਜਾਗਰੂਕਤਾ ਸਭਾ ਕੀਤੀ ਗਈ, ਜਿਸ ਵਿੱਚ ਐੱਸਡੀਐੱਮ ਡੇਰਾ ਬਾਬਾ ਨਾਨਕ ਗੁਰਮਿੰਦਰ ਸਿੰਘ, ਕਾਰਜ ਸਾਧਕ ਅਫਸਰ ਅਰੁਣ ਕੁਮਾਰ, ਨਗਰ ਕੌਂਸਲ ਪ੍ਰਧਾਨ ਸ਼ਿਖਾ ਗੁਪਤਾ, ਨਾਇਬ ਤਹਿਸੀਲਦਾਰ ਗੁਰਦੀਪ ਸਿੰਘ, ਬੀਡੀਪੀਓ ਮੈਡਮ ਅਮਨਦੀਪ ਕੌਰ, ਡੀਐੱਸਪੀ ਜੋਗਾ ਸਿੰਘ, ਐੱਸਐੱਚਓ ਸਤਪਾਲ ਸਿੰਘ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਨਸ਼ਾ ਛਡਾਊ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਡਾ. ਅਰਸ਼ਦੀਪ ਸਿੰਘ ਕੁੰਡਲ ਸ਼ਾਮਲ ਹੋਏ।ਇਸ ਮੌਕੇ ਰੰਧਾਵਾ ਨੇ ਡੇਰਾ ਬਾਬਾ ਨਾਨਕ ਵਾਸੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਸਹੁੰ ਵੀ ਚੁਕਵਾਈ ਅਤੇ ਸਮਾਜ ਨੂੰ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਮੋਹਰੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ।ਇਸ ਮੌਕੇ ਆਪ ਆਗੂ ਰਾਜੇਸ਼ ਕੁਮਾਰ ਗੁਪਤਾ, ਵਾਈਸ ਪ੍ਰਧਾਨ ਕੁਲਵਿੰਦਰ ਸਿੰਘ ਬੇਦੀ, ਕੌਂਸਲਰ ਹਰਿੰਦਰ ਸਿੰਘ, ਕੌਂਸਲਰ ਸਤਪਾਲ ਸ਼ੌਂਕੀ, ਕੌਂਸਲਰ ਸੁਖਵਿੰਦਰ ਸਿੰਘ ਪੱਖੋਕੇ, ਕੌਂਸਲਰ ਸੁਖਵਿੰਦਰ



ਕੌਰ, ਕੌਂਸਲਰ ਮੁਨੀਸ਼ਾ, ਪਰਵਿੰਦਰ ਸਿੰਘ, ਹਰਜੀਤ ਸਿੰਘ ਠੇਠਰਕੇ, ਬਲਕਾਰ ਸਿੰਘ ਫੌਜੀ, ਡਾ. ਅਸ਼ੋਕ ਸੋਨੀ, ਰਮੇਸ਼ ਬੱਬਰ, ਰਾਜੇਸ਼ ਹਾਂਡਾ, ਮੇਜਰ ਸਿੰਘ ਠੇਠਰਕੇ, ਬੱਬਲੀ ਪੱਡਾ ਕੋਟ, ਰਾਣਾ ਪੱਖੋਕੇ, ਸੁਧੀਰ ਬੇਦੀ, ਡਾ. ਗੁਰਦੇਵ ਸਿੰਘ, ਲਵਪ੍ਰੀਤ ਸਿੰਘ ਪੀਏ, ਦਲਜੀਤ ਸਿੰਘ ਜੋਸ਼, ਜੇਈ ਮਨਪ੍ਰੀਤ ਸਿੰਘ ਬੰਦੇਸ਼ਾ, ਟਹਿਲ ਸਿੰਘ, ਬਲਜਿੰਦਰ ਸਿੰਘ, ਕਾਲਾ ਅਤੇ ਸਿਵਲ ਪ੍ਰਸ਼ਾਸਨ ਅਧਿਕਾਰੀ, ਸਿਹਤ ਵਿਭਾਗ, ਨਗਰ ਕੌਂਸਲ ਅਤੇ ਪੁਲਸ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਵੀ ਹਾਜ਼ਰ ਸਨ।

# ਲੋਕ ਗਾਇਕਾ ਮੋਹਣੀ ਰਸੀਲਾ ਦੇ ਦਿਹਾਂਤ 'ਤੇ ਵੱਖ-ਵੱਖ ਗਾਇਕਾਂ ਵੱਲੋਂ ਦੁੱਖ ਦਾ ਪ੍ਰਗਟਾਵਾ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਪੰਜਾਬੀ ਦੀ ਪ੍ਰਸਿੱਧ ਲੋਕ ਗਾਇਕਾ ਮੋਹਣੀ ਰਸੀਲਾ ਦਾ ਦਿਹਾਂਤ ਹੋ ਗਿਆ। ਮੋਹਣੀ ਰਸੀਲਾ ਦੇ ਪਤੀ ਲੋਕ ਗਾਇਕ ਰਛਪਾਲ ਰਸੀਲਾ ਦੇ ਦੱਸਣ ਮੁਤਾਬਕ ਅੰਤਿਮ ਸੰਸਕਾਰ ਅੱਜ (30 ਮਈ) ਸਵੇਰੇ 10 ਵਜੇ ਕੀਤਾ ਜਾਵੇਗਾ। ਮੋਹਣੀ ਰਸੀਲਾ ਦੇ ਦਿਹਾਂਤ 'ਤੇ ਮਾਝਾ ਲੋਕ ਗਾਇਕ ਯੂਨੀਅਨ ਦੇ ਪ੍ਰਧਾਨ ਹਰਪਾਲ ਠੱਠੇਵਾਲਾ, ਸੁਖਵੰਤ ਚੇਤਨਪੁਰੀ, ਸੁਰਜੀਤ ਭੁੱਲਰ, ਬਲਕਾਰ ਅਣਖੀਲਾ, ਬਬਲੀ ਬਰਾੜ, ਜਗਰੂਪ ਕੰਗ, ਸਰੀਫ ਦਿਲਦਾਰ, ਸੰਮੀ ਖਾਨ, ਸ਼ੇਰਾ ਬੋਹੜਵਾਲੀਆ, ਸੁਮਨ ਭੱਟੀ, ਲਖਵਿੰਦਰ ਕੋਟੀਆ, ਝਿਰਮਲ ਘੁੱਕੇਵਾਲੀ, ਸਿਮਰਨ



ਢਿੱਲੋਂ, ਸਤਵੰਤ ਸਾਜਨ, ਗੁਰਮੀਤ ਪੰਜਾਬੀ, ਜੀਤ ਕੋਟਲੀ, ਕੁਲਦੀਪ ਰੰਧਾਵਾ, ਜਸਬੀਰ ਨਿਮਾਣਾ ਜੱਟ, ਅਮਰਜੀਤ ਢੋਟੀਆਂ, ਨਹਿਰੂ ਕੀਮੇਵਾਲੀਆ, ਸੁਖਦੇਵ ਸਿਤਾਰਾ, ਹੀਰਾ ਹੰਸ, ਬਲਦੇਵ ਰੰਧਾਵਾ, ਲਲਿਤ ਮਹਿਤਾ, ਸੁਰਿੰਦਰ ਫਰਿਸ਼ਤਾ ਉਰਫ ਘੁੱਲੇ ਸ਼ਾਹ, ਨਿਰਮਲ ਬੋਬਾਂ ਵਾਲਾ, ਅਮਰਜੀਤ ਰਿਖੀਆ, ਕੁਲਵਿੰਦਰ ਸਾਹੀ, ਮਿੰਨੀ ਚਮਕੀਲਾ, ਪਰਿੰਦਾ ਬਰਵਾਲਾ, ਕੁਲਦੀਪ ਗਿੱਲ, ਸੰਗੀਤਕਾਰ ਪ੍ਰਗਟ ਸਿੰਘ, ਪ੍ਰੇਮ ਸਿੰਘਪੁਰੀਆ, ਜੋਗਿੰਦਰ ਸਿੰਘਪੁਰੀਆ, ਲਵੀ ਮਾਨ-ਰੋਜ਼ੀ ਮਾਨ, ਮੱਖਣ ਭੈਣੀ ਵਾਲਾ ਤੋਂ ਇਲਾਵਾ ਲੋਕ ਗਾਇਕ ਨਜ਼ੀਰ ਮੁਹੰਮਦ, ਦਿਲਬਾਗ ਸਿੰਘ ਹੁੰਦਲ, ਅਮਨ ਫੁੱਲਾਂ ਵਾਲ, ਕਾਕਾ ਫੂਲ ਵਾਲਾ, ਵੀਰੂ ਰੁਮਾਣਾ, ਜਸਵੰਤ ਬੋਪਾਰਾਏ, ਜਗਦੇਵ ਸਿੰਘ ਬਰਾੜ, ਅਵਤਾਰ ਭਿੰਡਰ, ਕਿੱਕਰ ਡਾਲੇ ਵਾਲਾ, ਅਨੂਪ ਸਿੱਧੂ, ਸੁੱਖ ਚਮਕੀਲਾ, ਦਲਵਿੰਦਰ ਦਿਆਲਪੁਰੀ, ਸੁਰਿੰਦਰ ਲਾਡੀ, ਤੂੰਬੀ ਮੇਕਰ ਗੁਰਮੀਤ ਬੜੂੰਦੀ, ਜਗਮੋਹਨ ਸੰਧੂ, ਆਤਮਾ ਮੁਕਤਸਰੀ, ਜੀਤੂ ਕੈਰੋਂ ਨੰਗਲ, ਸਰਬਜੀਤ ਯਮਲਾ, ਹਰਨੇਕ ਘਾਰੂ, ਨਿਸਾਨ ਉੱਚੇ ਵਾਲਾ, ਬਿੱਟੂ ਖੰਨੇ ਵਾਲਾ, ਮਨੋਹਰ ਧਾਰੀਵਾਲ, ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਗੁਲਸਨ ਕੋਮਲ, ਹਰਪਾਲ ਕਲੀਪੁਰ, ਜਗਦੇਵ ਖਾਨ, ਭੱਟੀ ਭੜੀ ਵਾਲਾ, ਬਲਬੀਰ ਲਹਿਰਾ, ਭਿੰਦੇ ਸਾਹ ਰਾਜੋਵਾਲੀਆ, ਤਰਲੋਚਨ ਤੋਚੀ, ਪੱਤਰਕਾਰ ਧਰਵਿੰਦਰ ਔਲਖ, ਸੇਵਾ ਸਿੰਘ ਨੌਰਥ, ਗਾਮੀ ਸੰਗਤਪੁਰੀਆ, ਰਵਿੰਦਰ ਰਾਜ, ਸੁਮਨ ਭੱਟੀ, ਸੀਮਾ ਅਨਜਾਣ, ਸਰਬਜੀਤ ਸੰਧੂ, ਜੁਗਰਾਜ ਗਾਜੀ, ਸਮਸੇਰ ਝੱਜ, ਬੂਟਾ ਮੁਹੰਮਦ, ਜਸਵੰਤ ਪੱਪੂ, ਮੁਖਤਿਆਰ ਮਣਕਾ, ਅਮਰੀਕ ਬੱਲ-ਮਨਜੀਤ ਸੋਨੀਆਂ, ਗੁਰਵਿੰਦਰ ਸੇਰ ਗਿੱਲ ਅਤੇ ਗੁਰਪ੍ਰੀਤ ਵਿੱਕੀ ਆਦਿ ਨੇ ਵੀ ਸ਼ੋਕ ਸੰਦੇਸ਼ ਭੇਜ ਕੇ ਦੁਖੀ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕਰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਪੰਜਾਬ ਸਰਕਾਰ ਸੂਬੇ 'ਚੋਂ ਨਸ਼ਾ ਖਤਮ ਕਰਨ ਲਈ ਵਚਨਬੱਧ : ਸ਼ੈਰੀ ਕਲਸੀ

ਬਟਾਲਾ (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਿਆਂ ਦਾ ਕੋਹੜ ਨੂੰ ਪੰਜਾਬ ਦੇ ਗਲੋਂ ਲਾਹੁਣ ਲਈ ਲਗਾਤਾਰ ਨਸ਼ਾ ਮੁਕਤੀ ਯਾਤਰਾਵਾਂ ਕੀਤੀਆਂ ਜਾ ਰਹੀਆਂ ਹਨ ਜਿਸ ਦੇ ਚੱਲਦਿਆਂ ਉਨ੍ਹਾਂ ਵੱਲੋਂ ਗਾਂਧੀ ਕੈਂਪ ਬਟਾਲਾ, ਲੱਲੀਆਂ ਵਾਲੀ ਗਲੀ ਤੇ ਪ੍ਰੇਮ ਨਗਰ



ਬੋਹੜਾਂਵਾਲ ਵਿਖੇ ਵਾਰਡ ਵਾਸੀਆਂ, ਸਮਾਜ ਸੇਵੀਆਂ ਸਮੇਤ ਆਮ ਲੋਕਾਂ ਨੂੰ ਨਸ਼ਿਆਂ ਵਿਰੁੱਧ ਜੰਗ ਜਿੱਤਣ ਲਈ ਸਮੂਹਿਕ ਹਲਫ ਦਿਵਾਇਆ ਤੇ ਨਸ਼ਿਆਂ ਖਿਲਾਫ ਡਟਣ ਦਾ ਹੋਕਾ ਦਿੱਤਾ।ਇਨ੍ਹਾਂ ਜਨਤਕ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਵਿੱਚ ਸਾਬਕਾ ਸਰਕਾਰਾਂ ਦੀਆਂ ਗਲਤ ਨੀਤੀਆਂ ਦੇ ਮੱਦੇਨਜ਼ਰ ਨਸ਼ਿਆਂ ਦਾ ਛੇਵਾਂ ਦਰਿਆ ਵਗਿਆ, ਪਰ ਰਵਾਇਤੀ ਸਰਕਾਰਾਂ ਚੋਂ ਕਿਸੇ ਸਰਕਾਰ ਨੇ ਵੀ ਚਿੰਤਾ ਨਹੀਂ ਕੀਤੀ, ਜਿਸਦਾ ਸਭ ਤੋਂ ਮਾਰੂ ਅਸਰ ਪੰਜਾਬ ਨੂੰ ਝੱਲਣਾ ਪੈ ਰਿਹਾ ਹੈ।ਉਨ੍ਹਾਂ ਨੇ ਲੋਕਾਂ ਦਾ ਇਸ ਮੁਹਿੰਮ 'ਚ ਉਤਸ਼ਾਹ ਨਾਲ ਸ਼ਮੂਲੀਅਤ ਕੀਤੇ ਜਾਣ ਲਈ ਉਚੇਚਾ ਧੰਨਵਾਦ ਕਰਦਿਆਂ ਕਿਹਾ ਕਿ ਆਪਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਾ ਮੁਕਤ ਰੱਖਣ ਦੀ ਲੜਾਈ ਲੜ ਰਹੇ ਹਾਂ, ਜਿਸ ਦਾ ਸਮਰਥਨ ਕਰਨਾ ਹਰ ਕਿਸੇ ਦਾ ਨੈਤਿਕ ਫਰਜ਼ ਹੈ।

ਇਸ ਮੌਕੇ ਚੇਅਰਮੈਨ ਮਾਨਿਕ ਮਹਿਤਾ, ਡੀਐੱਸਪੀ ਸਿਟੀ ਸੰਜੀਵ ਕੁਮਾਰ, ਮਨਜੀਤ ਸਿੰਘ ਬਮਰਾਹ, ਦਵਿੰਦਰ ਸਿੰਘ, ਵੀਨੂੰ ਕਾਹਲੋਂ, ਲੰਬੜਦਾਰ ਅਮਰੀਕ ਸਿੰਘ, ਅਮਿਤ ਸੋਢੀ, ਸੁਖਦੇਵ ਸਿੰਘ, ਸਤਨਾਮ ਸਿੰਘ, ਤੇਜਿੰਦਰ ਸਿੰਘ ਸ਼ੈਰੀ, ਨੌਜਵਾਨ, ਬਜ਼ੁਰਗ, ਔਰਤਾਂ ਸਮੇਤ ਵਾਰਡ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਸਤਨਾਮ ਮਨਾਵਾਂ ਨੇ ਰਾਸ਼ਟਰਪਤੀ ਤੇ ਰਾਜਪਾਲ ਦੇ ਨਾਂਅ ਸੌਂਪਿਆ ਚੇਤਾਵਨੀ ਪੱਤਰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਤੇ ਹੋਰਨਾਂ ਪੰਥਕ ਮੁੱਦਿਆਂ ਨੂੰ ਹੱਲ ਕਰਵਾਉਣ ਲਈ ਬੀਤੇ ਲਗਭੱਗ ਇਕੱਤੀ ਮਹੀਨਿਆਂ ਤੋਂ ਮੁਹਾਲੀ-ਚੰਡੀਗੜ੍ਹ ਦੀ ਸਰਹੱਦ 'ਤੇ ਵਿੱਢੇ ਸੰਘਰਸ਼ ਪ੍ਰਤੀ ਸੂਬਾ ਤੇ ਕੇਂਦਰ ਸਰਕਾਰ ਦੇ ਗ਼ੈਰ-ਮਨੁੱਖੀ ਰਵੱਈਏ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲਈ ਕੌਮੀ ਇਨਸਾਫ਼ ਮੋਰਚੇ ਦੀ ਤਰਫੋਂ ਹਲਕਾ ਖੇਮਕਰਨ ਤੋਂ ਪੰਥਕ ਆਗੂ ਸਤਨਾਮ ਸਿੰਘ ਮਨਾਵਾਂ ਵੱਲੋਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਨਾਂਅ ਤਹਿਸੀਲਦਾਰ ਭਿੱਖੀਵਿੰਡ ਨੂੰ ਚੇਤਾਵਨੀ ਪੱਤਰ ਸੌਂਪਿਆ ਗਿਆ।ਚੇਤਾਵਨੀ ਪੱਤਰ 'ਚ ਬੰਦੀ ਸਿੰਘਾਂ ਦੀ ਰਿਹਾਈ, ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ ਵਿੱਚ ਸਪੈਸ਼ਲ ਇਨਵੈਸਟੀਗੇਸ਼ਨ ਟੀਮਾਂ ਦੇ ਚਲਾਨ ਪੇਸ਼ ਕਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸਾਰੇ ਧਰਮਾਂ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ, ਸੂਬੇ ਵਿੱਚ ਦਿਨੋਂ-ਦਿਨ ਵਧ ਰਹੇ ਝੂਠੇ ਪੁਲਸ ਮੁਕਾਬਲਿਆਂ 'ਤੇ ਨਕੇਲ ਕੱਸਣ, ਪੁਲਸ ਹਿਰਾਸਤ ਵਿੱਚ ਹੋ ਰਹੀਆਂ ਮੌਤਾਂ ਪ੍ਰਤੀ ਗੰਭੀਰਤਾ ਦਿਖਾਉਣ, ਸੂਬੇ ਵਿੱਚ ਨਸ਼ਿਆਂ ਦੇ ਫੈਲਾਅ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ, ਲੋਕ ਸਭਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ 'ਤੇ ਤੀਜੀ ਵਾਰ ਐੱਨਐੱਸਏ ਲਗਾਉਣ ਆਦਿ ਮੁੱਦਿਆਂ ਵਿੱਚ ਰਾਸ਼ਟਰਪਤੀ ਤੇ ਰਾਜਪਾਲ ਨੂੰ ਦਖ਼ਲ ਦੇਣ ਦੀ ਅਪੀਲ ਕੀਤੀ ਗਈ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਤਨਾਮ ਸਿੰਘ ਮਨਾਵਾਂ



ਨੇ ਦੱਸਿਆ ਕਿ ਚੇਤਾਵਨੀ ਪੱਤਰ 'ਚ ਬੰਦੀ ਸਿੰਘਾਂ ਦੀ ਰਿਹਾਈ, ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਆਦਿ ਪੰਥਕ ਮੁੱਦਿਆਂ ਤੋਂ ਇਲਾਵਾ ਦਿਨੋਂ-ਦਿਨ ਖ਼ਰਾਬ ਹੋ ਰਹੀ ਸੂਬੇ ਦੀ ਅਮਨ ਕਾਨੂੰਨ ਵਿਵਸਥਾ ਪ੍ਰਤੀ ਰਾਸ਼ਟਰਪਤੀ ਤੇ ਰਾਜਪਾਲ ਨੂੰ ਦਖ਼ਲ ਦੇਣ ਦੀ ਅਪੀਲ ਕੀਤੀ ਗਈ ਹੈ।


ਮਨਾਵਾਂ ਨੇ ਦੱਸਿਆ ਕਿ ਪੱਤਰ ਵਿੱਚ ਦੇਸ਼ ਦੀ ਵੰਡ ਤੋਂ ਲੈ ਕੇ ਹੁਣ ਤੱਕ ਪੰਜਾਬ ਦੇ ਹੋਏ ਉਜਾੜੇ ਤੇ ਕਤਲੋਗਾਰਤ ਦੀ ਗੱਲ ਰੱਖਣ ਤੋਂ ਇਲਾਵਾ ਖਨੌਰੀ ਤੇ ਸ਼ੰਭੂ ਮੋਰਚੇ ਨੂੰ ਖ਼ਤਮ ਕਰਵਾਉਣ ਲਈ ਸਰਕਾਰ ਵੱਲੋਂ ਢਾਹੇ ਅੰਨ੍ਹੇ ਤਸ਼ੱਦਦ ਪ੍ਰਤੀ ਵੀ ਰੋਸ ਪ੍ਰਗਟਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਮਾਣਯੋਗ ਰਾਸ਼ਟਰਪਤੀ ਤੇ ਰਾਜਪਾਲ ਨੂੰ ਉਪਰੋਕਤ ਮੁੱਦਿਆਂ 'ਚ ਤੁਰੰਤ ਦਖ਼ਲ ਦੇ ਕੇ ਸਾਰਥਕ ਹੱਲ ਕੱਢਣ ਦੀ ਅਪੀਲ ਕੀਤੀ ਗਈ ਹੈ।

# ਮੋਬਾਇਲ ਟਾਵਰ ਨੂੰ ਅੱਗ ਲੱਗਣ ਕਾਰਨ ਦਰਜਨਾਂ ਪੰਛੀ ਸੜੇ

ਮਜੀਠਾ (ਸੋਇਮ ਆਨੰਦ)-ਪਿੰਡ ਸੋਹੀਆਂ ਕਲਾਂ ਵਿਖੇ ਮੋਬਾਇਲ ਟਾਵਰ ਨੂੰ ਅੱਗ ਲੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਸਮਾਜ ਸੇਵਕ ਪ੍ਰਗਟ ਸਿੰਘ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਕਰੀਬ ਅੱਧੀ ਰਾਤ ਪਿੰਡ ਵਿਚ ਲੱਗੇ ਜੀਓ ਕੰਪਨੀ ਦੇ ਮੋਬਾਇਲ ਟਾਵਰ ਨੂੰ ਇਹ ਅੱਗ ਲੱਗੀ। ਅੱਗ ਲੱਗਣ ਨਾਲ ਦਰਜਨਾਂ ਪੰਛੀ ਸੜ ਕੇ ਸੁਆਹ ਹੋ ਗਏ ਅਤੇ ਕਈ ਗੰਭੀਰ ਜ਼ਖਮੀ ਹਾਲਤ ਵਿਚ ਜ਼ਮੀਨ 'ਤੇ ਡਿੱਗ ਪਏ। ਪ੍ਰਗਟ ਸਿੰਘ ਦੇ ਦੱਸਣ ਅਨੁਸਾਰ ਜ਼ਖਮੀ ਹਾਲਤ ਵਿਚ ਤੜਫ ਰਹੇ ਪੰਛੀਆਂ ਨੂੰ ਅੱਗ ਵਾਲੀ ਜਗ੍ਹਾ ਤੋਂ ਸੁਰੱਖਿਅਤ ਥਾਂ 'ਤੇ ਲਿਜਾ ਕੇ ਬਚਾਉਣ ਵਾਸਤੇ ਯਤਨ ਸ਼ੁਰੂ ਕਰ ਦਿੱਤੇ। ਇਸ ਮੌਕੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫਤਰ ਵੀ ਫੋਨ ਕੀਤਾ। ਉਥੇ ਡਿਊਟੀ 'ਤੇ ਮੌਜੂਦ ਕਰਮਚਾਰੀ ਨੇ ਪੱਲਾ ਝਾੜਦਿਆਂ ਕਿਹਾ ਕਿ ਅਸੀਂ ਕੁਝ ਨਹੀਂ ਕਰ ਸਕਦੇ, ਤੁਸੀਂ ਫਾਇਰ ਬ੍ਰਿਗੇਡ ਵਾਲਿਆਂ ਨਾਲ ਸੰਪਰਕ ਕਰੋ। ਪੁਲਸ ਕੰਟਰੋਲ ਨੰਬਰ 'ਤੇ ਵੀ ਫੋਨ ਕੀਤਾ ਪਰ ਉਸ ਵਕਤ ਉਨ੍ਹਾਂ ਨੇ ਵੀ ਆਪਣਾ ਪੱਲਾ ਝਾੜ ਲਿਆ। ਅਨੇਕਾਂ ਕੋਸ਼ਿਸ਼ਾਂ ਦੇ ਬਾਜਵੂਦ ਕਿਸੇ ਵੀ ਅਧਿਕਾਰੀ/ਕਰਮਚਾਰੀ ਨੇ ਪੰਛੀਆਂ ਨੂੰ ਬਚਾਉਣ ਵਿਚ ਸਾਥ ਨਹੀਂ ਦਿੱਤਾ ਨਹੀਂ ਤਾਂ ਅਨੇਕਾਂ ਹੋਰ ਪੰਛੀ ਵੀ ਬਚਾਏ ਜਾ ਸਕਦੇ ਸਨ। ਪ੍ਰਗਟ ਸਿੰਘ ਆਪਣੇ ਸਾਥੀਆਂ ਸਮੇਤ ਇਨ੍ਹਾਂ ਪੰਛੀਆਂ ਨੂੰ ਬਚਾਉਣ ਵਾਸਤੇ ਉਪਰਾਲੇ ਕਰ ਰਿਹਾ ਹੈ। ਅੱਗ ਲੱਗਣ ਦੇ ਕਾਰਣਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ।

# ਪਾਵਰਕਾਮ ਦੀ ਮੈਨੇਜਮੈਂਟ ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾ ਰਹੀ ਹੈ: ਉਦੀਪੁਰ


**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਿਜਲੀ ਕਾਮਿਆਂ ਦੀ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਗੁਰਦਾਸਪੁਰ ਦੇ ਪ੍ਰਧਾਨ ਅਤੇ ਪੰਜਾਬ ਦੇ ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਨੇ ਇਕ ਲਿਖਤੀ ਬਿਆਨ ਰਾਹੀਂ ਦੱਸਿਆ ਕਿ ਪਾਵਰਕਾਮ ਦੀ ਮੈਨੇਜਮੈਂਟ ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾ ਰਹੀ ਹੈ ਅਤੇ ਫੀਲਡ ਵਿੱਚ ਕਰਮਚਾਰੀਆਂ ਨੂੰ ਅਧਿਕਾਰੀਆਂ ਵੱਲੋਂ 12, 12 ਘੰਟੇ ਕੰਮ ਕਰਨ ਨੂੰ ਮਜਬੂਰ ਕੀਤਾ ਜਾ ਰਿਹਾ ਹੈ। ਫੀਲਡ ਵਿੱਚ



ਕਰਮਚਾਰੀਆਂ ਦੀ ਗਿਣਤੀ ਨਾ ਦੇ ਬਰਾਬਰ ਹੈ ਅਤੇ ਫੀਡਰਾਂ ਤੇ ਇਕ ਦੋ ਕਰਮਚਾਰੀ ਹੀ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਗਰਮੀ ਦਾ ਸੀਜ਼ਨ ਸ਼ੁਰੂ ਹੋਣ ਕਰਕੇ ਬਿਜਲੀ ਦੀ ਸਪਲਾਈ ਬਹਾਲ ਰੱਖਣ ਲਈ ਦਿਨ ਰਾਤ ਕੰਮ ਕਰਨਾ ਪੈ ਰਿਹਾ ਹੈ। ਇਸ ਕਰਕੇ ਬਿਜਲੀ ਕਰਮਚਾਰੀ ਕੰਮ ਦੇ ਬੋਝ ਨਾਲ ਨਪੀੜੇ ਜਾ ਰਹੇ ਹਨ ਅਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨੀ ਦੀ ਹਾਲਤ ਵਿੱਚ ਕੰਮ ਕਰ ਰਹੇ ਹਨ। ਇਸ ਕਾਰਨ ਪਿਛਲੇ ਦਿਨੀਂ ਅਨੇਕਾਂ ਕਰਮਚਾਰੀ ਬਿਜਲੀ ਬਹਾਲ ਕਰਦੇ ਸਮੇਂ ਮੌਤ ਦੇ ਮੂੰਹ ਵਿੱਚ ਚਲੇ ਗਏ ਹਨ ਅਤੇ ਕਈ ਜ਼ਿੰਦਗੀ ਮੌਤ ਦੀ ਲੜਾਈ ਹਸਪਤਾਲਾਂ ਵਿੱਚ ਲੜ ਰਹੇ ਹਨ। ਮੁਲਾਜ਼ਮ ਆਗੂ ਸਾਥੀ ਉਦੀਪੁਰ ਨੇ ਪਾਵਰਕਾਮ ਦੀ ਮੈਨੇਜਮੈਂਟ ਕੋਲੋਂ ਮੰਗ ਕੀਤੀ ਹੈ ਕਿ ਮਹਿਕਮੇ ਅੰਦਰ ਤੁਰੰਤ ਪੱਕੀ ਭਰਤੀ ਕੀਤੀ ਜਾਵੇ ਅਤੇ ਕਰਮਚਾਰੀਆਂ ਦੀ ਸੁਰੱਖਿਆ ਅਤੇ ਸੇਫਟੀ ਮੁਹੱਈਆ ਕਰਵਾਈ ਜਾਵੇ ਤਾਂ ਜੋ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਬਹਾਲ ਰੱਖੀ ਜਾ ਸਕੇ।ਮੁਲਾਜ਼ਮ ਆਗੂ ਨੇ ਬਿਜਲੀ ਕਾਮਿਆਂ ਨੂੰ ਅਪੀਲ ਕੀਤੀ ਹੈ ਕਿ ਕੰਮ ਕਰਦੇ ਸਮੇਂ ਮਹਿਕਮੇ ਦੇ ਨਿਯਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੰਮ ਕੀਤਾ ਜਾਵੇ।

# ਮਜ਼ਦੂਰ ਮੁਕਤੀ ਮੋਰਚਾ ਨੇ ਬੀ ਡੀ ਪੀ ਓ ਦਫਤਰ ਅੱਗੇ ਦਿੱਤਾ ਧਰਨਾ

ਬਟਾਲਾ (ਤਰਲੋਕ ਬੱਗਾ)-ਮਜ਼ਦੂਰ ਮੁਕਤੀ ਮੋਰਚਾ ਨੇ ਮਨਰੇਗਾ ਤਹਿਤ ਲੋੜਵੰਦ ਪਰਿਵਾਰਾਂ ਨੂੰ ਰੁਜ਼ਗਾਰ ਦੇਣ ਦੀ ਮੰਗ ਨੂੰ ਲੈ ਕੇ ਬੀਡੀਪੀਓ ਦਫਤਰ ਫਤਿਹਗੜ੍ਹ ਚੂੜੀਆਂ ਵਿਖੇ ਧਰਨਾ ਦਿੱਤਾ।



ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਦਲਬੀਰ ਭੋਲਾ, ਰਮਨਪ੍ਰੀਤ ਪਿੰਡੀ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਭਗਵੰਤ ਮਾਨ ਸਰਕਾਰ ਉੱਪਰ ਦੋਸ਼ ਲਾਇਆ ਕਿ ਪਿੰਡਾਂ ਦੇ ਬੇਰੁਜ਼ਗਾਰ ਮਜ਼ਦੂਰਾਂ ਦਾ ਇੱਕੋ ਇੱਕ ਮਨਰੇਗਾ ਰੁਜ਼ਗਾਰ ਦਰੁਸਤੀ ਨਾਲ ਲਾਗੂ ਨਹੀਂ ਹੋ ਰਿਹਾ।

ਜ਼ਿਆਦਾਤਰ ਸਰਪੰਚ, ਸੱਤਾਧਾਰੀਆਂ ਦੇ ਲਠੈਤ ਅਤੇ ਬਲਾਕ ਅਧਿਕਾਰੀ ਆਪਸੀ ਮਿਲੀਭੁਗਤ ਨਾਲ ਵੱਡੇ ਪੱਧਰ 'ਤੇ ਘਪਲੇ ਕਰ ਰਹੇ ਹਨ।

ਆਗੂਆਂ ਨੇ ਅਜਿਹੇ ਘਪਲਿਆਂ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਪ੍ਰਸ਼ਾਸਨ ਮਨਰੇਗਾ 'ਚ ਫੈਲੇ ਭਰਿਸ਼ਟਾਚਾਰ ਨੂੰ ਕੰਟਰੋਲ ਕਰੇ, ਮਨਰੇਗਾ ਦਾ ਰਾਜਸੀਕਰਨ ਬੰਦ ਕੀਤਾ ਜਾਵੇ, ਮਜ਼ਦੂਰਾਂ ਵੱਲੋਂ ਕੀਤੇ ਕੰਮ ਦਾ ਬਕਾਇਆ ਅਦਾ ਕੀਤਾ ਜਾਵੇ, ਮਨਰੇਗਾ ਦਾ ਰੁਜ਼ਗਾਰ 100 ਦਿਨ ਤੋਂ ਵਧਾਇਆ ਜਾਵੇ। ਪਰ ਅਫਸੋਸ ਕਿ ਮਜ਼ਦੂਰਾਂ ਨੂੰ ਤਾਂ 100 ਦਿਨ ਦਾ ਵੀ ਰੁਜ਼ਗਾਰ ਨਹੀਂ ਮਿਲ ਰਿਹਾ। ਮੁਸ਼ਕਿਲ ਨਾਲ ਪੰਜਾਬ ਵਿੱਚ 10 ਫੀਸਦੀ ਲੋਕਾਂ ਨੂੰ ਹੀ ਮਨਰੇਗਾ ਰੁਜ਼ਗਾਰ ਮਿਲ ਰਿਹਾ। ਇਸ ਸਮੇਂ ਸੁਖਵਿੰਦਰ ਕੌਰ, ਰਜਵੰਤ ਕੌਰ, ਸਤਨਾਮ ਸਿੰਘ ਪਿੰਡੀ, ਬਚਨ ਸਿੰਘ ਤੇਜਾ ਵੀ ਹਾਜ਼ਰ ਸਨ।

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਦਿਪੇਸ਼ ਅਰੋੜਾ ਵੱਲੋਂ ਵਿਸ਼ੇਸ਼ ਸਪਲੀਮੈਂਟ





## ਧੰਨਵਾਦ

ਉਨਾਂ ਸੱਜਣਾ ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਹ ਸਪਲੀਮੈਂਟ ਕੱਢਣ ਵਿੱਚ ਭਰਪੂਰ ਸਹਿਯੋਗ ਦਿੱਤਾ ਤੇ ਆਸ ਕਰਦਾ ਹਾਂ ਕਿ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ



ਦਿਪੇਸ਼ ਅਰੋੜਾ ਪੱਤਰਕਾਰ ਨਵਾਂ ਜ਼ਮਾਨਾ
**99883-07711**

## ਫਗਵਾੜਾ ਪੱਤਰਕਾਰ ਸੰਗਠਨ ਦੀ ਮਹੀਨਾਵਾਰ ਮੀਟਿੰਗ



**ਫਗਵਾੜਾ (ਕਮਲ ਰਾਏ)** ਫਗਵਾੜਾ ਪੱਤਰਕਾਰ ਸੰਗਠਨ ਰਜਿ. ਫਗਵਾੜਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਡਾ. ਰਮਨ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੁਸ਼ੀਲ ਸ਼ਰਮਾ, ਕੁਲਦੀਪ ਸਿੰਘ ਨੂਰ , ਮੋਹਿਤ ਸ਼ਰਮਾ, ਜੀਵਨ ਸੰਘਾ, ਡਾ. ਜਸਵੰਤ ਸਿੰਘ ਗਿੱਲ, ਪ੍ਰਵੀਨ ਕਨੋਜੀਆ , ਕਮਲਦੀਪ ਸਿੰਘ, ਅਜੇ ਕੋਛੜ, ਐਡਵੋਕੇਟ ਧੰਨਦੀਪ ਕੌਰ, ਨਰਿੰਦਰਪਾਲ ਸਿੰਘ ਮਾਹੀ, ਦਵਿੰਦਰ ਸ਼ਰਮਾ ਆਦਿ ਮੌਜੂਦ ਸਨ। ਮੀਟਿੰਗ 'ਚ ਮੌਜੂਦ ਸਮੂਹ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਡਾ. ਰਮਨ ਨੇ ਕਿਹਾ ਕਿ ਹਰ ਪੱਤਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸਮਾਜ ਅੰਦਰ ਫੈਲੀਆ ਕੁਰੀਤੀਆਂ ਨੂੰ ਦੂਰ ਕਰਨ 'ਚ ਅਪਣੀ ਸਾਫ਼ ਸੁਥਰੀ ਸਭੀ ਦਾ ਲੋਹਾ ਮਨਵਾਵੇ। ਉਨ੍ਹਾਂ ਕਿਹਾ ਸੰਗਠਨ ਜਲਦ ਹੀ ਵੱਖ ਵੱਖ ਸਮਾਜ ਸੇਵੀ ਪ੍ਰੋਜੈਕਟ ਕਰੇਗੀ।



ਮੰਦਰ ਠਾਕੁਰ ਦੁਆਰਾ ਕਾਲਾ ਸੰਘਿਆਂ ਵਿਖੇ ਪਿੰਡ ਦੀਆਂ ਔਰਤਾਂ ਵੱਲੋਂ ਠੰਡੇ ਮਿੱਠੇ ਜਲ ਜ਼ੀਰੇ ਦੀ ਛਬੀਲ ਲਗਾਈ ਗਈ। ਇਸ ਮੌਕੇ ਆਉਣ-ਜਾਣ ਵਾਲਿਆ ਨੇ ਠੰਡੇ ਮਿੱਠੇ ਜਲ ਦੀ ਛਬੀਲ ਦਾ ਆਨੰਦ ਮਾਣਿਆ। (ਤਸਵੀਰ ਤੇ ਵੇਰਵਾ : ਮਨਜੀਤ ਮਾਨ)

## ਨਸ਼ਾ ਤਸਕਰਾਂ ਲਈ ਪੰਜਾਬ 'ਚ ਕੋਈ ਜਗ੍ਹਾ ਨਹੀਂ : ਮੋਹਿੰਦਰ ਭਗਤ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਸਰਕਾਰ ਨੇ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਲੜਾਈ ਤੇਜ਼ ਕਰ ਦਿੱਤੀ ਹੈ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਲਈ ਪੰਜਾਬ 'ਚ ਹੁਣ ਕੋਈ ਥਾਂ ਨਹੀਂ ਹੈ ਅਤੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਕਿਸੇ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਲੋਕ ਸੂਬਾ ਸਰਕਾਰ ਦੀ ਇਸ ਮੁਹਿੰਮ ਨਾਲ ਜੁੜ ਰਹੇ ਹਨ ਅਤੇ ਨਸ਼ਿਆਂ ਖਿਲਾਫ਼ ਲੜਾਈ ਵਿੱਚ ਯੋਗਦਾਨ ਪਾਉਣ ਦਾ ਪ੍ਰਣ ਲੈ ਰਹੇ ਹਨ।ਕੈਬਨਿਟ ਮੰਤਰੀ ਨੇ ਲੋਕਾਂ ਨੂੰ ਨਸ਼ਿਆਂ ਖਿਲਾਫ਼ ਇਕਜੁੱਟਤਾ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਹਰੇਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ।



## ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਵੱਲੋਂ ਗਰਮੀ ਦੇ ਮੌਸਮ 'ਚ ਬੱਚਿਆਂ ਦੀ ਸਿਹਤ ਨੂੰ ਲੈ ਕੇ ਸੈਮੀਨਾਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਵਿੱਚ ਗਰਮੀ ਦੇ ਮੌਸਮ ਦੌਰਾਨ ਬੱਚਿਆਂ ਦੀ ਸੁਰੱਖਿਆ ਅਤੇ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਰ ਕੇਅਰ ਵਿਸ਼ੇ ਉੱਤੇ ਇੱਕ ਸੇਮੀਨਾਰ ਦਾ ਆਯੋਜਨ ਕੀਤਾ ਗਿਆ। ਇਹ ਸੈਮੀਨਾਰ ਸਕੂਲ ਦੀ ਪ੍ਰਿੰਸਿਪਲ ਰਸ਼ਮੀ ਸ਼ਰਮਾ ਦੀ ਅਗਵਾਈ ਹੇਠ ਹੋਇਆ ਜਿਸ ਵਿੱਚ ਦੂਜੀ ਤੋਂ ਚੌਥੀ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਨਰਸਿੰਗ ਕਾਲਜ ਤੋਂ ਪ੍ਰੋਫੈਸਰ ਰਾਜ ਕਿਰਣ ਨੇ ਵਿਦਿਆਰਥੀਆਂ ਨੂੰ ਹੀਟ ਸਟ੍ਰੋਕ ਦੇ ਖ਼ਤਰੇ ਅਤੇ ਉਸ ਤੋਂ ਬਚਾਅ ਦੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਵੱਧ ਪਸੀਨਾ ਆਉਣਾ, ਧੜਕਣ ਤੇਜ਼ ਹੋਣਾ, ਮਤਲੀ, ਉਲਟੀ ਆਉਣਾ ਅਤੇ ਚਮੜੀ ਉੱਤੇ ਰੈਸ਼ ਆਉਣਾ ਇਸ ਦੇ ਮੁੱਖ ਲੱਛਣ ਹਨ। ਬਚਾਅ ਲਈ ਉਨ੍ਹਾਂ ਨੇ ਬੱਚਿਆਂ ਨੂੰ ਗੀਲੇ ਕਪੜੇ ਨਾਲ ਸਰੀਰ ਪੂੰਝਣ, ਵਾਧੂ ਪਾਣੀ ਪੀਣ, ਹਲਕਾ ਭੋਜਨ ਲੈਣ, ਢਿੱਲੇ ਕਪੜੇ ਪਾਉਣ ਅਤੇ ਖਾਲੀ ਪੇਟ ਨਾ ਰਹਿਣ ਦੀ ਸਲਾਹ ਦਿੱਤੀ। ਇਸ ਮੌਕੇ ਪ੍ਰਿੰਸਿਪਲ ਰਸ਼ਮੀ ਸ਼ਰਮਾ ਨੇ ਪ੍ਰੋ ਰਾਜ ਕਿਰਣ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਤਰ੍ਹਾਂ ਦੇ ਲਾਭਕਾਰੀ ਸੈਮੀਨਾਰ ਆਉਣ ਵਾਲੇ ਸਮੇਂ ਵਿੱਚ ਵੀ ਕਰਵਾਏ ਜਾਣਗੇ।

## ਪੀ ਟੀ ਐੱਮ ਆਰੀਆ ਕਾਲਜ 'ਚ ਇਨਾਮ ਵੰਡ ਸਮਾਰੋਹ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸਥਾਨਕ ਪੀ ਟੀ ਐੱਮ ਆਰੀਆ ਕਾਲਜ ਭੰਡਾਲਾ ਰੋਡ ਨੂਰਮਹਿਲ ਵਿਖੇ ਯੂਨੀਵਰਸਿਟੀ ਵਲੋਂ ਐਲਾਨੇ ਨਤੀਜਿਆਂ ਵਿੱਚੋਂ ਸ਼ਾਨਦਾਰ ਉਚਾਈਆਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਕਾਲਜ ਕਮੇਟੀ ਦੇ ਪ੍ਰਧਾਨ ਓਮ ਪ੍ਰਕਾਸ਼ ਕੁੰਦੀ ਅਤੇ ਮਾਨਯੋਗ ਸਵਾਮੀ ਗਿਰਿਧਰਾ ਨੰਦ ਇੰਜੀਨੀਅਰ ਇੰਦਰਜੀਤ ਜ਼ੋਸ਼ੀ, ਨੱਥੂ ਰਾਮ ਸ਼ਰਮਾ, ਵਕੀਲ ਰਾਕੇਸ਼ ਮਰਵਾਹਾ ਅਤੇ ਸ਼੍ਰੀਮਤੀ ਪ੍ਰੋ. ਨੀਲਮ ਪ੍ਰਭਾ ਧੀਮਾਨ ਅਤੇ ਵਕੀਲ ਸ਼੍ਰੀਮਤੀ ਰੇਣੁਕਾ ਮਰਵਾਹਾ ਹਾਜ਼ਰ ਸਨ।ਕਾਲਜ ਦੇ ਡਾਇਰੈਕਟਰ ਪ੍ਰੋ. ਆਰ.ਕੇ ਜੈਨ ਨੇ ਦੱਸਿਆ ਕਿ ਇਸ ਵਾਰ ਕਾਲਜ ਦੀਆਂ ਸੱਤ ਕਲਾਸਾਂ ਦਾ ਨਤੀਜਾ 100% ਰਿਹਾ, ਜਿਸ ਵਿੱਚ ਦਸਵੀਂ ਬਾਰ੍ਹਵੀਂ ਕਾਮਰਸ, ਆਰਟਸ, ਬੀ. ਕਾਮ ਰੈਗੂਲਰ ਪਹਿਲਾ ਸਮੈਸਟਰ, ਬੀ ਕਾਮ ਟੈਕਸ ਪਲਾਨਿੰਗ ਪਹਿਲਾ ਸਮੈਸਟਰ, ਬੀ ਕਾਮ ਤੀਜਾ ਸਮੈਸਟਰ, ਬੀ ਕਾਮ ਪੰਜਵਾਂ ਸਮੈਸਟਰ ਇਨ੍ਹਾਂ ਸਾਰੀਆ ਕਲਾਸਾਂ ਦੇ ਨਤੀਜੇ 100% ਰਹੇ। ਵਿਦਿਆਰਥੀ ਜਿਨ੍ਹਾਂ 60% ਤੋਂ ਵੱਧ ਅੰਕ ਹਾਸਲ ਕੀਤੇ ਉਨ੍ਹਾਂ ਨੂੰ ਮਾਪਿਆਂ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰੋ. ਪਵਨਦੀਪ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ ਅਤੇ ਹੋਰ ਸਾਰੇ ਸਟਾਫ਼ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਸਫਲ ਹੋਇਆ।

## 'ਸ੍ਰੀ ਸ਼ਾਂਤੀ ਗਿਰੀ ਜੀ ਸੈਰਗਾਹ ਮਾਰਗ' ਦਾ ਮਹਾਂ-ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਨੇ ਰੱਖਿਆ ਨੀਂਹ ਪੱਥਰ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** ਸ਼ਾਹਜਹਾਨਪੁਰ ਸੜਕ 'ਤੇ ਪੈਂਦੇ 'ਸਲਾਨੀ ਮਾਤਾ ਮੰਦਰ ਲੋਹੀਆਂ ਖਾਸ' ਨੇੜੇ ਸ਼ਹਿਰ ਦੇ ਇਕਲੌਤੇ 'ਸ੍ਰੀ ਸ਼ਾਂਤੀ ਗਿਰੀ ਜੀ ਸੈਰਗਾਹ ਮਾਰਗ' 'ਤੇ ਰਾਹਗੀਰਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਧਿਆਨ 'ਚ ਰੱਖਦਿਆਂ ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਦੇ ਗੱਦੀਨਸ਼ੀਨ ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਮਹਾਰਾਜ ਨੇ ਸੈਰਗਾਹ ਲਈ ਪੰਜ ਫੁੱਟ ਦਾ ਹੋਰ ਰਸਤਾ ਦੇ ਕੇ ਸੈਰਗਾਹ ਬਣਾਉਣ ਲਈ ਨੀਂਹ ਪੱਥਰ ਰੱਖਿਆ ਹੈ।ਇਸ ਮੌਕੇ ਗੁਰੂ ਜੀ ਨੇ ਸ਼੍ਰੀ ਸ਼ਾਂਤੀ ਗਿਰੀ ਸੈਰਗਾਹ ਮਾਰਗ 'ਤੇ ਬੂਟਾ ਲਗਾਇਆ ਤੇ ਸਮੂਹ ਨਗਰ ਨਿਵਾਸੀਆਂ ਨੂੰ ਵੀ ਵਾਤਾਵਰਨ ਸੰਬੰਧੀ ਵੀ ਸਨੇਹਾ ਦਿੱਤਾ ਕਿ ਹਰ ਇੱਕ ਨੂੰ ਦਰਖਤ ਜ਼ਰੂਰ ਲਗਾਉਣਾ ਚਾਹੀਦਾ ਹੈ।ਜਾਣਕਾਰੀ ਦਿੰਦਿਆਂ ਸੇਵਾਦਾਰ ਰੁਪੇਸ਼ ਸੱਦੀ ਤੇ ਪਵਨ ਕੁਮਾਰ ਗਾਂਧੀ ਨੇ ਦੱਸਿਆ ਕਿ ਸੜਕ ਦੇ ਨਾਲ-ਨਾਲ ਬਣਾਏ ਜਾ ਰਹੇ 'ਕਰੀਬ ਕਿਲੋਮੀਟਰ' ਲੰਬੇ ਵਿਸ਼ੇਸ਼ ਸੈਰਗਾਹ ਨੂੰ ਵਧੀਆ ਤਰੀਕੇ ਨਾਲ ਪੱਕਾ ਕੀਤਾ ਜਾਵੇਗਾ ਅਤੇ ਫੁੱਲ ਬੂਟਿਆਂ ਨਾਲ ਸਜਾਇਆ ਜਾਵੇਗਾ।ਇਸ ਮੌਕੇ ਇੰਦਰਜੀਤ ਬਬਲਾ ਨੇ ਸੜਕ ਦੇ ਨਿਰਮਾਣ ਲਈ 20 ਬੋਰੇ ਸੀਮਿੰਟ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਪੰਡਿਤ ਵਿਸ਼ਨੂੰ, ਪੰਡਿਤ ਧਰਮਰਾਜ, ਗਊਸ਼ਾਲਾ ਕਮੇਟੀ ਦੇ ਪ੍ਰਧਾਨ ਪਵਨ ਕੁਮਾਰ ਗਾਂਧੀ, ਸਾਬਕਾ ਪ੍ਰਧਾਨ ਸੰਜੀਵ ਕੁਮਾਰ ਰਿੰਕੂ ਕੰਡਾ, ਰੁਪੇਸ਼ ਸੱਦੀ ਪੰਚਾਇਤ ਅਫ਼ਸਰ, ਅਵਤਾਰ ਸਿੰਘ ਚੰਦੀ ਪ੍ਰਧਾਨ ਵਪਾਰ ਮੰਡਲ ਲੋਹੀਆਂ, ਜਗਜੀਤ ਸਿੰਘ ਪ੍ਰਧਾਨ, ਕੁਲਵੰਤ ਸਿੰਘ ਚੰਦੀ, ਅਸ਼ਵਨੀ ਕੁਮਾਰ, ਮੋਹਿਤ ਗੋਇਲ, ਨਵੀਨ ਕੁਮਾਰ, ਅਸ਼ਵਨੀ ਕੁਮਾਰ, ਮੋਹਿਤ ਗੋਇਲ, ਨਵੀਨ ਕੁਮਾਰ, ਅਸ਼ਵਨੀ ਕੰਡਾ, ਪਿਆਰੇ ਲਾਲ ਵਰਮਾਂ, ਬੌਬੀ ਕੰਡਾ, ਸੰਤੋਖ ਸਿੰਘ ਸਾਊਂਡ ਵਾਲੇ, ਲਵਲੀਨ ਕਾਲੀਆ, ਅਰਜੂ ਅਰੋੜਾ, ਰਾਜ ਸਿੰਘ, ਦਰਸ਼ਨ ਕੁਮਾਰ ਸੱਦੀ ਸਮੇਤ ਹੋਰ ਸ਼ਹਿਰ ਵਾਸੀ ਹਾਜ਼ਰ ਸਨ।







## 31 ਮਾਰਚ, 2025 ਨੂੰ ਖਤਮ ਹੋਈ ਤਿਮਾਹੀ ਅਤੇ ਸਾਲ ਲਈ ਸਟੈਂਡਲੋਨ ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ

(ਰੁਪਏ ਲੱਖਾਂ 'ਚ ਸਿਵਾਏ ਈ ਪੀ ਐੱਸ ਡਾਟਾ)

| ਲੜੀ ਨੰ. | ਵੇਰਵੇ | ਤਿਮਾਹੀ ਖਤਮ | ਤਿਮਾਹੀ ਖਤਮ | ਤਿਮਾਹੀ ਖਤਮ | ਸਾਲ ਖਤਮ | ਸਾਲ ਖਤਮ |
|---|---|---|---|---|---|---|
| | | 31.03.2025 | 31.03.2024 | 31.12.2024 | 31.03.2025 | 31.03.2024 |
| | | (ਪੜਤਾਲੇ) | (ਪੜਤਾਲੇ) | (ਅਣ-ਪੜਤਾਲੇ) | (ਪੜਤਾਲੇ) | (ਪੜਤਾਲੇ) |
| 1. | ਕਾਰੋਬਾਰਾਂ ਤੋਂ ਕੁੱਲ ਆਮਦਨ (ਸ਼ੁੱਧ) | 36769.07 | 38352.84 | 39529.73 | 149525.58 | 135562.84 |
| 2. | ਮਿਆਦ ਲਈ ਸ਼ੁੱਧ ਲਾਭ (ਟੈਕਸ ਤੋਂ ਪਹਿਲਾਂ, ਖਾਸ ਅਤੇ/ਜਾਂ ਅਸਧਾਰਨ ਆਈਟਮਾਂ) | 3171.40 | 3096.25 | 3870.37 | 13636.81 | 15452.87 |
| 3. | ਟੈਕਸ ਤੋਂ ਪਹਿਲਾਂ ਮਿਆਦ ਲਈ ਸ਼ੁੱਧ ਲਾਭ (ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਤੋਂ ਬਾਅਦ) | 3171.40 | 3096.25 | 3870.37 | 13636.81 | 15452.87 |
| 4. | ਟੈਕਸ ਤੋਂ ਬਾਅਦ ਮਿਆਦ ਲਈ ਸ਼ੁੱਧ ਲਾਭ/ (ਖਾਸ ਅਤੇ/ਜਾਂ ਅਸਧਾਰਨ ਵਸਤੂਆਂ ਤੋਂ ਬਾਅਦ) | 2455.17 | 2324.95 | 2900.59 | 10287.96 | 11563.63 |
| 5. | ਮਿਆਦ ਲਈ ਕੁੱਲ ਵਿਆਪਕ ਆਮਦਨ | | | | | |
| 6. | ਇਕੁਇਟੀ ਸ਼ੇਅਰ ਕੈਪੀਟਲ | 994.52 | 1034.67 | 994.52 | 994.52 | 1034.67 |
| 7. | ਹੋਰ ਇਕੁਇਟੀ | | | | 72292.53 | 70361.96 |
| 8. | ਕਮਾਈ ਪ੍ਰਤੀ ਸ਼ੇਅਰ (ਹਰੇਕ 2/- ਰੁਪਏ ਦੀ) (ਚਾਲੂ ਅਤੇ ਬੰਦ ਕਾਰੋਬਾਰਾਂ ਵਾਸਤੇ)* | | | | | |
| | ਬੇਸਿਕ : | 4.93 | 4.49 | 5.83 | 20.68 | 22.36 |
| | ਡਲਿਊਟਿਡ : | 4.93 | 4.49 | 5.83 | 20.68 | 22.36 |
| | *ਸਾਲਾਨਾ ਨਹੀਂ | | | | | |

ਉਪਰੋਕਤ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਕੋਲ 31.03.2025 ਨੂੰ ਖਤਮ ਹੋਈ ਤਿਮਾਹੀ ਅਤੇ ਸਾਲ ਲਈ ਦਾਖਲ ਸਟੈਂਡਲੋਨ ਪੜਤਾਲੇ ਵਿੱਤੀ ਨਤੀਜਿਆਂ ਦੇ ਬਿਆਨ ਦੇ ਵਿਸਥਾਰਤ ਫਾਰਮੈਟ ਦਾ ਸਾਰ ਹੈ। 31.03.2025 ਨੂੰ ਖਤਮ ਹੋਈ ਤਿਮਾਹੀ ਅਤੇ ਸਾਲ ਦੇ ਸਟੈਂਡਲੋਨ ਪੜਤਾਲੇ ਨਤੀਜਿਆਂ ਦੇ ਫਾਰਮੈਟ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜ ਦੀਆਂ ਵੈੱਬਸਾਈਟਾਂ www.bseindia.com ਅਤੇ www.nseindia.com ਦੇ ਨਾਲ ਕੰਪਨੀ ਦੀ ਵੈੱਬਸਾਈਟ www.clsel.in 'ਤੇ ਵੀ ਉਪਲੱਬਧ ਹੈ।
ਡਾਇਰੈਕਟਰਾਂ ਦੇ ਬੋਰਡ ਨੇ 125% ਫੀਸਦੀ ਦੀ ਦਰ ਨਾਲ ਲਾਭਾਂਸ਼ ਦੀ ਸਿਫਾਰਸ਼ ਕੀਤੀ ਹੈ, ਜੋ ਕਿ ਹਰੇਕ 2/- ਰੁਪਏ ਦੀ ਫੇਸ ਵੈਲਿਊ ਦਾ ਰੁਪਏ 2.50 ਪ੍ਰਤੀ ਇਕੁਇਟੀ ਸ਼ੇਅਰ ਹੈ।

ਸਥਾਨ : ਗੁਰੂਗ੍ਰਾਮ
ਮਿਤੀ : 28.05.2025

ਵਾਸਤੇ ਚਮਨ ਲਾਲ ਸੇਤੀਆ ਐਕਸਪੋਰਟਸ ਲਿਮਟਿਡ
(ਰਜੀਵ ਸੇਤੀਆ)
ਜਾਇੰਟ ਮੈਨੇਜਿੰਗ ਡਾਇਰੈਕਟਰ ਅਤੇ ਸੀ ਐੱਫ ਓ
(ਡੀ ਆਈ ਐੱਨ : 01125921)

FOR FULL FINANCIAL RESULTS, SCAN BELOW:
FOR FURTHER DETAILS, KINDLY VISIT www.clsel.in/wp-content/uploads/2025/05/ARF.pdf

## ਚਮਨ ਲਾਲ ਸੇਤੀਆ ਐਕਸਪੋਰਟਸ ਲਿਮਟਿਡ

(ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਟਾਰ ਐਕਸਪੋਰਟ ਹਾਊਸ) ਸੀ ਆਈ ਐੱਨ : ਐੱਲ 51909 ਪੀ ਬੀ 1994 ਪੀ ਐੱਲ ਸੀ 015083

Maharani Basmati Rice | Zafar | Green World | Mithas Reserve Basmati Rice | Roopalee | Begum

Regd. Office: Meerankot Road, P.O. Central Jail, Ajnala Road, AMRITSAR-143002 (INDIA)
Corpt. Office: 472, Udyog Vihar Phase 3, Gurugram RICE MILLS: Karnal - Kaithal Road| Gujarat - Gandhidham
Ph: +91 124 4745900 E-mail: clsetia@rediffmail.com Website: www.clsel.in, www.maharanirice.in